ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 76
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 19 March, 2026) ਵੀਰਵਾਰ, 19 ਮਾਰਚ, 2026, 6 ਚੇਤ (ਮੱਸਿਆ), ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਅਦਾਰਾ
ਚੜ੍ਹਦੀਕਲਾ
ਵੱਲੋਂ
ਸ੍ਰੀ ਗੁਰੂ ਅਮਰਦਾਸ ਜੀ ਦੇ
ਗੁਰਤਾਗੱਦੀ ਦਿਵਸ ਦੀਆਂ
ਲੱਖ-ਲੱਖ ਵਧਾਈਆਂ




## ਪ੍ਰਧਾਨ ਮੰਤਰੀ ਵੱਲੋਂ ਰਾਜ ਸਭਾ ਮੈਂਬਰਾਂ ਨੂੰ ਵਿਦਾਇਗੀ

# ਸਿਆਸਤ 'ਚ ਕਦੇ 'ਪੂਰਨ ਵਿਰਾਮ' ਨਹੀਂ ਹੁੰਦਾ: ਮੋਦੀ

**ਚੜ੍ਹਦੀਕਲਾ ਬਿਊਰੋ**



ਨਵੀਂ ਦਿੱਲੀ, 18 ਮਾਰਚ:ਸੰਸਦ ਦੇ ਉਪਰਲੇ ਸਦਨ, ਰਾਜ ਸਭਾ ਵਿੱਚ 37 ਸੰਸਦ ਮੈਂਬਰਾਂ (ਐਮਪੀਜ਼) ਦਾ ਕਾਰਜਕਾਲ ਖਤਮ ਹੋ ਰਿਹਾ ਹੈ। ਜਦੋਂ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਸੰਸਦ ਮੈਂਬਰ ਨਵੇਂ ਸਿਰੇ ਤੋਂ ਕਾਰਜਕਾਲ ਸ਼ੁਰੂ ਕਰਨਗੇ, ਕਈ ਨਵੇਂ ਮੈਂਬਰ ਸੰਸਦ ਵਿੱਚ ਸ਼ਾਮਲ ਹੋਣ ਲਈ ਵੀ ਤਿਆਰ ਹਨ। ਹਾਲ ਹੀ ਵਿੱਚ, ਰਾਜ ਸਭਾ ਵਿੱਚ 37 ਸੀਟਾਂ ਲਈ ਚੋਣ ਪ੍ਰਕਿਰਿਆ ਸਫਲਤਾਪੂਰਵਕ ਸਮਾਪਤ ਹੋਈ। ਇਸ ਸੰਦਰਭ ਵਿੱਚ, ਬੁੱਧਵਾਰ ਨੂੰ ਰਾਜ ਸਭਾ ਵਿੱਚ ਉਨ੍ਹਾਂ ਸੰਸਦ ਮੈਂਬਰਾਂ ਲਈ ਇੱਕ ਵਿਦਾਇਗੀ ਸਮਾਗਮ ਕਰਵਾਇਆ ਗਿਆ, ਜਿਨ੍ਹਾਂ ਦੇ ਕਾਰਜਕਾਲ ਸਮਾਪਤ ਹੋਣ ਵਾਲੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ ਅਤੇ ਸਦਨ ਨੂੰ ਸੰਬੋਧਨ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਟਿੱਪਣੀ ਕੀਤੀ ਕਿ ਰਾਜਨੀਤੀ ਵਿੱਚ ਕੋਈ ਪੂਰਨ ਵਿਰਾਮ (ਫੁਲਸਟਾਪ) ਨਹੀਂ ਹੁੰਦਾ।

ਸਦਨ ਆਪਣੇ ਆਪ ਵਿੱਚ ਇੱਕ ਵਿਸ਼ਾਲ ਯੂਨੀਵਰਸਿਟੀ ਹੈ ; ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਇਸ ਸਦਨ ਵਿੱਚ, ਸਾਨੂੰ ਸਿੱਖਿਆ ਅਤੇ ਦੀਖਿਆ ਦੋਵੇਂ ਮਿਲਦੀਆਂ ਹਨ। ਸਦਨ ਆਪਣੇ ਆਪ ਵਿੱਚ ਇੱਕ ਵਿਸ਼ਾਲ ਯੂਨੀਵਰਸਿਟੀ ਹੈ। ਹਰ ਸੰਸਦ ਮੈਂਬਰ ਸਦਨ ਵਿੱਚ ਯੋਗਦਾਨ ਪਾਉਂਦਾ ਹੈ। ਇੱਥੇ, ਨਵੇਂ ਸੰਸਦ ਮੈਂਬਰਾਂ ਨੂੰ ਆਪਣੇ ਸੀਨੀਅਰ ਸਾਥੀਆਂ ਤੋਂ ਸਿੱਖਣਾ ਚਾਹੀਦਾ ਹੈ। ਸੇਵਾਮੁਕਤ ਹੋ ਰਹੇ ਸੰਸਦ ਮੈਂਬਰਾਂ ਨੇ ਸਦਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਰਾਜਨੀਤੀ ਵਿੱਚ ਕੋਈ ਪੂਰਨ ਵਿਰਾਮ ਨਹੀਂ ਹੁੰਦਾ। ਆਪਣੇ ਸੰਬੋਧਨ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ, ਮਲਿਕਾਰੁਜਨ ਖੜਗੇ ਅਤੇ ਨਾਲ ਹੀ ਸੰਸਦ ਮੈਂਬਰ ਸ਼ਰਦ ਪਵਾਰ ਦੀ ਵੀ ਪ੍ਰਸ਼ੰਸਾ ਕੀਤੀ।

ਹਰ ਕੋਈ ਸਦਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ : ਸੇਵਾਮੁਕਤ ਹੋ ਰਹੇ ਸੰਸਦ ਮੈਂਬਰਾਂ ਨੂੰ ਵਿਦਾਇਗੀ ਦਿੰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਇਸ ਸਦਨ ਵਿੱਚ ਕਈ ਮੁੱਦਿਆਂ 'ਤੇ ਬਹਿਸ ਹੁੰਦੀ ਹੈ, ਅਤੇ ਹਰ ਕੋਈ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਰਸਤੇ ਵਿੱਚ, ਕੁਝ ਕੌੜੇ-ਮਿੱਠੇ ਅਨੁਭਵ ਜ਼ਰੂਰ ਹੁੰਦੇ ਹਨ। ਹਾਲਾਂਕਿ, ਜਦੋਂ ਅਜਿਹਾ ਮੌਕਾ ਆਉਂਦਾ ਹੈ, ਤਾਂ ਸਾਡੇ ਲਈ ਪਾਰਟੀ (ਬਾਕੀ ਸਫਾ 2 'ਤੇ)

# ਰਾਜਸਥਾਨ ਸਰਕਾਰ ਤੋਂ ਪੰਜਾਬ ਦੇ ਪਾਣੀ ਦੀ ਵਰਤੋਂ ਦਾ 1.44 ਲੱਖ ਕਰੋੜ ਦਾ ਬਕਾਇਆ ਵਸੂਲਾਂਗੇ: ਮਾਨ

## 'ਪੰਜਾਬ ਸਰਕਾਰ ਨੇ ਮੁੱਦੇ ਸੰਬੰਧੀ ਮੀਟਿੰਗ ਲਈ ਰਾਜਸਥਾਨ ਨੂੰ ਚਿੱਠੀ ਵੀ ਲਿਖੀ'

**ਅੰਮ੍ਰਿਤਪਾਲ ਸਿੰਘ**



ਚੰਡੀਗੜ੍ਹ, 18 ਮਾਰਚ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਜਸਥਾਨ ਸਰਕਾਰ ਕੋਲ ਦਹਾਕਿਆਂ ਤੋਂ ਬਿਨਾਂ ਭੁਗਤਾਨ ਕੀਤਿਆਂ ਪਾਣੀ ਦੀ ਵਰਤੋਂ ਲਈ 1.44 ਲੱਖ ਕਰੋੜ ਰੁਪਏ ਦੀ ਵਸੂਲੀ ਦਾ ਦਾਅਵਾ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਨੇ ਨਾਲ ਹੀ ਕਿਹਾ ਕਿ ਰਾਜਸਥਾਨ ਨੂੰ ਜਾਂ ਤਾਂ ਪੰਜਾਬ ਦੇ ਜਾਇਜ਼ ਬਕਾਏ ਜਾਰੀ ਕਰਨੇ ਚਾਹੀਦੇ ਹਨ ਜਾਂ ਪਾਣੀ ਲੈਣਾ ਬੰਦ ਕਰ ਦੇਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਇਸ ਵਿਵਸਥਾ ਨੂੰ ਚਲਾਉਣ ਵਾਲੇ ਸਾਲ 1920 ਦੇ ਇਤਿਹਾਸਕ ਸਮਝੌਤੇ ਦੀ ਸਮੀਖਿਆ ਕਰਨ ਦੀ ਮੰਗ ਕੀਤੀ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਰਾਜਸਥਾਨ ਸਰਕਾਰ ਸਾਲ 1960 ਤੋਂ ਫਿਰੋਜ਼ਪੁਰ ਫੀਡਰ ਰਾਹੀਂ ਕੱਢੇ ਗਏ ਪਾਣੀ ਲਈ ਪੰਜਾਬ ਨੂੰ 1.44 ਲੱਖ ਕਰੋੜ ਰੁਪਏ ਦੀ ਦੇਣਦਾਰ ਹੈ, ਜਿਸ ਲਈ ਇਕ ਪੈਸਾ ਵੀ ਅਦਾ ਨਹੀਂ ਕੀਤਾ ਗਿਆ ਹੈ। ਰਾਜਸਥਾਨ ਨੂੰ ਜਾਂ ਤਾਂ ਪੰਜਾਬ ਦਾ ਜਾਇਜ਼ ਬਕਾਇਆ ਜਾਰੀ ਕਰਨਾ ਚਾਹੀਦਾ ਹੈ ਜਾਂ ਪਾਣੀ ਲੈਣਾ ਬੰਦ ਕਰਨਾ ਚਾਹੀਦਾ ਹੈ।" ਉਨ੍ਹਾਂ ਕਿਹਾ ਕਿ ਸਾਲ 1920 ਦੇ ਦਹਾਕੇ ਵਿੱਚ ਬੀਕਾਨੇਰ ਰਿਆਸਤ, ਸਾਂਝਾ ਪੰਜਾਬ ਅਤੇ ਬਰਤਾਨਵੀ ਰਾਜ ਦਰਮਿਆਨ ਹੋਏ ਇਕ ਸਮਝੌਤੇ ਦੇ ਅਨੁਸਾਰ ਰਾਜਸਥਾਨ ਪ੍ਰਤੀ ਏਕੜ ਦੇ ਆਧਾਰ 'ਤੇ ਪਾਣੀ ਦਾ ਭੁਗਤਾਨ ਕਰਨ ਲਈ ਸਹਿਮਤ ਹੋਇਆ ਸੀ। ਮੁੱਖ ਮੰਤਰੀ ਨੇ ਕਿਹਾ, "ਸਾਲ 1960 ਤੱਕ ਭੁਗਤਾਨ ਕੀਤਾ ਜਾਂਦਾ ਸੀ, ਪਰ ਸਿੰਧੂ ਜਲ ਸਮਝੌਤੇ ਤੋਂ ਬਾਅਦ ਰਾਜਸਥਾਨ ਨੇ ਲਗਾਤਾਰ 18,000 ਕਿਊਸਿਕ ਪਾਣੀ ਲੈਣ ਦੇ ਬਾਵਜੂਦ ਭੁਗਤਾਨ ਕਰਨਾ ਬੰਦ ਕਰ ਦਿੱਤਾ।" (ਬਾਕੀ ਸਫਾ 2 'ਤੇ)

## 'ਸਿਰਫ਼ 4 ਸਾਲਾਂ 'ਚ ਭਾਖੜਾ ਦੇ ਬਰਾਬਰ ਪਾਣੀ ਸੂਬੇ ਦੇ ਖੇਤਾਂ ਤੱਕ ਪਹੁੰਚਾਇਆ'

**ਅੰਮ੍ਰਿਤਪਾਲ ਸਿੰਘ**

ਚੰਡੀਗੜ੍ਹ, 18 ਮਾਰਚ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਦੀ ਸਿੰਚਾਈ ਪ੍ਰਣਾਲੀ ਵਿੱਚ ਕੀਤੇ ਇਤਿਹਾਸਕ ਬਦਲਾਅ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਸਿਰਫ ਚਾਰ ਸਾਲਾਂ ਵਿੱਚ ਮੌਸਮੀ ਦਰਿਆਵਾਂ ਤੋਂ 10,000 ਕਿਊਸਿਕ ਪਾਣੀ ਯਕੀਨੀ ਬਣਾ ਕੇ ਅਤੇ ਬੰਦ ਹੋ ਰਹੇ ਨਹਿਰੀ ਨੈੱਟਵਰਕ ਨੂੰ ਮੁੜ ਸੁਰਜੀਤ ਕਰਕੇ ਸੂਬੇ ਦੇ ਖੇਤਾਂ ਨੂੰ ਭਾਖੜਾ ਨਹਿਰ ਦੇ ਬਰਾਬਰ ਪਾਣੀ ਦੀ ਸਪਲਾਈ ਦਿੱਤੀ ਗਈ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2022 ਵਿੱਚ ਨਹਿਰੀ ਸਿੰਚਾਈ ਨਾਲ ਸਿਰਫ 26.50 ਫ਼ੀਸਦ ਸਿੰਚਾਈ ਕੀਤੀ ਜਾਂਦੀ ਸੀ ਜੋ ਵੱਧ ਕੇ ਅੱਜ 78 ਫ਼ੀਸਦ ਹੋ ਗਈ ਹੈ ਇਸੇ ਤਹਿਤ 22 ਕਿਲੋਮੀਟਰ ਲੰਬੀ ਸਰਹਾਲੀ ਨਹਿਰ ਦੇ ਲੰਬੇ ਸਮੇਂ ਤੋਂ ਬੰਦ ਪਏ ਸਿਸਟਮ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ, ਫਿਰੋਜ਼ਪੁਰ-ਸਰਹਿੰਦ ਫੀਡਰ ਰਾਹੀਂ ਪਾਣੀ ਦੀ 24 ਘੰਟੇ ਸਪਲਾਈ ਯਕੀਨੀ ਬਣਾਈ ਗਈ ਹੈ ਅਤੇ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ 1,446 ਪਿੰਡਾਂ ਤੱਕ ਨਹਿਰੀ ਪਾਣੀ ਪਹੁੰਚਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਿਛਲੇ ਚਾਰ ਸਾਲਾਂ ਦੌਰਾਨ ਸਿੰਚਾਈ ਖੇਤਰ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੇ ਕੰਮਾਂ ਦਾ ਵਿਆਪਕ ਲੇਖਾ-ਜੋਖਾ ਪੇਸ਼ ਕੀਤਾ। ਮੁੱਖ ਮੰਤਰੀ ਨੇ ਕਿਹਾ, "ਅਪ੍ਰੈਲ, 2022 ਤੋਂ ਹੁਣ ਤੱਕ ਨਹਿਰਾਂ ਦੀ ਲਾਈਨਿੰਗ, ਮੁਰੰਮਤ, ਆਧੁਨਿਕੀਕਰਨ ਅਤੇ ਬੁਨਿਆਦੀ (ਬਾਕੀ ਸਫਾ 2 'ਤੇ)

## ਜਿੰਮ 'ਚੋਂ ਨਿਕਲੇ ਮੁੰਡੇ ਦਾ ਗੋਲ਼ੀਆਂ ਮਾਰ ਕੇ ਕਤਲ

**ਲੱਕੀ ਪਟਿਆਲ ਗੈਂਗ ਨੇ ਲਈ ਜ਼ਿੰਮੇਵਾਰੀ**



ਚੰਡੀਗੜ੍ਹ, 18 ਮਾਰਚ (ਚ.ਨ.ਸ.): ਚੰਡੀਗੜ੍ਹ ਵਿੱਚ ਇੱਕ ਮੁੰਡੇ ਦਾ ਜਿੰਮ 'ਚੋਂ ਨਿਕਲਦਿਆਂ ਸਾਰ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹ ਵਾਰਦਾਤ ਸੈਕਟਰ-9 ਦੀ ਮਾਰਕੀਟ ਨੇੜੇ ਵਾਪਰੀ, ਜਿੱਥੇ ਇਕ ਗੱਡੀ 'ਤੇ ਸਵਾਰ ਵਿਅਕਤੀਆਂ ਵੱਲੋਂ ਨੌਜਵਾਨ 'ਤੇ ਗੋਲ਼ੀਆਂ ਵਰ੍ਹਾਈਆਂ ਗਈਆਂ। ਮ੍ਰਿਤਕ ਨੌਜਵਾਨ ਦੀ ਪਛਾਣ ਚਰਨਪ੍ਰੀਤ ਸਿੰਘ (31) ਵਜੋਂ ਹੋਈ ਹੈ, ਜੋ ਕਿ ਮੁੱਲਾਂਪੁਰ (ਨਿਊ ਚੰਡੀਗੜ੍ਹ) ਦਾ ਰਹਿਣਾ ਵਾਲਾ ਸੀ।

ਹੁਣ ਇਸ ਮਾਮਲੇ ਵਿਚ ਇਕ ਹੋਰ ਨਵਾਂ ਮੋੜ ਆ ਗਿਆ ਹੈ ਜਦੋਂ ਗੈਂਗਸਟਰ ਲੱਕੀ ਪਟਿਆਲ ਵੱਲੋਂ ਸੋਸ਼ਲ ਮੀਡੀਆ ਰਾਹੀਂ ਇਸ ਕਤਲ ਦੀ ਜ਼ਿੰਮੇਵਾਰੀ ਲੈ ਲਈ ਗਈ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਪੋਸਟ ਵਿਚ ਲਿਖਿਆ ਗਿਆ ਹੈ ਕਿ ਅੱਜ ਸੈਕਟਰ-9 ਵਿਚ ਹੋਏ ਕਤਲ ਦੀ ਜ਼ਿੰਮੇਵਾਰੀ ਮੈਂ ਲੱਕੀ (ਬਾਕੀ ਸਫਾ 2 'ਤੇ)

# ਪੰਜਾਬ 'ਚ 2 ਦਿਨਾਂ ਲਈ ਅਲਰਟ ਜਾਰੀ, ਪੈਣਗੇ ਗੜ੍ਹੇ ਤੇ ਵਰ੍ਹੇਗਾ ਮੀਂਹ

**ਚੜ੍ਹਦੀਕਲਾ ਬਿਊਰੋ**



ਚੰਡੀਗੜ੍ਹ, 18 ਮਾਰਚ: ਮਾਰਚ ਦੇ ਮਹੀਨੇ ਵਿੱਚ ਅਚਾਨਕ ਮੌਸਮ ਨੇ ਕਰਵਟ ਲੈ ਲਈ ਹੈ, ਜਿਸ ਕਾਰਨ ਉੱਤਰੀ ਭਾਰਤ ਦੇ ਕਈ ਹਿੱਸਿਆਂ ਵਿੱਚ ਗਰਮੀ ਤੋਂ ਰਾਹਤ ਮਿਲਣ ਦੇ ਨਾਲ-ਨਾਲ ਚਿੰਤਾ ਵੀ ਵਧ ਗਈ ਹੈ। ਭਾਰਤੀ ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਲਈ 19 ਅਤੇ 20 ਮਾਰਚ ਨੂੰ 'ਆਰੈਂਜ ਅਲਰਟ' ਜਾਰੀ ਕੀਤਾ ਹੈ।

ਮੌਸਮ ਵਿਭਾਗ ਅਨੁਸਾਰ, ਇੱਕ ਨਵੀਂ ਵੈਸਟਰਨ ਡਿਸਟਰਬੈਂਸ ਦੇ ਸਰਗਰਮ ਹੋਣ ਕਾਰਨ ਇਹ ਤਬਦੀਲੀ ਆ ਰਹੀ ਹੈ। ਮੌਸਮ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ 48 ਤੋਂ 72 ਘੰਟਿਆਂ ਦੌਰਾਨ ਪੰਜਾਬ, ਹਰਿਆਣਾ, ਦਿੱਲੀ-ਐਨ.ਸੀ.ਆਰ. ਅਤੇ ਰਾਜਸਥਾਨ ਵਿੱਚ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ। ਇਸ ਦੇ ਨਾਲ ਹੀ ਕਈ ਇਲਾਕਿਆਂ ਵਿੱਚ ਗਰਜ-ਚਮਕ ਨਾਲ ਮੀਂਹ ਅਤੇ ਗੜ੍ਹੇਮਾਰੀ ਹੋਣ ਦੀ ਮਜ਼ਬੂਤ ਸੰਭਾਵਨਾ ਹੈ। ਖਾਸ ਕਰਕੇ 19 ਅਤੇ 20 ਮਾਰਚ ਨੂੰ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਗੜ੍ਹੇ ਪੈ ਸਕਦੇ ਹਨ। ਬੱਦਲਵਾਈ ਅਤੇ ਮੀਂਹ ਕਾਰਨ ਤਾਪਮਾਨ ਵਿੱਚ ਕਾਫੀ ਗਿਰਾਵਟ ਦੇਖਣ ਨੂੰ ਮਿਲੇਗੀ। ਚੰਡੀਗੜ੍ਹ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ, ਜੋ 18 ਮਾਰਚ ਨੂੰ 27 ਡਿਗਰੀ ਸੈਲਸੀਅਸ ਦੇ ਕਰੀਬ ਸੀ, 20 ਮਾਰਚ ਤੱਕ ਡਿੱਗ ਕੇ 23 ਡਿਗਰੀ ਸੈਲਸੀਅਸ ਤੱਕ ਰਹਿ ਸਕਦਾ ਹੈ। ਹਾਲਾਂਕਿ, ਘੱਟੋ-ਘੱਟ ਤਾਪਮਾਨ 12 ਤੋਂ 13 ਡਿਗਰੀ (ਬਾਕੀ ਸਫਾ 2 'ਤੇ)

## ਨਗਰ ਨਿਗਮ ਵਾਰਡਬੰਦੀ ਦੇ ਮਾਮਲੇ 'ਤੇ ਹਾਈਕੋਰਟ ਵਿੱਚ ਹੋਈ ਸੁਣਵਾਈ

# ਵਾਰਡਬੰਦੀ ਦੀਆਂ 2025 ਤੋਂ ਬਾਅਦ ਜਾਰੀ ਨੋਟੀਫਿਕੇਸ਼ਨਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਮਨਜ਼ੂਰ

**ਚੜ੍ਹਦੀਕਲਾ ਬਿਊਰੋ**




ਚੰਡੀਗੜ੍ਹ, 18 ਮਾਰਚ:ਪੰਜਾਬ ਵਿੱਚ ਨਗਰ ਨਿਗਮਾਂ ਅਤੇ ਨਗਰ ਕਮੇਟੀਆਂ ਦੀ ਵਾਰਡ ਹੱਦਬੰਦੀ ਬਾਰੇ ਇੱਕ ਵੱਡਾ ਘਟਨਾਕ੍ਰਮ ਸਾਹਮਣੇ ਆਇਆ ਹੈ। ਬੁੱਧਵਾਰ ਨੂੰ ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਪੱਸ਼ਟ ਕੀਤਾ ਕਿ 31 ਦਸੰਬਰ, 2025 ਤੋਂ ਬਾਅਦ ਜਾਰੀ ਕੀਤੇ ਗਏ ਸਾਰੇ ਵਾਰਡ ਹੱਦਬੰਦੀ ਨੋਟੀਫਿਕੇਸ਼ਨ ਵਾਪਸ ਲਏ ਜਾ ਰਹੇ ਹਨ। ਇਹ ਕਦਮ ਅਦਾਲਤ ਵਿੱਚ ਰਾਜ ਸਰਕਾਰ ਲਈ ਇੱਕ ਵੱਡਾ ਝਟਕਾ ਹੈ ਅਤੇ ਇਸ ਪੂਰੇ ਮਾਮਲੇ ਨੇ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਸਰਕਾਰ ਦੇ ਇਸ ਫੈਸਲੇ ਪਿੱਛੇ ਮੁੱਖ ਕਾਰਨ ਕੇਂਦਰ ਸਰਕਾਰ ਦੇ ਆਬਾਦੀ ਵਿਭਾਗ ਦਾ ਇੱਕ ਆਦੇਸ਼ ਸੀ, ਜਿਸ ਨੇ 1 ਜਨਵਰੀ, 2026 ਤੋਂ ਦੇਸ਼ ਭਰ ਵਿੱਚ ਵਾਰਡ ਹੱਦਬੰਦੀ ਨੂੰ 'ਫ੍ਰੀਜ਼' ਕਰ ਦਿੱਤਾ ਸੀ। ਇਸ ਦਾ ਮਤਲਬ ਹੈ ਕਿ ਇਸ ਤਾਰੀਖ ਤੋਂ ਬਾਅਦ ਕੋਈ ਵੀ ਨਵੀਂ ਵਾਰਡ ਹੱਦਬੰਦੀ ਜਾਂ ਸੀਮਾਵਾਂ ਵਿੱਚ ਤਬਦੀਲੀ ਦੀ ਆਗਿਆ ਨਹੀਂ ਸੀ।

ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਕਈ ਨਗਰ ਨਿਗਮਾਂ ਅਤੇ ਨਗਰ ਕਮੇਟੀਆਂ ਲਈ ਨਵੇਂ ਵਾਰਡ ਹੱਦਬੰਦੀ ਨੋਟੀਫਿਕੇਸ਼ਨ ਜਾਰੀ ਕੀਤੇ, ਜਿਨ੍ਹਾਂ ਨੂੰ ਵੱਖ-ਵੱਖ ਪਟੀਸ਼ਨਾਂ ਰਾਹੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ। ਸੁਣਵਾਈ ਦੌਰਾਨ, ਜਦੋਂ ਅਦਾਲਤ ਨੂੰ ਪਤਾ ਲੱਗਾ ਕਿ ਕੇਂਦਰ ਸਰਕਾਰ ਦੇ ਸਪੱਸ਼ਟ ਨਿਰਦੇਸ਼ਾਂ ਦੇ ਬਾਵਜੂਦ ਨਵੇਂ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਸਨ, ਤਾਂ ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਹੋਣਾ ਪਿਆ। ਅੰਤ ਵਿੱਚ ਸਰਕਾਰ ਨੇ 31 ਦਸੰਬਰ, 2025 ਤੋਂ ਬਾਅਦ ਜਾਰੀ ਕੀਤੇ ਗਏ ਸਾਰੇ ਨੋਟੀਫਿਕੇਸ਼ਨ ਵਾਪਸ ਲੈਣ ਦਾ ਆਪਣਾ ਫੈਸਲਾ ਪੇਸ਼ ਕੀਤਾ। ਅਦਾਲਤ ਨੇ ਇਸ ਸਟੈਂਡ ਨੂੰ ਰਿਕਾਰਡ 'ਤੇ ਲਿਆ ਅਤੇ ਸਬੰਧਤ ਨੋਟੀਫਿਕੇਸ਼ਨਾਂ ਨੂੰ ਰੱਦ ਕਰ ਦਿੱਤਾ। ਹਾਲਾਂਕਿ, ਮਾਮਲਾ ਖਤਮ ਨਹੀਂ ਹੋਇਆ ਹੈ। 31 ਦਸੰਬਰ, 2025 ਤੋਂ ਪਹਿਲਾਂ ਜਾਰੀ ਕੀਤੇ ਗਏ ਵਾਰਡ ਹੱਦਬੰਦੀ ਨੋਟੀਫਿਕੇਸ਼ਨਾਂ 'ਤੇ ਵਿਵਾਦ ਵੀ ਬਰਕਰਾਰ ਹੈ। ਕਈ ਪਟੀਸ਼ਨਰਾਂ ਨੇ (ਬਾਕੀ ਸਫਾ 2 'ਤੇ)

## ਸਦਨ 'ਚ ਕੈਬਨਿਟ ਮੰਤਰੀ ਦੀ ਗ਼ੈਰ-ਮੌਜੂਦਗੀ 'ਤੇ ਬੋਲੇ ਸਪੀਕਰ

# ਬੈਠਕ ਨਹੀਂ, ਪ੍ਰਸ਼ਨਕਾਲ ਹੈ ਮਹੱਤਵਪੂਰਨ: ਓਮ ਬਿਰਲਾ

**ਚੜ੍ਹਦੀਕਲਾ ਬਿਊਰੋ**



ਨਵੀਂ ਦਿੱਲੀ, 18 ਮਾਰਚ:ਲੋਕ ਸਭਾ 'ਚ ਬੁੱਧਵਾਰ ਨੂੰ ਪ੍ਰਸ਼ਨਕਾਲ ਦੌਰਾਨ ਗ੍ਰਾਮੀਣ ਡਾਕ ਸੇਵਕਾਂ ਨਾਲ ਸਬੰਧਤ ਪ੍ਰਸ਼ਨ ਪੁੱਛੇ ਜਾਣ ਦੌਰਾਨ ਸੰਚਾਰ ਮੰਤਰੀ ਜਿਓਤੀਰਾਦਿਤਿਆ ਸਿੰਧੀਆ ਦੇ ਮੌਜੂਦ ਨਾ ਰਹਿਣ 'ਤੇ ਸਪੀਕਰ ਓਮ ਬਿਰਲਾ ਨੇ ਨਾਰਾਜ਼ਗੀ ਜਤਾਈ। ਜਦੋਂ ਭਾਜਪਾ ਦੇ ਮੈਂਬਰ ਵਿਨੋਦ ਚਾਵੜਾ ਦੇ ਪ੍ਰਸ਼ਨ ਦਾ ਉੱਤਰ ਦੇਣ ਲਈ ਸੰਚਾਰ ਰਾਜ ਮੰਤਰੀ ਚੰਦਰਸ਼ੇਖਰ ਪੇਮਾਨਸਾਨੀ ਖੜ੍ਹੇ ਹੋਏ ਤਾਂ ਸਪੀਕਰ ਓਮ ਬਿਰਲਾ ਨੇ ਉਨ੍ਹਾਂ ਤੋਂ ਪੁੱਛਿਆ, "ਮੰਤਰੀ ਜੀ (ਸਿੰਧੀਆ) ਕਿੱਥੇ ਚਲੇ ਗਏ ?"

ਇਸ 'ਤੇ ਪੇਮਾਸਾਨੀ ਨੇ ਦੱਸਿਆ ਕਿ ਉਹ ਇਕ ਮਹੱਤਵਪੂਰਨ ਬੈਠਕ ਲਈ ਗਏ ਹਨ। ਇਸ 'ਤੇ ਨਾਰਾਜ਼ਗੀ ਭਰੇ ਬੋਲ 'ਚ ਬਿਰਲਾ ਨੇ ਕਿਹਾ, "ਬੈਠਕ ਨਹੀਂ, ਪ੍ਰਸ਼ਨਕਾਲ ਮਹੱਤਵਪੂਰਨ ਹੈ।" ਹਾਲਾਂਕਿ ਇਸ ਤੋਂ ਕੁਝ ਦੇਰ ਪਹਿਲਾਂ ਕੈਬਨਿਟ ਮੰਤਰੀ ਸਿੰਧੀਆ ਨੇ ਪ੍ਰਸ਼ਨਕਾਲ 'ਚ ਬੀ.ਐਸ.ਐਨ.ਐਲ. ਨਾਲ ਸਬੰਧਤ ਪ੍ਰਸ਼ਨਾਂ ਦੇ ਉੱਤਰ ਦਿੱਤੇ ਸਨ।

# ਇਜ਼ਰਾਈਲ ਵੱਲੋਂ ਈਰਾਨੀ ਇੰਟੈਲੀਜੈਂਸ ਮੰਤਰੀ ਇਸਮਾਈਲ ਖਤੀਬ ਨੂੰ ਮਾਰਨ ਦਾ ਦਾਅਵਾ

**ਚੜ੍ਹਦੀਕਲਾ ਬਿਊਰੋ**



ਤਲ ਅਵੀਵ, 18 ਮਾਰਚ: ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਬੁੱਧਵਾਰ ਨੂੰ ਕਿਹਾ ਕਿ ਫੌਜ ਨੇ ਈਰਾਨੀ ਖੁਫੀਆ ਮੰਤਰੀ ਇਸਮਾਈਲ ਖਤੀਬ ਨੂੰ ਮਾਰ ਦਿੱਤਾ ਹੈ। ਖਤੀਬ ਦੀ ਮੌਤ ਇਜ਼ਰਾਈਲ ਵੱਲੋਂ ਚੋਟੀ ਦੇ ਈਰਾਨੀ ਸੁਰੱਖਿਆ ਅਧਿਕਾਰੀ ਅਲੀ ਲਾਰੀਜਾਨੀ ਅਤੇ ਅਰਧ-ਸੈਨਿਕ ਰੈਵੋਲਿਊਸ਼ਨਰੀ ਗਾਰਡ ਦੀ ਆਲ-ਵਲੰਟੀਅਰ ਬਸੀਜ ਫੋਰਸ ਦੇ ਮੁਖੀ ਨੂੰ ਮਾਰਨ ਤੋਂ ਬਾਅਦ ਹੋਈ ਹੈ। ਬੁੱਧਵਾਰ ਨੂੰ ਹੀ, ਈਰਾਨ ਨੇ ਇਜ਼ਰਾਈਲ ਅਤੇ ਗੁਆਂਢੀ ਖਾੜੀ ਦੇਸ਼ਾਂ ਵੱਲ ਹਮਲੇ ਕੀਤੇ, ਜਿਸ ਦੌਰਾਨ ਸੰਯੁਕਤ ਅਰਬ ਅਮੀਰਾਤ ਅਤੇ ਕਤਰ ਵਿੱਚ ਧਮਾਕੇ ਸੁਣੇ ਗਏ ਅਤੇ ਸਾਊਦੀ ਅਰਬ ਵਿੱਚ ਇੰਟਰਸੈਪਸ਼ਨ (ਹਮਲੇ ਰੋਕਣ) ਦੀਆਂ ਰਿਪੋਰਟਾਂ ਮਿਲੀਆਂ। ਇਹ ਹਮਲੇ ਈਰਾਨੀ ਸਰਕਾਰੀ ਮੀਡੀਆ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੇ ਜਾਣ ਦੇ ਕੁਝ ਘੰਟਿਆਂ ਬਾਅਦ ਹੋਏ ਕਿ ਇਜ਼ਰਾਈਲੀ ਫੌਜ ਨੇ ਰਾਤੋ-ਰਾਤ ਕੀਤੇ ਹਮਲੇ ਵਿੱਚ ਚੋਟੀ ਦੇ ਈਰਾਨੀ ਸੁਰੱਖਿਆ ਅਧਿਕਾਰੀ ਅਲੀ ਲਾਰੀਜਾਨੀ ਦੇ ਨਾਲ-ਨਾਲ ਜਨਰਲ ਗੋਲਮ ਰੇਜ਼ਾ ਸੁਲੇਮਾਨੀ ਨੂੰ ਵੀ ਮਾਰ ਦਿੱਤਾ ਹੈ, ਜੋ ਕਿ ਰੈਵੋਲਿਊਸ਼ਨਰੀ ਗਾਰਡ ਦੀ ਬਸੀਜ ਫੋਰਸ ਦੇ ਮੁਖੀ ਸਨ ਅਤੇ ਪ੍ਰਦਰਸ਼ਨਾਂ ਨੂੰ ਦਬਾਉਣ ਵਿੱਚ ਆਪਣੀ ਭੂਮਿਕਾ ਲਈ ਜਾਣੇ ਜਾਂਦੇ ਸਨ। ਮੱਧ ਬੇਰੂਤ ਦੇ ਬਾਚੌਰਾ ਵਿੱਚ ਇੱਕ ਇਜ਼ਰਾਈਲੀ ਹਵਾਈ ਹਮਲੇ ਨੇ ਇੱਕ ਅਪਾਰਟਮੈਂਟ ਇਮਾਰਤ ਨੂੰ ਨਿਸ਼ਾਨਾ (ਬਾਕੀ ਸਫਾ 2 'ਤੇ)

## ਦੇਸ਼ ਭਰ 'ਚ 1,300 ਆਈ.ਏ.ਐਸ. ਅਫ਼ਸਰਾਂ ਦੇ ਅਹੁਦੇ ਖਾਲੀ

**ਪੰਜਾਬ 'ਚ ਕੁੱਲ 231 ਅਹੁਦਿਆਂ 'ਚੋਂ 33 ਪੋਸਟਾਂ ਖਾਲੀ**

ਨਵੀਂ ਦਿੱਲੀ, 18 ਮਾਰਚ (ਚ.ਨ.ਸ.): ਦੇਸ਼ ਭਰ ਵਿੱਚ 1,300 ਆਈ.ਏ.ਐਸ. ਅਸਾਮੀਆਂ ਖਾਲੀ ਹਨ। ਉੱਤਰ ਪ੍ਰਦੇਸ਼ ਵਿੱਚ ਆਈ.ਏ.ਐਸ. ਅਧਿਕਾਰੀਆਂ ਦੀ ਸਭ ਤੋਂ ਵੱਡੀ ਘਾਟ ਹੈ, ਜਿਸ ਵਿੱਚ 81 ਅਸਾਮੀਆਂ ਹਨ। ਕੇਰਲ ਵਰਗੇ ਛੋਟੇ ਰਾਜ ਵਿੱਚ 74 ਅਸਾਮੀਆਂ ਦੀ ਘਾਟ ਹੈ। ਆਈ.ਏ.ਐਸ. ਅਧਿਕਾਰੀਆਂ ਦੀ ਲਗਾਤਾਰ ਘਾਟ ਕੇਂਦਰ ਅਤੇ ਰਾਜਾਂ ਵਿੱਚ ਪ੍ਰਸ਼ਾਸਨਿਕ ਸਮਰੱਥਾ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸੇ ਤਰ੍ਹਾਂ ਦੀ ਚਿੰਤਾ ਪ੍ਰਗਟ ਕਰਦੇ ਹੋਏ, ਰਾਜ ਸਭਾ ਦੀ ਸੰਸਦੀ ਕਮੇਟੀ ਨੇ ਕਿਹਾ ਕਿ ਏ.ਜੀ.ਐਮ.ਯੂ.ਟੀ. ਕੇਡਰ ਵਿੱਚ 25 ਪ੍ਰਤੀਸ਼ਤ ਅਸਾਮੀਆਂ ਤੁਰੰਤ ਭਰੀਆਂ ਜਾਣੀਆਂ ਚਾਹੀਦੀਆਂ ਹਨ, ਕਿਉਂਕਿ ਇਹ ਕੇਡਰ ਕਈ ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਰਾਸ਼ਟਰੀ (ਬਾਕੀ ਸਫਾ 2 'ਤੇ)

# ਘਰ ਚਲਾਉਣ ਵਾਲੀਆਂ ਔਰਤਾਂ ਨੂੰ ਹੁਣ ਦੇਸ਼ ਚਲਾਉਣਾ ਚਾਹੀਦੈ: ਮੁੱਖ ਮੰਤਰੀ

## 'ਆਪ' ਸਰਕਾਰ ਨੇ ਔਰਤਾਂ ਦਾ ਹਰ ਪੱਖੋਂ ਸਸ਼ਕਤੀਕਰਨ ਯਕੀਨੀ ਬਣਾਇਆ

**ਅੰਮ੍ਰਿਤਪਾਲ ਸਿੰਘ**




ਮੋਹਾਲੀ (ਐਸ.ਏ.ਐਸ. ਨਗਰ), 18 ਮਾਰਚ: ਪੰਜਾਬ ਦੇ ਸ਼ਾਨਾਮੱਤੇ ਵਿਕਾਸ ਦੇ ਸਫ਼ਰ ਵਿੱਚ ਔਰਤਾਂ ਦੇ ਅਹਿਮ ਸਥਾਨ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪ੍ਰਸ਼ਾਸਨ, ਆਰਥਿਕਤਾ ਅਤੇ ਸਮਾਜ ਵਿੱਚ ਔਰਤਾਂ ਦੀ ਮਹੱਤਵਪੂਰਨ ਭੂਮਿਕਾ ਦੇ ਵਿਲੱਖਣ ਦ੍ਰਿਸ਼ਟੀਕੋਣ ਨੂੰ ਉਚੇਚੇ ਤੌਰ 'ਤੇ ਉਭਾਰਿਆ। ਉਨ੍ਹਾਂ ਕਿਹਾ ਕਿ ਅਸਲ ਵਿੱਚ ਔਰਤਾਂ ਦਾ ਸਸ਼ਕਤੀਕਰਨ ਸਿੱਖਿਆ, ਢੁਕਵੀਂ ਨੁਮਾਇੰਦਗੀ ਅਤੇ ਆਰਥਿਕ ਮੌਕਿਆਂ ਰਾਹੀਂ ਕੀਤਾ ਜਾ ਸਕਦਾ ਹੈ। ਜ਼ਮੀਨੀ ਪੱਧਰ 'ਤੇ ਨਿਵੇਕਲੇ ਹੁਨਰ ਰਾਹੀਂ ਕਾਮਯਾਬ ਹੋਈਆਂ ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕਰਨ ਲਈ ਅੱਜ ਮੋਹਾਲੀ ਵਿਖੇ ਕਰਵਾਏ ਸਨਮਾਨ ਸਮਾਰੋਹ ਦੌਰਾਨ ਮੁੱਖ ਮੰਤਰੀ ਨੇ 'ਆਪ' ਸਰਕਾਰ ਦੀਆਂ ਪਹਿਲਕਦਮੀਆਂ, ਨੌਕਰੀਆਂ ਵਿੱਚ ਰਾਖਵੇਂਕਰਨ ਅਤੇ ਵਿੱਤੀ ਸਹਾਇਤਾ ਦੇ ਨਾਲ-ਨਾਲ ਵਿਆਪਕ ਰੋਜ਼ੀ-ਰੋਟੀ ਸਬੰਧੀ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਔਰਤਾਂ ਨੂੰ ਫੈਸਲਾ ਲੈਣ ਵਾਲੇ ਅਹੁਦਿਆਂ ਤੱਕ ਪਹੁੰਚਣ ਅਤੇ ਸੂਬੇ ਦੇ ਭਵਿੱਖ ਨੂੰ ਸੰਵਾਰਨ ਦੀ ਅਪੀਲ ਕੀਤੀ।

ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਇਹ ਬੇਹੱਦ ਜ਼ਰੂਰੀ ਹੈ ਕਿ ਕੁੜੀਆਂ ਅੱਗੇ ਆਉਣ ਅਤੇ ਸਿੱਖਿਆ ਰਾਹੀਂ ਖੁਦ ਨੂੰ ਸਸ਼ਕਤ ਬਣਾਉਣ। ਇਹ ਦੇਸ਼ ਲਈ ਲਾਹੇਵੰਦ ਹੈ ਕਿਉਂਕਿ ਘਰਾਂ ਅਤੇ ਪਰਿਵਾਰਾਂ ਨੂੰ ਬਿਹਤਰ ਢੰਗ ਨਾਲ ਸੰਭਾਲਣ ਵਾਲੀਆਂ ਔਰਤਾਂ ਨੂੰ ਦੇਸ਼ ਦੀ ਵਿਵਸਥਾ ਨੂੰ ਵੀ ਚਲਾਉਣਾ ਚਾਹੀਦਾ ਹੈ। ਸੂਬਾ ਸਰਕਾਰ ਇਸ ਨੇਕ ਕਾਰਜ ਪ੍ਰਤੀ ਵਚਨਬੱਧ ਹੈ ਅਤੇ ਇਸ ਸਬੰਧੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।'

ਸਿਆਸਤ ਵਿੱਚ ਔਰਤਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦਿਆਂ ਉਨ੍ਹਾਂ ਕਿਹਾ, 'ਲੜਕੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਸਿਆਸਤ ਵਿੱਚ ਪੈਰ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਫੈਸਲੇ ਲੈਣ ਵਿੱਚ ਸਰਗਰਮ ਭਾਈਵਾਲ ਬਣ ਸਕਣ ਅਤੇ ਸਮਾਜ ਵਿੱਚ ਜ਼ਰੂਰੀ ਬਦਲਾਅ ਲਿਆ ਸਕਣ। ਅੱਜ ਕੁੜੀਆਂ (ਬਾਕੀ ਸਫਾ 2 'ਤੇ)

## ਮੋਦੀ ਤੇ ਕੁਵੈਤ ਪ੍ਰਿੰਸ ਦੀ ਫ਼ੋਨ 'ਤੇ ਗੱਲਬਾਤ

ਨਵੀਂ ਦਿੱਲੀ, 18 ਮਾਰਚ (ਚ.ਨ.ਸ.):ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਕੁਵੈਤ ਦੇ ਕ੍ਰਾਊਨ ਪ੍ਰਿੰਸ ਸ਼ੇਖ ਸਬਾਹ ਅਲ-ਖਾਲਿਦ ਅਲ-ਹਮਦ ਅਲ-ਮੁਬਾਰਕ ਅਲ-ਸਬਾਹ ਨਾਲ ਫ਼ੋਨ 'ਤੇ ਗੱਲ ਕੀਤੀ ਅਤੇ ਈਦ ਦੀਆਂ ਮੁਬਾਰਕਾਂ ਦਿੱਤੀਆਂ। ਦੋਵਾਂ ਨੇਤਾਵਾਂ ਨੇ ਪੱਛਮੀ ਏਸ਼ੀਆ ਦੀ ਮੌਜੂਦਾ ਸਥਿਤੀ 'ਤੇ ਚਰਚਾ ਕੀਤੀ ਅਤੇ ਖੇਤਰ ਵਿੱਚ ਵਧ ਰਹੇ ਤਣਾਅ 'ਤੇ ਚਿੰਤਾ ਪ੍ਰਗਟ ਕੀਤੀ। ਗੱਲਬਾਤ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਕੁਵੈਤ 'ਤੇ ਹੋਏ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਅਤੇ ਇਸਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਲਈ ਆਪਣੇ ਸਮਰਥਨ ਨੂੰ ਦੁਹਰਾਇਆ। ਉਨ੍ਹਾਂ ਇਹ ਵੀ ਕਿਹਾ ਕਿ ਹੋਰਮੁਜ਼ ਜਲਡਮਰੂ ਰਾਹੀਂ ਸੁਰੱਖਿਅਤ ਅਤੇ ਨਿਰਵਿਘਨ ਸਮੁੰਦਰੀ ਆਵਾਜਾਈ ਨੂੰ ਯਕੀਨੀ ਬਣਾਉਣਾ ਭਾਰਤ ਦੀ ਤਰਜੀਹ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਦੋਵਾਂ ਆਗੂਆਂ ਨੇ ਖੇਤਰ ਦੀ ਸਥਿਤੀ 'ਤੇ ਵਿਸਥਾਰ ਨਾਲ ਚਰਚਾ ਕੀਤੀ। (ਬਾਕੀ ਸਫਾ 2 'ਤੇ)

## ਸਿਆਸਤ 'ਚ ਕਦੇ 'ਪੂਰਨ ਵਿਰਾਮ' ਨਹੀਂ

ਲਾਈਨਾਂ ਤੋਂ ਉੱਪਰ ਉੱਠਣਾ ਸੁਭਾਵਿਕ ਹੈ, ਅਤੇ ਸਾਰਿਆਂ ਵਿੱਚ ਇੱਕ ਸਮੂਹਿਕ ਭਾਵਨਾ ਉੱਭਰਦੀ ਹੈ ਕਿ ਸਾਡੇ ਸਾਥੀ ਹੁਣ ਹੋਰ ਮਹੱਤਵਪੂਰਨ ਜ਼ਿੰਮੇਵਾਰੀਆਂ ਸੰਭਾਲਣ ਲਈ ਅੱਗੇ ਵਧ ਰਹੇ ਹਨ। ਬਹੁਤ ਸਾਰੇ ਸੰਸਦ ਮੈਂਬਰ ਤਜਰਬੇ ਨਾਲ ਭਰਪੂਰ ਇਸ ਸਦਨ ਨੂੰ ਛੱਡ ਰਹੇ ਹਨ ਅਤੇ ਸਮਾਜ ਅਤੇ ਜਨਤਕ ਜੀਵਨ ਵਿੱਚ ਅਰਥਪੂਰਨ ਯੋਗਦਾਨ ਪਾਉਂਦੇ ਰਹਿਣਗੇ।

ਇੰਨਾ ਲੰਮਾ ਕਾਰਜਕਾਲ ਕੋਈ ਛੋਟਾ ਕਾਰਨਾਮਾ ਨਹੀਂ ਹੈ : ਰਾਜ ਸਭਾ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ: ਇਸ ਸਦਨ ਨੂੰ ਵਿਦਾਈ ਦੇਣ ਵਾਲੇ ਸਾਰੇ ਸਤਿਕਾਰਯੋਗ ਮੈਂਬਰਾਂ ਵਿੱਚੋਂ, ਕੁਝ ਅਜਿਹੇ ਸਮੇਂ ਜਾ ਰਹੇ ਹਨ ਜਦੋਂ ਸਦਨ ਸੈਸ਼ਨ ਵਿੱਚ ਨਹੀਂ ਹੈ, ਜਦੋਂ ਕਿ ਕੁਝ ਸੈਸ਼ਨ ਦੌਰਾਨ ਹੀ ਆਪਣੀ ਵਿਦਾਇਗੀ ਪ੍ਰਾਪਤ ਕਰ ਰਹੇ ਹਨ। ਹਾਲਾਂਕਿ, ਇਨ੍ਹਾਂ ਸਾਰੇ ਮੈਂਬਰਾਂ ਨੇ ਅਨਮੋਲ ਯੋਗਦਾਨ ਪਾਇਆ ਹੈ। ਮੈਂ ਐਚ.ਡੀ. ਦੇਵਗੌੜਾ, ਮਲਿਕਾਰੁਜਨ ਖੜਗੇ ਅਤੇ ਸ਼ਰਦ ਪਵਾਰ ਵਰਗੇ ਸਤਿਕਾਰਯੋਗ ਨੇਤਾਵਾਂ ਦਾ ਵਿਸ਼ੇਸ਼ ਜ਼ਿਕਰ ਕਰਨਾ ਚਾਹਾਂਗਾ। ਇਹ ਉਹ ਸੀਨੀਅਰ ਨੇਤਾ ਹਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਅੱਧੇ ਤੋਂ ਵੱਧ ਸਮਾਂ ਸੰਸਦੀ ਕਾਰਜਾਂ ਲਈ ਸਮਰਪਿਤ ਕੀਤਾ ਹੈ। ਉਹ ਸਮਾਜ ਦੁਆਰਾ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਰਹੇ ਹਨ, ਆਪਣੀ ਯੋਗਤਾ ਦਾ ਸਭ ਤੋਂ ਵਧੀਆ ਯੋਗਦਾਨ ਪਾਉਂਦੇ ਹੋਏ ਅਤੇ ਸਦਨ ਪ੍ਰਤੀ ਅਟੁੱਟ ਸਮਰਪਣ ਨਾਲ। ਇਹ ਉਹ ਚੀਜ਼ ਹੈ ਜੋ ਸਾਨੂੰ ਸਾਰਿਆਂ ਨੂੰ ਇਨ੍ਹਾਂ ਸੀਨੀਅਰ ਨੇਤਾਵਾਂ ਤੋਂ ਸਿੱਖਣੀ ਚਾਹੀਦੀ ਹੈ; ਮੈਂ ਉਨ੍ਹਾਂ ਦੇ ਯੋਗਦਾਨ ਦੀ ਦਿਲੋਂ ਕਦਰ ਕਰਦਾ ਹਾਂ, ਕਿਉਂਕਿ ਇੰਨਾ ਲੰਮਾ ਕਾਰਜਕਾਲ ਕੋਈ ਛੋਟਾ ਕਾਰਨਾਮਾ ਨਹੀਂ ਹੈ - ਇਹ ਅਸਲ ਵਿੱਚ ਬਹੁਤ ਮਹੱਤਵਪੂਰਨ ਹੈ।

ਰਾਜਨੀਤੀ ਵਿੱਚ ਲੋਕ ਸੇਵਾਮੁਕਤ ਨਹੀਂ ਹੁੰਦੇ : ਪ੍ਰਧਾਨ ਮੰਤਰੀ ਮੋਦੀ ਤੋਂ ਬਾਅਦ, ਕਾਂਗਰਸ ਦੇ ਸੰਸਦ ਮੈਂਬਰ ਮਲਿਕਾਰੁਜਨ ਖੜਗੇ ਨੇ ਵੀ ਸਦਨ ਨੂੰ ਸੰਬੋਧਨ ਕੀਤਾ। ਉਨ੍ਹਾਂ ਟਿੱਪਣੀ ਕੀਤੀ ਕਿ ਰਾਜਨੀਤੀ ਵਿੱਚ ਸ਼ਾਮਲ ਲੋਕ ਕਦੇ ਵੀ ਸੱਚਮੁੱਚ ਸੇਵਾਮੁਕਤ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਆਗੂ ਨਾ ਤਾਂ 'ਥੱਕੇ' ਹੁੰਦੇ ਹਨ ਅਤੇ ਨਾ ਹੀ 'ਰਿਟਾਇਰਡ'। ਮੈਂ ਰਾਜਨੀਤੀ ਵਿੱਚ 54 ਸਾਲ ਬਿਤਾਏ ਹਨ, ਉਨ੍ਹਾਂ ਕਿਹਾ। ਫਿਰ ਵੀ, ਅੱਜ ਵੀ, ਮੈਨੂੰ ਲੱਗਦਾ ਹੈ ਕਿ ਮੈਨੂੰ ਅਜੇ ਵੀ ਬਹੁਤ ਕੁਝ ਸਿੱਖਣਾ ਬਾਕੀ ਹੈ।

## ਰਾਜਸਥਾਨ ਸਰਕਾਰ ਤੋਂ ਪੰਜਾਬ ਦੇ ਪਾਣੀ ਦੀ

ਰਾਜਸਥਾਨ ਦੇ ਸਟੈਂਡ ਵਿੱਚ ਵਿਰੋਧਾਭਾਸ ਦਾ ਜ਼ਿਕਰ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅੱਜ ਵੀ, ਰਾਜਸਥਾਨ 1920 ਦੇ ਸਮਝੌਤੇ ਤਹਿਤ ਪਾਣੀ ਲੈ ਰਿਹਾ ਹੈ, ਪਰ ਜਦੋਂ ਬਕਾਏ ਦੇ ਭੁਗਤਾਨ ਦੀ ਗੱਲ ਆਉਂਦੀ ਹੈ ਤਾਂ ਇਹ 1960 ਦੇ ਸਮਝੌਤੇ ਦਾ ਸਹਾਰਾ ਲੈ ਲੈਂਦਾ ਹੈ।"
ਉਨ੍ਹਾਂ ਅੱਗੇ ਕਿਹਾ, "ਉਸ ਸਮੇਂ ਦੀਆਂ ਸਰਕਾਰਾਂ ਨੇ 1960 ਵਿੱਚ ਨਵੀਂ ਵਿਵਸਥਾ ਵਿੱਚ ਸ਼ਾਮਲ ਹੁੰਦੇ ਸਮੇਂ ਭੁਗਤਾਨ ਦਾ ਜ਼ਿਕਰ ਨਹੀਂ ਕੀਤਾ, ਪਰ ਉਨ੍ਹਾਂ ਨੇ 1920 ਦੇ ਸਮਝੌਤੇ ਨੂੰ ਵੀ ਕਦੇ ਰੱਦ ਨਹੀਂ ਕੀਤਾ।"
ਇਸ ਮਾਮਲੇ ਵਿੱਚ ਪਿਛਲੇ ਸਮੇਂ ਦੀਆਂ ਕਾਰਵਾਈਆਂ 'ਤੇ ਗੰਭੀਰ ਸਵਾਲ ਉਠਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਮਝੌਤੇ ਵਿੱਚ ਸਪੱਸ਼ਟ ਤੌਰ 'ਤੇ ਹਰ 25 ਸਾਲਾਂ ਬਾਅਦ ਸਮੀਖਿਆ ਨੂੰ ਲਾਜ਼ਮੀ ਕੀਤਾ ਗਿਆ ਸੀ, ਪਰ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਇਸ ਮੁੱਦੇ ਨੂੰ ਨਹੀਂ ਉਠਾਇਆ ਅਤੇ ਨਾ ਹੀ ਪੰਜਾਬ ਦੇ ਜਾਇਜ਼ ਦਾਅਵੇ ਦੀ ਪੈਰਵੀ ਕੀਤੀ।"
ਇਤਿਹਾਸਕ ਸੰਦਰਭ ਨੂੰ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਲ 1920 ਵਿੱਚ ਬ੍ਰਿਟਿਸ਼ ਰਾਜ ਦੌਰਾਨ ਬੀਕਾਨੇਰ ਨਾਲ ਹੋਏ ਇੱਕ ਸਮਝੌਤੇ ਤਹਿਤ 1960 ਤੱਕ ਪੰਜਾਬ ਦਾ 18,000 ਕਿਊਸਿਕ ਪਾਣੀ ਲਗਾਤਾਰ ਸਪਲਾਈ ਕੀਤਾ ਜਾਂਦਾ ਰਿਹਾ। ਹਾਲਾਂਕਿ, ਸਿੰਧੂ ਜਲ ਸੰਧੀ ਤੋਂ ਬਾਅਦ ਇਸ ਸਮਝੌਤੇ ਦਾ ਕੋਈ ਜ਼ਿਕਰ ਨਹੀਂ ਸੀ। ਜੇਕਰ ਅਸੀਂ 1960 ਤੋਂ 2026 ਤੱਕ ਦੇ ਬਕਾਏ ਦਾ ਹਿਸਾਬ ਲਗਾਈਏ ਤਾਂ ਰਾਜਸਥਾਨ ਪੰਜਾਬ ਦਾ 1.44 ਲੱਖ ਕਰੋੜ ਬਕਾਇਆ ਹੈ।"
ਮੁੱਖ ਮੰਤਰੀ ਨੇ ਅੱਗੇ ਕਿਹਾ, "ਅਸੀਂ ਇਹ ਮੁੱਦਾ ਕੇਂਦਰ ਸਰਕਾਰ ਅਤੇ ਰਾਜਸਥਾਨ ਸਰਕਾਰ, ਦੋਵਾਂ ਕੋਲ ਉਠਾਇਆ ਹੈ।"
ਉਨ੍ਹਾਂ ਅੱਗੇ ਕਿਹਾ, "ਪੰਜਾਬ ਸਰਕਾਰ ਨੇ ਰਾਜਸਥਾਨ ਸਰਕਾਰ ਨੂੰ ਇਸ ਮੁੱਦੇ 'ਤੇ ਚਰਚਾ ਕਰਨ ਲਈ ਮੀਟਿੰਗ ਦੀ ਮੰਗ ਕਰਨ ਲਈ ਇਕ ਪੱਤਰ ਵੀ ਲਿਖਿਆ ਹੈ।"
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਏਗਾ।
ਉਨ੍ਹਾਂ ਕਿਹਾ, "ਸਾਡੀ ਸਰਕਾਰ ਸਾਲ 1920 ਦੇ ਸਮਝੌਤੇ ਦੀ ਸਮੀਖਿਆ ਦੀ ਮੰਗ ਕਰਦੀ ਹੈ ਤਾਂ ਜੋ ਪੰਜਾਬ ਆਪਣੇ ਜਾਇਜ਼ ਬਕਾਏ ਦੀ ਵਸੂਲੀ ਕਰ ਸਕੇ। ਅਸੀਂ ਇਸ ਮੁੱਦੇ ਨੂੰ ਸਾਰੇ ਮੰਚਾਂ 'ਤੇ ਜ਼ੋਰਦਾਰ ਢੰਗ ਨਾਲ ਉਠਾਵਾਂਗੇ ਅਤੇ ਇਹ ਯਕੀਨੀ ਬਣਾਵਾਂਗੇ ਕਿ ਪੰਜਾਬ ਨੂੰ ਉਹ ਮਿਲੇ, ਜੋ ਉਸ ਦਾ ਹੱਕ ਹੈ। ਅਸੀਂ ਇਸ ਪੈਸੇ ਦੀ ਵਸੂਲੀ ਲਈ ਕੋਈ ਕਸਰ ਨਹੀਂ ਛੱਡਾਂਗੇ।"

## 'ਸਿਰਫ਼ 4 ਸਾਲਾਂ 'ਚ

## ਭਾਖੜਾ ਦੇ ਬਰਾਬਰ

ਢਾਂਚੇ ਦੀ ਮਜ਼ਬੂਤੀ 'ਤੇ 6,700 ਕਰੋੜ ਰੁਪਏ ਖਰਚ ਕੀਤੇ ਗਏ ਹਨ ਜੋ ਕਿ ਪੰਜਾਬ ਦੇ ਇਤਿਹਾਸ ਵਿੱਚ ਹੁਣ ਤੱਕ ਕੀਤਾ ਗਿਆ ਸਭ ਤੋਂ ਵੱਧ ਖਰਚ ਹੈ।"
ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਹਿਰੀ ਪਾਣੀ ਨਾਲ ਲੱਗਭੱਗ 75.90 ਲੱਖ ਏਕੜ ਵਿੱਚ ਸਿੰਚਾਈ ਕੀਤੀ ਜਾ ਸਕਦੀ ਹੈ ਜਦਕਿ ਮਾਰਚ 2022 ਤੱਕ ਸਿਰਫ 20.89 ਲੱਖ ਏਕੜ ਨੂੰ ਹੀ ਨਹਿਰੀ ਪਾਣੀ ਮਿਲ ਰਿਹਾ ਸੀ, ਜੋ ਮਹਿਜ਼ 26.5 ਫੀਸਦ ਹੀ ਬਣਦਾ ਹੈ।
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅੱਜ ਅਸੀਂ ਨਹਿਰੀ ਪਾਣੀ ਨਾਲ ਸਿੰਚਾਈ ਹੇਠ ਰਕਬਾ ਲੱਗਭੱਗ 58 ਲੱਖ ਏਕੜ ਤੱਕ ਵਧਾ ਦਿੱਤਾ ਹੈ ਜਿਸ ਨਾਲ ਨਹਿਰੀ ਪਾਣੀ ਦੀ ਵਰਤੋਂ ਲਗਭਗ 78 ਫ਼ੀਸਦ ਹੋ ਗਈ ਹੈ। ਇਹ ਪਹਿਲਾਂ ਦੇ ਅੰਕੜਿਆਂ ਨਾਲੋਂ ਲੱਗਭੱਗ ਤਿੰਨ ਗੁਣਾ ਹੈ।" ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਉਪਲਬਧ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾਇਆ ਹੈ।
ਜ਼ਮੀਨੀ ਪੱਧਰ 'ਤੇ ਕੀਤੇ ਗਏ ਵਿਆਪਕ ਕੰਮਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ, "ਅਸੀਂ ਲੱਗਭੱਗ 13,000 ਕਿਲੋਮੀਟਰ ਨਹਿਰਾਂ ਦੇ ਨਿਰਮਾਣ ਤੇ ਮੁਰੰਮਤ ਲਈ ਲੱਗਭੱਗ 2,000 ਕਰੋੜ ਰੁਪਏ ਖਰਚ ਕੀਤੇ ਹਨ, ਜਿਸ ਕਾਰਨ ਨਹਿਰੀ ਪਾਣੀ ਹੁਣ 58 ਲੱਖ ਏਕੜ ਰਕਬੇ ਤੱਕ ਪਹੁੰਚ ਰਿਹਾ ਹੈ। ਇਸ ਦੇ ਨਾਲ ਲੱਗਭੱਗ 7,000 ਖਾਲਿਆਂ ਨੂੰ ਬਹਾਲ ਕੀਤਾ ਗਿਆ ਹੈ।" ਉਨ੍ਹਾਂ ਅੱਗੇ ਕਿਹਾ, "ਕੁੱਲ 15,539 ਨਹਿਰਾਂ ਦੀ ਸਫਾਈ ਕੀਤੀ ਗਈ ਹੈ ਅਤੇ 18,349 ਜਲ ਮਾਰਗਾਂ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ, ਜਿਸ ਨਾਲ ਹੁਣ ਸੂਬੇ ਦੇ ਦੂਰ-ਦਰਾਡੇ ਵਾਲੇ ਖੇਤਾਂ ਤੱਕ ਵੀ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ।"
ਢਾਂਚਾਗਤ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ 545 ਕਿਲੋਮੀਟਰ ਤੱਕ ਫੈਲੀਆਂ 101 ਬੰਦ ਪਈਆਂ ਨਹਿਰਾਂ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ। ਇਹਨਾਂ ਵਿੱਚੋਂ ਬਹੁਤ ਸਾਰੀਆਂ ਨਹਿਰਾਂ 30 ਤੋਂ 40 ਸਾਲਾਂ ਤੋਂ ਬੰਦ ਸਨ ਅਤੇ ਮਿੱਟੀ ਨਾਲ ਵੀ ਭਰੀਆਂ ਹੋਈਆਂ ਸਨ। ਅਸੀਂ ਇੱਕ ਇੰਚ ਜ਼ਮੀਨ 'ਤੇ ਕਬਜ਼ਾ ਲਏ ਬਿਨਾਂ ਇਹਨਾਂ ਨਹਿਰਾਂ ਨੂੰ ਬਹਾਲ ਕੀਤਾ ਹੈ।"
ਉਨ੍ਹਾਂ ਅੱਗੇ ਕਿਹਾ ਕਿ ਸਿਰਫ ਬਰਸਾਤੀ ਨਾਲਿਆਂ ਨੂੰ ਮੁੜ ਸੁਰਜੀਤ ਕਰਨ ਨਾਲ 2.75 ਲੱਖ ਏਕੜ ਨੂੰ ਨਹਿਰੀ ਸਿੰਚਾਈ ਹੇਠ ਲਿਆਉਣ ਵਿੱਚ ਮੱਦਦ ਮਿਲੀ ਹੈ। ਉਨ੍ਹਾਂ ਕਿਹਾ, "ਪੁਰਾਣੀਆਂ ਨਹਿਰੀ ਪ੍ਰਣਾਲੀਆਂ ਨੂੰ ਬਹਾਲ ਕਰਕੇ ਅਸੀਂ ਇਹ ਯਕੀਨੀ ਬਣਾਇਆ ਹੈ ਕਿ ਹੁਣ ਖੇਤਾਂ ਤੱਕ 10,000 ਕਿਊਸਿਕ ਵਾਧੂ ਪਾਣੀ ਪਹੁੰਚ ਰਿਹਾ ਹੈ। ਅਸਲ ਵਿੱਚ ਅਸੀਂ ਬਿਨਾਂ ਕੋਈ ਜ਼ਮੀਨ ਪ੍ਰਾਪਤ ਕੀਤੇ ਨਵੀਂ 'ਭਾਖੜਾ ਨਹਿਰ' ਬਣਾਈ ਹੈ।"
ਤਰਨਤਾਰਨ ਜ਼ਿਲ੍ਹੇ ਦੀ ਸ਼ਾਨਦਾਰ ਉਦਾਹਰਣ ਸਾਂਝੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਿਛਲੀਆਂ ਸਰਕਾਰਾਂ ਦੀ ਲਾਪਰਵਾਹੀ ਕਾਰਨ 22 ਕਿਲੋਮੀਟਰ ਲੰਬੀ ਸਰਹਾਲੀ ਮਾਈਨਰ ਨਹਿਰ ਪੂਰੀ ਤਰ੍ਹਾਂ ਅਲੋਪ ਹੋ ਗਈ ਸੀ। ਜਦੋਂ ਸਾਡੇ ਇੰਜੀਨੀਅਰਾਂ ਨੇ ਕੰਮ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਨਹਿਰ ਨੂੰ ਜ਼ਮੀਨਦੋਜ਼ ਲੱਭਿਆ। ਸਥਾਨਕ ਲੋਕ ਵੀ ਇਸ ਦੀ ਹੋਂਦ ਨੂੰ ਭੁੱਲ ਗਏ ਸਨ। ਅੱਜ ਅਸੀਂ ਇਸ ਨੂੰ ਮੁੜ ਸੁਰਜੀਤ ਕੀਤਾ ਅਤੇ ਪੂਰੀ ਤਰ੍ਹਾਂ ਕਾਰਜਸ਼ੀਲ ਕਰ ਦਿੱਤਾ ਹੈ।"
ਮੁੱਖ ਨਹਿਰੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਬਾਰੇ ਉਨ੍ਹਾਂ ਕਿਹਾ, "ਫਿਰੋਜ਼ਪੁਰ ਫੀਡਰ ਨਹਿਰ, ਜੋ ਅਸਲ ਵਿੱਚ 1952 ਵਿੱਚ ਬਣਾਈ ਗਈ ਸੀ, ਨੂੰ ਰਿਕਾਰਡ 35 ਦਿਨਾਂ ਵਿੱਚ ਅਪਗ੍ਰੇਡ ਕੀਤਾ ਗਿਆ ਸੀ, ਜਿਸ ਨਾਲ ਇਸ ਦੀ ਸਮਰੱਥਾ ਵਿੱਚ 2,682 ਕਿਊਸਿਕ ਦਾ ਵਾਧਾ ਹੋਇਆ ਸੀ। ਇਸੇ ਤਰ੍ਹਾਂ ਮਾਲਵੇ ਦੀ ਜੀਵਨ ਰੇਖਾ ਮੰਨੀ ਜਾਂਦੀ ਸਰਹਿੰਦ ਨਹਿਰ ਜਿਸ ਨੂੰ 1950 ਦੇ ਆਸਪਾਸ ਬਣਾਇਆ ਗਿਆ ਸੀ, ਨੂੰ 75 ਸਾਲਾਂ ਬਾਅਦ ਅਪਗ੍ਰੇਡ ਕੀਤਾ ਗਿਆ ਹੈ ਜਿਸ ਨਾਲ ਇਸਦੀ ਸਮਰੱਥਾ ਵਿੱਚ 2,844 ਕਿਊਸਿਕ ਦਾ ਵਾਧਾ ਹੋਇਆ ਹੈ।"
ਉਨ੍ਹਾਂ ਅੱਗੇ ਕਿਹਾ, "ਸਰਹਿੰਦ ਅਤੇ ਪਟਿਆਲਾ ਵਰਗੀਆਂ ਵੱਡੀਆਂ ਨਹਿਰਾਂ ਦੀ ਲਾਈਨਿੰਗ ਕਰਕੇ, ਅਸੀਂ ਪਾਣੀ ਦੀ ਉਪਲਬਧਤਾ ਵਿੱਚ ਲੱਗਭੱਗ 1.5 ਐਮਏਐਫ ਦਾ ਵਾਧਾ ਕੀਤਾ ਹੈ ਅਤੇ ਇਹ ਯਕੀਨੀ ਬਣਾਇਆ ਹੈ ਕਿ ਸੂਬੇ ਦੇ ਦੂਰ-ਦਰਾਡੇ ਦੇ ਖੇਤਾਂ ਨੂੰ ਵੀ ਹੁਣ ਪਾਣੀ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ।"
ਕਿਸਾਨਾਂ ਨੂੰ ਲੰਮੇ ਸਮੇਂ ਤੋਂ ਦਰਪੇਸ਼ ਸਮੱਸਿਆਵਾਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਹਿਲਾਂ ਨਹਿਰਾਂ ਵਿੱਚ ਪਾਣੀ ਰੋਟੇਸ਼ਨਲ ਆਧਾਰ 'ਤੇ ਸਪਲਾਈ ਕੀਤਾ ਜਾਂਦਾ ਸੀ, ਜਿਸ ਨਾਲ ਕਿਸਾਨਾਂ ਨੂੰ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਸੀ। ਪਹਿਲੀ ਵਾਰ ਅਸੀਂ ਇਸ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਹੈ ਅਤੇ ਇਹ ਯਕੀਨੀ ਬਣਾਇਆ ਹੈ ਕਿ ਕਿਸਾਨਾਂ ਨੂੰ ਹਰ ਰੋਜ਼ ਪਾਣੀ ਮਿਲੇ।"
ਉਨ੍ਹਾਂ ਅੱਗੇ ਦੱਸਿਆ ਕਿ ਸਰਕਾਰ ਨੇ ਪਾਣੀ ਦੀ ਬਰਾਬਰ ਵੰਡ ਨੂੰ ਯਕੀਨੀ ਬਣਾਉਣ ਲਈ ਲੋੜ ਪੈਣ 'ਤੇ ਹਰੀਕੇ ਪੱਤਣ ਵੱਲ ਨਹਿਰਾਂ ਉਲਟੀ ਦਿਸ਼ਾ ਵਿੱਚ ਚਲਾਈਆਂ।
ਕੰਢੀ ਖੇਤਰ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹੁਸ਼ਿਆਰਪੁਰ ਵਿੱਚ ਕੰਢੀ ਨਹਿਰ, ਜੋ

# ਪਹਿਲੇ ਸਫ਼ੇ ਦੀ ਬਾਕੀ

ਲੱਗਭੱਗ 40 ਸਾਲਾਂ ਤੋਂ ਬੰਦ ਪਈ ਸੀ, ਨੂੰ ਹੁਣ ਮੁੜ ਬਹਾਲ ਕੀਤਾ ਗਿਆ ਹੈ। ਇਲਾਕੇ ਦੇ ਲੋਕ ਪਾਣੀ ਦੀ ਅਸਲ ਕੀਮਤ ਸਮਝਦੇ ਹਨ ਅਤੇ ਇਸ ਨਹਿਰ ਦੀ ਮੁੜ ਬਹਾਲੀ ਨਾਲ ਉਨ੍ਹਾਂ ਨੂੰ ਬਹੁਤ ਰਾਹਤ ਮਿਲੀ ਹੈ।" ਉਨ੍ਹਾਂ ਅੱਗੇ ਕਿਹਾ ਕਿ ਨਹਿਰੀ ਢਾਂਚੇ ਦੇ ਵਿਸਥਾਰ ਸਦਕਾ ਆਜ਼ਾਦੀ ਤੋਂ ਬਾਅਦ ਹੁਣ ਪਹਿਲੀ ਵਾਰ ਲੱਗਭੱਗ 1400 ਪਿੰਡ ਨੂੰ ਨਹਿਰੀ ਪਾਣੀ ਮਿਲ ਰਿਹਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਪਿੰਡਾਂ ਨੇ 20-50 ਸਾਲਾਂ ਤੋਂ ਨਹਿਰੀ ਪਾਣੀ ਨਹੀਂ ਦੇਖਿਆ ਸੀ।"
ਉਨ੍ਹਾਂ ਇਹ ਵੀ ਦੱਸਿਆ ਕਿ ਚੀਮਾ ਮਾਈਨਰ, ਫਿਲੌਰ ਮਾਈਨਰ, ਕਰਮਗੜ੍ਹ ਲਿੰਕ, ਰਾਜਪੁਰਾ, ਪਾਤੜਾਂ, ਘੱਗਰ ਅਤੇ ਕੋਟਲਾ ਵਰਗੀਆਂ ਨਵੀਆਂ ਨਹਿਰੀ ਪ੍ਰਣਾਲੀਆਂ ਨੇ ਖੇਤਰਾਂ ਵਿੱਚ ਸਿੰਚਾਈ ਸਹੂਲਤਾਂ ਵਧਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ।
ਬੁਨਿਆਦੀ ਢਾਂਚੇ ਦੇ ਵਿਸਥਾਰ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ ਕਈ ਜ਼ਿਲ੍ਹਿਆਂ ਵਿੱਚ ਸਿੰਚਾਈ ਵਿਵਸਥਾ ਨੂੰ ਮਜ਼ਬੂਤ ਕਰਨ ਲਈ 8 ਨਵੀਆਂ ਨਹਿਰਾਂ ਬਣਾਈਆਂ ਹਨ ਅਤੇ 18 ਪੰਪ ਸਿਸਟਮ ਚਾਲੂ ਕੀਤੇ ਹਨ।"
ਪ੍ਰਸ਼ਾਸਕੀ ਸੁਧਾਰਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ, "ਕੁਸ਼ਲਤਾ ਵਿੱਚ ਸੁਧਾਰ ਲਿਆਉਣ ਲਈ ਅਸੀਂ ਫਤਿਹਗੜ੍ਹ ਨਹਿਰ ਡਿਵੀਜ਼ਨ ਅਤੇ ਤਰਨਤਾਰਨ ਨਹਿਰ ਡਿਵੀਜ਼ਨ ਵਰਗੇ ਸਮਰਪਿਤ ਨਹਿਰੀ ਪਾਣੀ ਅਤੇ ਭੂਮੀਗਤ ਡਿਵੀਜ਼ਨ ਤਿਆਰ ਕੀਤੇ ਹਨ ਅਤੇ ਜਵਾਬਦੇਹੀ ਤੇ ਤੁਰੰਤ ਅਮਲ ਨੂੰ ਯਕੀਨੀ ਬਣਾਉਣ ਲਈ ਸਥਾਈ ਤੌਰ ਉਤੇ ਅਧਿਕਾਰੀ ਤਾਇਨਾਤ ਕੀਤੇ ਗਏ ਹਨ।"
ਧਰਤੀ ਹੇਠਲੇ ਪਾਣੀ ਦੀ ਸੰਭਾਲ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਡੀਆਂ ਕੋਸ਼ਿਸ਼ਾਂ ਸਦਕਾ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਨੂੰ ਕਾਫ਼ੀ ਹੱਦ ਤੱਕ ਘਟਾਇਆ ਗਿਆ ਹੈ। ਗੁਰਦਾਸਪੁਰ ਦੇ ਇੱਕ ਪਿੰਡ ਵਿੱਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ 61.48 ਫੀਸਦ ਤੋਂ ਘਟ ਕੇ ਲੱਗਭੱਗ 31 ਫੀਸਦੀ ਹੋ ਗਈ ਹੈ ਜੋ ਇਕ ਸ਼ਾਨਦਾਰ ਪ੍ਰਾਪਤੀ ਹੈ। ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਲਾਭ ਹੋਵੇਗਾ।" ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਦਾ ਉਦੇਸ਼ ਧਰਤੀ ਉਪਰਲੇ ਪਾਣੀ (ਸਰਫੇਸ ਵਾਟਰ) ਦੀ ਵਰਤੋਂ ਨੂੰ ਹੋਰ ਵਧਾਉਣਾ ਅਤੇ ਧਰਤੀ ਹੇਠਲੇ ਸਰੋਤਾਂ 'ਤੇ ਨਿਰਭਰਤਾ ਘਟਾਉਣਾ ਹੈ।
ਆਫ਼ਤ ਪ੍ਰਬੰਧਨ ਅਤੇ ਵਾਤਾਵਰਣ ਬਹਾਲੀ ਬਾਰੇ ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਰੋਕਥਾਮ ਅਤੇ ਪਾਣੀ ਪ੍ਰਬੰਧਨ ਦੇ ਉਦੇਸ਼ ਨਾਲ 195 ਕੰਮਾਂ ਲਈ ਰਾਜ ਆਫ਼ਤ ਰਾਹਤ ਫੰਡ ਵਿੱਚੋਂ 477 ਕਰੋੜ ਰੁਪਏ ਖ਼ਰਚੇ ਗਏ ਹਨ। ਅਸੀਂ 199 ਡੀ-ਸਿਲਟਿੰਗ ਸਾਈਟਾਂ ਦੀ ਪਛਾਣ ਕੀਤੀ ਹੈ ਅਤੇ ਜੰਗੀ ਪੱਧਰ 'ਤੇ ਨਾਲਿਆਂ ਦੀ ਸਫਾਈ ਲਈ ਨਵੀਆਂ ਚੇਨ-ਮਾਊਂਟ ਕੀਤੀਆਂ ਮਸ਼ੀਨਾਂ ਤਾਇਨਾਤ ਕੀਤੀਆਂ ਹਨ।"
ਉਨ੍ਹਾਂ ਅੱਗੇ ਕਿਹਾ, "ਸਤਲੁਜ, ਰਾਵੀ ਅਤੇ ਘੱਗਰ ਵਰਗੇ ਦਰਿਆਵਾਂ ਵਿੱਚੋਂ ਗਾਰ ਕੱਢਣ ਦਾ ਕੰਮ ਚੱਲ ਰਿਹਾ ਹੈ ਅਤੇ ਇਸ ਤਹਿਤ 245 ਮਿਲੀਅਨ ਘਣ ਫੁੱਟ ਗਾਰ ਕੱਢਣ ਦਾ ਟੀਚਾ ਹੈ, ਜਿਸ ਵਿੱਚੋਂ ਮਹੱਤਵਪੂਰਨ ਪ੍ਰਗਤੀ ਪਹਿਲਾਂ ਹੀ ਹੋ ਚੁੱਕੀ ਹੈ। ਇਸ ਤੋਂ ਇਲਾਵਾ ਹੜ੍ਹਾਂ ਦੇ ਨੁਕਸਾਨ ਨੂੰ ਰੋਕਣ ਲਈ 206 ਕਿਲੋਮੀਟਰ ਦਰਿਆਈ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।"
ਉਨ੍ਹਾਂ ਅੱਗੇ ਕਿਹਾ, " ਨਜਾਇਜ਼ ਕਬਜ਼ਿਆਂ ਨੂੰ ਰੋਕਣ ਅਤੇ ਜਾਨ-ਮਾਲ ਦੀ ਰੱਖਿਆ ਲਈ ਪੰਜਾਬ ਨਹਿਰ ਅਤੇ ਡਰੇਨੇਜ ਐਕਟ, 2023 ਤਹਿਤ 850 ਵਿੱਚੋਂ 849 ਨਾਲਿਆਂ ਨੂੰ ਨੋਟੀਫਾਈ ਕੀਤਾ ਗਿਆ ਹੈ।"
ਲੰਬੇ ਸਮੇਂ ਤੋਂ ਰੁਕੇ ਬੁਨਿਆਦੀ ਢਾਂਚੇ ਸਬੰਧੀ ਪ੍ਰੋਜੈਕਟ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ, ਜੋ 25 ਸਾਲਾਂ ਤੋਂ ਵੱਧ ਸਮੇਂ ਤੋਂ ਲਟਕਿਆ ਹੋਇਆ ਸੀ, ਹੁਣ 3394.49 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋ ਗਿਆ ਹੈ। ਇਸ ਨਾਲ ਰਣਜੀਤ ਸਾਗਰ ਡੈਮ ਦੀ ਕੁਸ਼ਲਤਾ ਵਧੇਗੀ ਅਤੇ ਪਾਕਿਸਤਾਨ ਦੇ ਇਲਾਕੇ 'ਚ ਵਹਿੰਦੇ ਸਾਡੇ ਪਾਣੀ 'ਤੇ ਰੋਕ ਲਗੇਗੀ।"
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਜ਼ਬੂਤ ਸਟੈਂਡ ਲੈਂਦਿਆਂ ਕਿਹਾ, "ਜਿਨ੍ਹਾਂ ਨੇ ਪੰਜਾਬ ਦੇ ਪਾਣੀਆਂ ਦੇ ਰਾਖੇ ਹੋਣ ਦਾ ਦਾਅਵਾ ਕੀਤਾ ਸੀ, ਉਨ੍ਹਾਂ ਨੇ ਹੀ ਸਾਡੇ ਪਾਣੀਆਂ ਨੂੰ ਤਬਾਹ ਕਰ ਦਿੱਤਾ। ਅਸੀਂ ਆਪਣੇ ਪਾਣੀਆਂ ਅਤੇ ਸਿਸਟਮ ਦੋਵਾਂ ਨੂੰ ਮੁੜ ਸੁਰਜੀਤ ਕੀਤਾ ਹੈ।"
ਉਨ੍ਹਾਂ ਕਿਹਾ, "ਨਹਿਰੀ ਪਾਣੀ ਵਿੱਚ ਜ਼ਰੂਰੀ ਖਣਿਜ ਹੁੰਦੇ ਹਨ ਅਤੇ ਇਸ ਦੀ ਵਧਦੀ ਉਪਲਬਧਤਾ ਫਸਲੀ ਉਤਪਾਦਕਤਾ ਵਿੱਚ ਅਹਿਮ ਸੁਧਾਰ ਲਿਆਏਗੀ। ਕਿਸਾਨ ਖੁਸ਼ ਹਨ, ਕਿਉਂਕਿ ਬਹੁਤ ਸਾਰੇ ਲੋਕਾਂ ਨੂੰ ਪਹਿਲੀ ਵਾਰ ਆਪਣੇ ਖੇਤਾਂ ਵਿੱਚ ਨਹਿਰੀ ਪਾਣੀ ਮਿਲਿਆ ਹੈ।"
ਪੰਜਾਬ ਦੀ ਅਧਿਆਤਮਿਕ ਭਾਵਨਾ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ, "ਅਸੀਂ ਆਪਣੇ ਗੁਰੂਆਂ ਦੇ ਮਹਾਨ ਸੰਦੇਸ਼ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਤੋਂ ਸੇਧ ਲੈਂਦੇ ਹਾਂ ਅਤੇ ਅਸੀਂ ਆਪਣੇ ਕੁਦਰਤੀ ਸਰੋਤਾਂ ਦੀ ਰਾਖੀ ਲਈ ਵਚਨਬੱਧ ਹਾਂ।"
ਉਨ੍ਹਾਂ ਅੱਗੇ ਕਿਹਾ ਕਿ ਸਿੰਚਾਈ ਵਿਭਾਗ ਨੂੰ ਮਾਲੀਆ ਪੈਦਾ ਕਰਨ ਵਾਲੇ ਮਾਡਲ ਵਜੋਂ ਵੀ ਵਿਕਸਤ ਕੀਤਾ ਜਾ ਰਿਹਾ ਹੈ।
ਉਨ੍ਹਾਂ ਅੱਗੇ ਕਿਹਾ ਕਿ ਅਸੀਂ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਮਾਲੀਆ ਪੈਦਾ ਕਰਨ ਲਈ ਬੋਟਿੰਗ ਸਹੂਲਤਾਂ, ਆਰਾਮ ਘਰ, ਹੈੱਡਵਰਕਸ ਅਤੇ ਹੋਰ ਬੁਨਿਆਦੀ ਢਾਂਚੇ ਸਮੇਤ 26 ਸੈਰ-ਸਪਾਟਾ ਸਥਾਨ ਵਿਕਸਤ ਕੀਤੇ ਹਨ।"
ਇਸ ਮੌਕੇ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਅਤੇ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ।

## ਜਿੰਮ 'ਚੋਂ ਨਿਕਲੇ ਮੁੰਡੇ

ਪਟਿਆਲ ਲੈਂਦਾ ਹਾਂ। ਇਸ ਵਿਚ ਇਹ ਦੋਸ਼ ਲਗਾਇਆ ਗਿਆ ਹੈ ਕਿ ਉਕਤ ਨੌਜਵਾਨ ਉਨ੍ਹਾਂ ਦੇ ਵਿਰੋਧੀ ਦਾ ਖ਼ਬਰੀ ਸੀ ਤੇ ਉਸ ਨੂੰ ਫ਼ਿਰੌਤੀਆਂ ਲੈ ਕੇ ਦਿੰਦਾ ਸੀ। ਇਸ ਦੇ ਨਾਲ ਹੀ ਇਕ ਕਤਲ ਮਾਮਲੇ ਵਿਚ ਵੀ ਉਸ ਦਾ ਹੱਥ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਇਹ ਪੋਸਟ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਪੁਲਿਸ ਵੱਲੋਂ ਫ਼ਿਲਹਾਲ ਅਧਿਕਾਰਤ ਤੌਰ 'ਤੇ ਇਸ ਬਾਰੇ ਕੁਝ ਨਹੀਂ ਆਖਿਆ ਗਿਆ। ਪੁਲਿਸ ਵੱਲੋਂ ਹਰ ਐਂਗਲ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ 'ਚ 2 ਦਿਨਾਂ ਲਈ ਅਲਰਟ

ਸੈਲਸੀਅਸ ਦੇ ਆਸ-ਪਾਸ ਸਥਿਰ ਰਹਿਣ ਦੀ ਉਮੀਦ ਹੈ। ਮੈਦਾਨੀ ਇਲਾਕਿਆਂ ਵਿੱਚ ਮੀਂਹ ਦੇ ਨਾਲ-ਨਾਲ ਪਹਾੜੀ ਖੇਤਰਾਂ ਜਿਵੇਂ ਕਿ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਭਾਰੀ ਬਰਫ਼ਬਾਰੀ ਹੋ ਰਹੀ ਹੈ, ਜਿਸ ਨਾਲ ਆਮ ਜਨਜੀਵਨ ਪ੍ਰਭਾਵਿਤ ਹੋਇਆ ਹੈ। ਮੌਸਮ ਦਾ ਇਹ ਬਦਲਾਅ ਸਿਰਫ਼ ਉੱਤਰ ਤੱਕ ਸੀਮਿਤ ਨਹੀਂ ਹੈ। ਮੱਧ ਪ੍ਰਦੇਸ਼, ਛੱਤੀਸਗੜ੍ਹ, ਓਡੀਸ਼ਾ ਅਤੇ ਪੱਛਮੀ ਬੰਗਾਲ ਵਿੱਚ ਵੀ ਆਉਣ ਵਾਲੇ ਦਿਨਾਂ ਵਿੱਚ ਮੀਂਹ ਅਤੇ ਗਰਜ-ਤੂਫ਼ਾਨ ਦੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿੱਚ ਆਏ ਇਸ ਅਚਾਨਕ ਬਦਲਾਅ ਅਤੇ ਗੜ੍ਹੇਮਾਰੀ ਦੀ ਸੰਭਾਵਨਾ ਨੇ ਕਿਸਾਨਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ ਕਿਉਂਕਿ ਇਹ ਪੱਕਣ ਵਾਲੀਆਂ ਫਸਲਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਮੌਸਮ ਵਿਭਾਗ ਨੇ ਲੋਕਾਂ ਅਤੇ ਖੇਤੀਬਾੜੀ ਨਾਲ ਜੁੜੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਹਦਾਇਤ ਦਿੱਤੀ ਹੈ। ਰਾਹਤ ਦੀ ਗੱਲ ਇਹ ਹੈ ਕਿ 21 ਮਾਰਚ ਤੋਂ ਮੌਸਮ ਵਿੱਚ ਸੁਧਾਰ ਹੋਣਾ ਸ਼ੁਰੂ ਹੋ ਜਾਵੇਗਾ ਅਤੇ 22 ਮਾਰਚ ਤੱਕ ਹਾਲਾਤ ਮੁੜ ਸਧਾਰਣ ਹੋਣ ਦੀ ਉਮੀਦ ਹੈ।

## ਵਾਰਡਬੰਦੀ ਦੀਆਂ 2025 ਤੋਂ ਬਾਅਦ

ਇਨ੍ਹਾਂ ਪਹਿਲਾਂ ਦੇ ਨੋਟੀਫਿਕੇਸ਼ਨਾਂ 'ਤੇ ਗੰਭੀਰ ਇਤਰਾਜ਼ ਉਠਾਏ ਹਨ, ਜਿਨ੍ਹਾਂ ਵਿੱਚ ਵਾਰਡ ਹੱਦਬੰਦੀ ਵਿੱਚ ਕਥਿਤ ਬੇਨਿਯਮੀਆਂ ਅਤੇ ਰਾਜਨੀਤਿਕ ਦਖਲਅੰਦਾਜ਼ੀ ਦੇ ਦੋਸ਼ ਸ਼ਾਮਲ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਹੁਣ ਸੋਮਵਾਰ ਨੂੰ ਇਨ੍ਹਾਂ ਸਾਰੀਆਂ ਲੰਬਿਤ ਪਟੀਸ਼ਨਾਂ 'ਤੇ ਵਿਸਥਾਰਤ ਸੁਣਵਾਈ ਕਰੇਗੀ। ਉਮੀਦ ਕੀਤੀ ਜਾ ਰਹੀ ਹੈ ਕਿ ਅਦਾਲਤ ਪੂਰੀ ਵਾਰਡ ਹੱਦਬੰਦੀ ਪ੍ਰਕਿਰਿਆ ਦੀ ਕਾਨੂੰਨੀਤਾ ਅਤੇ ਪਾਰਦਰਸ਼ਤਾ 'ਤੇ ਮਹੱਤਵਪੂਰਨ ਟਿੱਪਣੀਆਂ ਕਰ ਸਕਦੀ ਹੈ। ਇਸ ਘਟਨਾਕ੍ਰਮ ਨਾਲ ਰਾਜ ਵਿੱਚ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਦੀਆਂ ਤਿਆਰੀਆਂ 'ਤੇ ਅਸਰ ਪੈਣ ਦੀ ਉਮੀਦ ਹੈ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜੇਕਰ ਅਦਾਲਤ ਪੁਰਾਣੇ ਨੋਟੀਫਿਕੇਸ਼ਨ 'ਤੇ ਸਖ਼ਤ ਰੁਖ਼ ਅਖਤਿਆਰ ਕਰਦੀ ਹੈ, ਤਾਂ ਚੋਣ ਪ੍ਰਕਿਰਿਆ ਵਿੱਚ ਹੋਰ ਦੇਰੀ ਸੰਭਵ ਹੈ। ਇਸ ਵੇਲੇ, ਪੂਰਾ ਰਾਜ ਸੋਮਵਾਰ ਦੀ ਸੁਣਵਾਈ 'ਤੇ ਕੇਂਦ੍ਰਿਤ ਹੈ, ਜਿੱਥੇ ਇਸ ਸੰਵੇਦਨਸ਼ੀਲ ਮੁੱਦੇ 'ਤੇ ਅਗਲਾ ਵੱਡਾ ਫੈਸਲਾ ਸਾਹਮਣੇ ਆ ਸਕਦਾ ਹੈ।

## ਇਜ਼ਰਾਈਲ ਵੱਲੋਂ ਈਰਾਨੀ ਇੰਟੈਲੀਜੈਂਸ ਮੰਤਰੀ

ਬਣਾਇਆ, ਜਿਸ ਨਾਲ ਦਿਨ ਚੜ੍ਹਦਿਆਂ ਹੀ ਇਹ ਪੂਰੀ ਤਰ੍ਹਾਂ ਤਬਾਹ ਹੋ ਗਈ। ਲਿਬਨਾਨ ਦੇ ਸਿਹਤ ਮੰਤਰਾਲੇ ਦੇ ਅਨੁਸਾਰ ਬੁੱਧਵਾਰ ਤੜਕੇ ਮੱਧ ਬੇਰੂਤ ਦੇ ਹੋਰ ਇਲਾਕਿਆਂ ਵਿੱਚ ਰਿਹਾਇਸ਼ੀ ਅਪਾਰਟਮੈਂਟਾਂ 'ਤੇ ਹੋਏ ਦੋ ਪਹਿਲੇ ਹਮਲਿਆਂ ਵਿੱਚ ਘੱਟੋ-ਘੱਟ ਛੇ ਲੋਕ ਮਾਰੇ ਗਏ ਅਤੇ 24 ਹੋਰ ਜ਼ਖ਼ਮੀ ਹੋ ਗਏ। ਈਰਾਨ ਨਾਲ ਅਮਰੀਕਾ-ਇਜ਼ਰਾਈਲ ਜੰਗ ਵਿੱਚ ਈਰਾਨ ਵਿੱਚ ਘੱਟੋ-ਘੱਟ 1,300 ਲੋਕ, ਲਿਬਨਾਨ ਵਿੱਚ 900 ਤੋਂ ਵੱਧ ਅਤੇ ਇਜ਼ਰਾਈਲ ਵਿੱਚ 14 ਲੋਕ ਮਾਰੇ ਗਏ ਹਨ, ਇਹ ਜਾਣਕਾਰੀ ਉਨ੍ਹਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਦਿੱਤੀ ਹੈ। ਅਮਰੀਕੀ ਫੌਜ ਦਾ ਕਹਿਣਾ ਹੈ ਕਿ 13 ਅਮਰੀਕੀ ਸੇਵਾ ਮੈਂਬਰ ਮਾਰੇ ਗਏ ਹਨ ਅਤੇ ਲਗਪਗ 200 ਜ਼ਖ਼ਮੀ ਹੋਏ ਹਨ। ਇਜ਼ਰਾਇਲ ਦੇ ਰੱਖਿਆ ਮੰਤਰੀ ਇਜ਼ਰਾਇਲ ਕਾਟਜ਼ ਨੇ ਬਿਆਨ 'ਚ ਕਿਹਾ ਕਿ ਦੋਵੇਂ ਸੁਰੱਖਿਆ ਅਧਿਕਾਰੀ ਅਲੀ ਲਾਰੀਜਾਨੀ ਅਤੇ ਜਨਰਲ ਗੁਲਾਮ ਰਜ਼ਾ ਸੁਲੇਮਾਨੀ ਲੰਘੀ ਰਾਤ ਮਾਰੇ ਗਏ ਹਨ। ਈਰਾਨ ਦੇ ਸਰਕਾਰੀ ਮੀਡੀਆ ਨੇ ਹਾਲਾਂਕਿ ਦੋਵਾਂ ਮੌਤਾਂ ਦੀ ਪੁਸ਼ਟੀ ਨਹੀਂ ਕੀਤੀ ਹੈ, ਸਿਰਫ ਇੰਨਾ ਹੀ ਕਿਹਾ ਗਿਆ ਕਿ ਲਾਰੀਜਾਨੀ ਦੇ ਦਫ਼ਤਰ ਵੱਲੋਂ ਜਲਦੀ ਕੋਈ ਬਿਆਨ ਦਿੱਤਾ ਜਾਵੇਗਾ। ਇਜ਼ਰਾਈਲ ਨੇ ਇਹ ਐਲਾਨ ਅਜਿਹੇ ਮੌਕੇ ਕੀਤਾ ਹੈ ਜਦੋਂ ਇਜ਼ਰਾਈਲੀ ਫੌਜ ਨੇ ਤਹਿਰਾਨ ਤੇ ਲਿਬਨਾਨ ਵਿੱਚ ਈਰਾਨ ਹਮਾਇਤੀ ਹਿਜ਼ਬੁੱਲਾ ਦਹਿਸ਼ਤਗਰਦਾਂ ਖ਼ਿਲਾਫ਼ ਹਮਲੇ ਤੇਜ਼ ਕੀਤੇ ਹਨ।
ਉੱਧਰ, ਈਰਾਨ ਤੋਂ ਆਉਣ ਵਾਲੀਆਂ ਮਿਜ਼ਾਈਲਾਂ ਕਰਕੇ ਦੁਬਈ, ਜੋ ਕੌਮਾਂਤਰੀ ਯਾਤਰਾ ਲਈ ਪ੍ਰਮੁੱਖ ਆਵਾਜਾਈ ਕੇਂਦਰ ਹੈ, ਨੂੰ ਆਪਣਾ ਹਵਾਈ ਖੇਤਰ ਥੋੜ੍ਹੇ ਸਮੇਂ ਲਈ ਬੰਦ ਕਰਨਾ ਪਿਆ ਹਾਲਾਂਕਿ ਇਸ ਰੋਕ ਨੂੰ ਜਲਦੀ ਹੀ ਹਟਾ ਦਿੱਤਾ ਗਿਆ। ਇਸ ਦੌਰਾਨ ਈਰਾਨ ਨੇ ਆਪਣੇ ਖਾੜੀ ਅਰਬ ਮੁਲਕਾਂ 'ਤੇ ਹਮਲਿਆਂ ਨਾਲ ਊਰਜਾ ਬੁਨਿਆਦੀ ਢਾਂਚੇ 'ਤੇ ਦਬਾਅ ਬਣਾ ਕੇ ਰੱਖਿਆ ਹੈ। ਈਰਾਨ ਨੇ ਓਮਾਨ ਦੀ ਖਾੜੀ ਨਾਲ ਲੱਗਦੇ ਯੂ.ਏ.ਈ. ਦੇ ਪੂਰਬੀ ਸਾਹਿਲ ਉੱਤੇ ਫੁਜੇਰਾਹ ਵਿੱਚ ਤੇਲ ਟਿਕਾਣੇ ਨੂੰ ਨਿਸ਼ਾਨਾ ਬਣਾਇਆ ਹੈ। ਡਰੋਨ ਹਮਲੇ ਵਿੱਚ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਈਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਗ਼ਰ ਕਲੀਬਾਫ਼ ਨੇ ਕਿਹਾ ਕਿ ਉਨ੍ਹਾਂ ਦੇ ਮੁਲਕ ਕੋਲ ਹਰਮੁਜ਼ ਜਲ ਮਾਰਗ ਤੋਂ ਲੰਘਦੇ ਬੇੜਿਆਂ ਦੀ ਆਵਾਜਾਈ 'ਤੇ ਦਬਾਅ ਬਣਾਉਣ ਤੋਂ ਛੁਟ ਕੋਈ ਚਾਰਾ ਨਹੀਂ ਹੈ।

## ਘਰ ਚਲਾਉਣ ਵਾਲੀਆਂ ਔਰਤਾਂ ਨੂੰ ਹੁਣ ਦੇਸ਼ ਚਲਾਉਣਾ

ਲੱਗਭੱਗ ਹਰ ਖੇਤਰ ਵਿੱਚ ਮੁੰਡਿਆਂ ਨਾਲੋਂ ਅੱਗੇ ਹਨ ਪਰ ਸਿਆਸਤ ਵਿੱਚ ਅਜੇ ਵੀ ਪਿੱਛੇ ਹਨ। ਇਸ ਖੇਤਰ ਨੂੰ ਲੰਬੇ ਸਮੇਂ ਤੋਂ ਮਰਦਾਂ ਦੀ ਜਾਗੀਰ ਮੰਨਿਆ ਜਾਂਦਾ ਰਿਹਾ ਹੈ। ਪਰ ਸਮਾਂ ਆ ਗਿਆ ਹੈ ਕਿ ਔਰਤਾਂ ਸਿਆਸਤ ਵਿੱਚ ਵੀ ਨਾਮਣਾ ਖੱਟਣ। ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਅਤੇ ਜ਼ਮੀਨੀ ਪੱਧਰ 'ਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਔਰਤਾਂ ਦੀ ਭਾਈਵਾਲੀ ਜ਼ਰੂਰੀ ਹੈ। ਔਰਤਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਅਤੇ ਉਨ੍ਹਾਂ ਦੇ ਪਰਿਵਾਰ ਆਪਣੀ ਵੋਟ ਦੀ ਵਰਤੋਂ ਪੂਰੀ ਸਮਝ ਅਤੇ ਧਿਆਨ ਨਾਲ ਕਰਨ ਤਾਂ ਜੋ ਵਿਧਾਨ ਸਭਾ ਅਤੇ ਸੰਸਦ ਲਈ ਯੋਗ ਆਗੂ ਚੁਣੇ ਜਾਣ।'
ਸੂਬੇ ਲਈ ਵਿਆਪਕ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਅੱਗੇ ਕਿਹਾ, 'ਇਹ ਪੰਜਾਬ ਨੂੰ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਸੂਬਾ ਬਣਾਉਣ ਵਿੱਚ ਮੱਦਦ ਕਰੇਗਾ। ਇਹ ਮਾਣ ਵਾਲੀ ਗੱਲ ਹੈ ਕਿ ਅੱਜ ਕੁੜੀਆਂ ਸਾਰੇ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ ਅਤੇ ਸੂਬਾ ਸਰਕਾਰ ਵੱਲੋਂ ਔਰਤਾਂ ਦੇ ਸਸ਼ਕਤੀਕਰਨ ਲਈ ਨਿਰੰਤਰ ਕਦਮ ਚੁੱਕੇ ਗਏ ਹਨ। 'ਆਪ' ਸਰਕਾਰ ਨੇ ਕਈ ਔਰਤਾਂ ਨੂੰ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਵਜੋਂ ਨਿਯੁਕਤ ਕੀਤਾ ਹੈ ਜੋ ਕਿ ਪਹਿਲਾਂ ਨਾਲੋਂ ਵੱਡਾ ਬਦਲਾਅ ਹੈ। ਕਿਸੇ ਵੀ ਸਰਕਾਰ ਦੇ ਮੁਕਾਬਲੇ ਆਪ ਵੱਲੋਂ ਇਨ੍ਹਾਂ ਅਹੁਦਿਆਂ 'ਤੇ ਸਭ ਤੋਂ ਵੱਧ ਗਿਣਤੀ ਵਿੱਚ ਔਰਤਾਂ ਨੂੰ ਤਾਇਨਾਤ ਕੀਤਾ ਗਿਆ ਹੈ।'
ਔਰਤਾਂ ਨੂੰ ਪ੍ਰੇਰਿਤ ਕਰਨ ਲਈ ਵਿਸ਼ਵਵਿਆਪੀ ਉਦਾਹਰਨ ਪੇਸ਼ ਕਰਦਿਆਂ ਉਨ੍ਹਾਂ ਕਿਹਾ, 'ਚੀਨ ਵਿੱਚ ਹਰ ਔਰਤ ਕਿਸੇ ਨਾ ਕਿਸੇ ਵਸਤੂ ਦੇ ਉਤਪਾਦਨ ਵਿੱਚ ਲੱਗੀ ਹੋਈ ਹੈ। ਜੇਕਰ ਉਹ ਨਿਰਯਾਤ ਕਰਨਾ ਬੰਦ ਕਰ ਦਿੰਦੀਆਂ ਹਨ ਤਾਂ ਵਿਸ਼ਵ ਦੀ ਅਰਥਵਿਵਸਥਾ ਪ੍ਰਭਾਵਿਤ ਹੋ ਜਾਵੇਗੀ। ਪੰਜਾਬੀ ਔਰਤਾਂ ਨੂੰ ਮਾਤਾ ਗੁਜਰੀ ਜੀ, ਮਾਈ ਭਾਗੋ ਅਤੇ ਹੋਰ ਮਹਾਨ ਸ਼ਖ਼ਸੀਅਤਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਬੁਲੰਦੀਆਂ ਨੂੰ ਛੂਹਣਾ ਚਾਹੀਦਾ ਹੈ। ਸਾਡੀ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਵਿਆਪਕ ਸੁਧਾਰ ਕੀਤੇ ਗਏ ਹਨ ਤਾਂ ਜੋ ਸੂਬੇ ਭਰ ਵਿੱਚ ਖਾਸ ਕਰਕੇ ਕੁੜੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਸਿੱਖਿਆ ਕਮਜ਼ੋਰ ਵਰਗਾਂ ਦੇ ਜੀਵਨ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ਪਰ ਪਿਛਲੀਆਂ ਸਰਕਾਰਾਂ ਵੱਲੋਂ ਇਸ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ।'
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਈ ਵੀ ਮੁਫ਼ਤ ਸਹੂਲਤ ਜਾਂ ਰਿਆਇਤ ਗਰੀਬੀ ਜਾਂ ਸਮਾਜਿਕ ਬੁਰਾਈਆਂ ਨੂੰ ਖਤਮ ਨਹੀਂ ਕਰ ਸਕਦੀ। ਸਿੱਖਿਆ ਇਸ ਚੱਕਰ ਨੂੰ ਤੋੜਨ ਅਤੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਦਾ ਇੱਕੋ-ਇੱਕ ਤਰੀਕਾ ਹੈ ਅਤੇ ਇਸੇ ਲਈ ਸਾਡੀ ਸਰਕਾਰ ਇਸ ਨੂੰ ਮਜ਼ਬੂਤ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ। ਔਰਤਾਂ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਹਰ ਖੇਤਰ ਵਿੱਚ ਸਮਰਪਣ ਭਾਵਨਾ ਨਾਲ ਉੱਤਮਤਾ ਪ੍ਰਾਪਤ ਕਰਨੀ ਚਾਹੀਦੀ ਹੈ। ਸਰਕਾਰ ਵੱਲੋਂ ਮੁਕੰਮਲ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਪਰ ਸਮੇਂ ਦੇ ਹਾਣੀ ਬਣੇ ਰਹਿਣ ਲਈ ਹੁਨਰਾਂ ਨੂੰ ਸਿੱਖਦੇ ਰਹਿਣਾ ਅਤੇ ਖੁਦ ਨੂੰ ਅਪਗ੍ਰੇਡ ਕਰਦੇ ਰਹਿਣਾ ਵੀ ਉਨਾ ਹੀ ਮਹੱਤਵਪੂਰਨ ਹੈ।
ਉਨ੍ਹਾਂ ਅੱਗੇ ਕਿਹਾ, 'ਅੱਜ ਪੰਜਾਬ ਦੀਆਂ ਔਰਤਾਂ ਲਈ ਇਤਿਹਾਸਕ ਦਿਨ ਹੈ, ਜਿਨ੍ਹਾਂ ਨੇ ਸਖ਼ਤ ਮਿਹਨਤ ਤੇ ਲਗਨ ਨਾਲ ਆਪਣੀ ਪਛਾਣ ਬਣਾਈ ਹੈ। ਮਹਿਲਾ ਉੱਦਮੀਆਂ ਨੂੰ ਹਮੇਸ਼ਾ ਮੌਕੇ ਦਿੱਤੇ ਜਾਣੇ ਚਾਹੀਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਸਨਮਾਨਿਤ ਕਰਨ 'ਤੇ ਮਾਣ ਮਹਿਸੂਸ ਕਰ ਰਹੇ ਹਾਂ। ਕਿਸੇ ਵੀ ਸਮਾਜ ਦਾ ਵਿਕਾਸ ਔਰਤਾਂ ਦੇ ਯੋਗਦਾਨ ਤੋਂ ਬਿਨਾਂ ਅਧੂਰਾ ਹੈ।'
ਸੱਭਿਆਚਾਰਕ ਅਤੇ ਦਾਰਸ਼ਨਿਕ ਪਿਛੋਕੜ ਦਾ ਹਵਾਲਾ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਸਿੱਖ ਸਿਧਾਂਤਾਂ ਵਿੱਚ ਔਰਤਾਂ ਨੂੰ ਹਮੇਸ਼ਾ ਸਨਮਾਨਜਨਕ ਸਥਾਨ ਦਿੱਤਾ ਜਾਂਦਾ ਹੈ। ਅੱਜ ਪੰਜਾਬ ਰਾਜ ਪੇਂਡੂ ਆਜੀਵਕਾ ਮਿਸ਼ਨ (ਪੀ.ਐਸ.ਆਰ.ਐਲ.ਐਮ.) ਅਧੀਨ 23 ਜ਼ਿਲ੍ਹਿਆਂ ਦੀਆਂ ਸਭ ਤੋਂ ਬਿਹਤਰ ਪ੍ਰਦਰਸ਼ਨ ਕਰਨ ਵਾਲੀਆਂ 100 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਹਰੇਕ ਨੂੰ 25,000 ਰੁਪਏ, ਇੱਕ ਸਰਟੀਫਿਕੇਟ ਅਤੇ ਇੱਕ ਯਾਦਗਾਰੀ ਚਿੰਨ੍ਹ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ 117 ਵਿਧਾਨ ਸਭਾ ਹਲਕਿਆਂ ਵਿੱਚ 11,700 ਔਰਤਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਕਿਹਾ, ਜ਼ਿਲ੍ਹਾ ਪੱਧਰ 'ਤੇ 23 ਜ਼ਿਲ੍ਹਿਆਂ ਵਿੱਚ 2,300 ਔਰਤਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਕੁੱਲ 58,303 ਸਵੈ-ਸਹਾਇਤਾ ਗਰੁੱਪ ਬਣਾਏ ਗਏ ਹਨ ਜਿਹਨਾਂ ਨਾਲ ਲੱਗਭੱਗ 5.89 ਲੱਖ ਪੇਂਡੂ ਪਰਿਵਾਰ ਜੁੜੇ ਹਨ ਅਤੇ ਇਹਨਾਂ ਨੂੰ ਮਜ਼ਬੂਤ ਕਰਨ ਲਈ 147 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਉੱਦਮ ਲਈ ਪਹਿਲਕਦਮੀਆਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪਹਿਲ ਸਟਾਰਟਅੱਪ ਪ੍ਰੋਜੈਕਟ ਤਹਿਤ 2,000 ਤੋਂ ਵੱਧ ਸਟਾਰਟਅੱਪ ਲਾਂਚ ਕੀਤੇ ਗਏ ਹਨ, ਜਿਸ ਨਾਲ 7,560 ਲੋਕਾਂ ਲਈ ਰੁਜ਼ਗਾਰ ਪੈਦਾ ਹੋਇਆ ਹੈ ਅਤੇ ਇਹ ਆਰਥਿਕ ਮਜ਼ਬੂਤੀ ਵੱਲ ਇੱਕ ਵੱਡਾ ਕਦਮ ਹੈ। ਇਸ ਦੇ ਨਾਲ ਹੀ 19 ਜ਼ਿਲ੍ਹਿਆਂ ਵਿੱਚ ਸਖੀ ਸ਼ਕਤੀ ਮੇਲੇ ਕਰਵਾਏ ਗਏ ਹਨ, ਜਿਸ ਨਾਲ ਔਰਤਾਂ ਲਈ ਇਕ ਕਰੋੜ ਰੁਪਏ ਤੋਂ ਵੱਧ ਦੀ ਕਮਾਈ ਹੋਈ ਹੈ। ਵੇਰਕਾ ਦੇ ਸਹਿਯੋਗ ਨਾਲ ਡੇਅਰੀ ਸਹਿਕਾਰੀ ਸਭਾਵਾਂ ਵੀ ਸਥਾਪਿਤ ਕੀਤੀਆਂ ਜਾ ਰਹੀਆਂ ਹਨ ਜਿਹਨਾਂ ਵਿੱਚ 7,000 ਔਰਤਾਂ ਨੂੰ ਸ਼ਾਮਲ ਹੋਣਗੀਆਂ ਅਤੇ ਰੋਜ਼ਾਨਾ 85,000 ਲੀਟਰ ਦੁੱਧ ਸਪਲਾਈ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਸੂਬੇ ਭਰ ਵਿੱਚ ਅਜਿਹੀਆਂ 1,000 ਸਭਾਵਾਂ ਸਥਾਪਤ ਕਰਨ ਦਾ ਟੀਚਾ ਮਿੱਥਿਆ ਗਿਆ ਹੈ।
ਉਨ੍ਹਾਂ ਅੱਗੇ ਕਿਹਾ, ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਜਰਨਲ ਵਰਗ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਦਿੱਤੇ ਜਾਣਗੇ। ਇਹ ਫੰਡ ਸਿੱਧੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੇ ਜਾਣਗੇ ਅਤੇ ਪੰਜਾਬ ਦੀਆਂ 97 ਫ਼ੀਸਦ ਔਰਤਾਂ ਨੂੰ ਲਾਭ ਹੋਵੇਗਾ। ਸਰਕਾਰ ਵੱਲੋਂ 9,300 ਕਰੋੜ ਰੁਪਏ ਅਲਾਟ ਕੀਤੇ ਹਨ ਅਤੇ ਰਜਿਸਟ੍ਰੇਸ਼ਨ 13 ਅਪ੍ਰੈਲ ਤੋਂ ਸ਼ੁਰੂ ਹੋਵੇਗੀ। 'ਮੇਰੀ ਰਸੋਈ' ਯੋਜਨਾ ਤਹਿਤ 40 ਲੱਖ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਮਿਲਣਗੀਆਂ, ਜਿਨ੍ਹਾਂ ਵਿੱਚ 2 ਕਿਲੋ ਖੰਡ, 2 ਕਿਲੋ ਦਾਲ, 1 ਲੀਟਰ ਸਰ੍ਹੋਂ ਦਾ ਤੇਲ, 200 ਗ੍ਰਾਮ ਹਲਦੀ ਅਤੇ 1 ਕਿਲੋ ਨਮਕ ਸ਼ਾਮਲ ਹੈ। ਇਸ ਯੋਜਨਾ ਲਈ 900 ਕਰੋੜ ਰੁਪਏ ਅਲਾਟ ਕੀਤੇ ਗਏ ਹਨ ਜੋ ਔਰਤਾਂ ਦੇ ਸਸ਼ਕਤੀਕਰਨ ਅਤੇ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰੇਗਾ।
ਸਸ਼ਕਤੀਕਰਨ ਸਬੰਧੀ ਢਾਂਚਾਗਤ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅਸੀਂ ਸਰਕਾਰੀ ਨੌਕਰੀਆਂ ਵਿੱਚ ਔਰਤਾਂ ਲਈ 33 ਫ਼ੀਸਦ ਰਾਖਵਾਂਕਰਨ ਪ੍ਰਦਾਨ ਕੀਤਾ ਹੈ ਅਤੇ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਗੀਆਂ 65,000 ਤੋਂ ਵੱਧ ਨੌਕਰੀਆਂ ਵਿੱਚ ਔਰਤਾਂ ਦੀ ਅਹਿਮ ਗਿਣਤੀ ਸ਼ਾਮਲ ਹੈ ਜਿਸ ਨਾਲ ਪ੍ਰਬੰਧਨ ਅਤੇ ਪ੍ਰਸ਼ਾਸਨ ਵਿੱਚ ਉਨ੍ਹਾਂ ਦੀ ਵਧਦੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਗਿਆ ਹੈ। ਆਮ ਆਦਮੀ ਕਲੀਨਿਕ, ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਅਤੇ 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ, ਇਹ ਸਭ ਔਰਤਾਂ ਦੀ ਭਲਾਈ ਲਈ ਹਨ। ਪੰਜਾਬ ਸਰਕਾਰ ਵੱਲੋਂ ਸਥਾਨਕ ਇਕਾਈਆਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਔਰਤਾਂ ਲਈ 50 ਫੀਸਦ ਰਾਖਵਾਂਕਰਨ ਵੀ ਪ੍ਰਦਾਨ ਕੀਤਾ ਜਾ ਰਿਹਾ ਹੈ। ਲਗਭਗ 1.86 ਲੱਖ ਲੜਕੀਆਂ ਨੂੰ 27,314 ਆਂਗਣਵਾੜੀ ਕੇਂਦਰਾਂ ਰਾਹੀਂ ਪੌਸ਼ਟਿਕ ਭੋਜਨ ਪ੍ਰਦਾਨ ਕੀਤਾ ਜਾ ਰਿਹਾ ਹੈ ਅਤੇ ਹਜ਼ਾਰਾਂ ਵਰਕਰਾਂ ਦੀ ਭਰਤੀ ਪ੍ਰਗਤੀ ਅਧੀਨ ਹੈ।
ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, 'ਔਰਤਾਂ, ਖਾਸ ਕਰਕੇ ਸਕੂਲ ਅਤੇ ਕਾਲਜ ਜਾਣ ਵਾਲੀਆਂ ਕੁੜੀਆਂ ਲਈ ਮੁਫ਼ਤ ਯਾਤਰਾ ਇੱਕ ਵੱਡੀ ਸਹੂਲਤ ਸਾਬਤ ਹੋ ਰਹੀ ਹੈ। ਔਰਤਾਂ ਨੂੰ ਸਵੈ-ਨਿਰਭਰ ਬਣਨਾ ਚਾਹੀਦਾ ਹੈ ਅਤੇ ਸਰਕਾਰ ਉਨ੍ਹਾਂ ਲਈ ਰੁਜ਼ਗਾਰ ਦੇ ਨਵੇਂ ਰਸਤੇ ਖੋਲ੍ਹ ਰਹੀ ਹੈ। ਕੁੜੀਆਂ ਹੁਣ ਸਮਾਜ ਦਾ ਕਮਜ਼ੋਰ ਵਰਗ ਨਹੀਂ ਹਨ; ਉਹ ਹਰ ਪੱਖੋਂ ਮਜ਼ਬੂਤ ਹਨ ਅਤੇ ਇਸ ਬਾਰੇ ਉਨ੍ਹਾਂ ਨੂੰ ਆਤਮਵਿਸ਼ਵਾਸ਼ ਹੋਣਾ ਚਾਹੀਦਾ ਹੈ।'
ਇਸ ਦੌਰਾਨ, 'ਆਪ' ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਕਿਹਾ, 'ਪਹਿਲਾਂ ਅਜਿਹੇ ਸਮਾਗਮ ਸਿਰਫ਼ ਧਨਾਢ ਪਰਿਵਾਰਾਂ ਦੀਆਂ ਔਰਤਾਂ ਤੱਕ ਸੀਮਤ ਸਨ। ਪਹਿਲੀ ਵਾਰ ਸਧਾਰਨ ਪਰਿਵਾਰਾਂ ਦੀਆਂ ਔਰਤਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਲਹਿਰ ਸਸ਼ਕਤੀਕਰਨ ਰਾਹੀਂ ਔਰਤਾਂ ਦੇ ਜੀਵਨ ਨੂੰ ਬਦਲਣ ਅਤੇ ਹੋਰਨਾਂ ਨੂੰ ਰਾਸ਼ਟਰ ਨਿਰਮਾਤਾ ਵਜੋਂ ਅਹਿਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕਰਨ ਵਿੱਚ ਬਹੁਤ ਮਦਦ ਕਰੇਗੀ।'
ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਹੋਰ ਪਤਵੰਤ ਵੀ ਮੌਜੂਦ ਸਨ।

## ਮੋਦੀ ਤੇ ਕੁਵੈਤ ਪ੍ਰਿੰਸ

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਲਈ ਕੂਟਨੀਤਕ ਗੱਲਬਾਤ ਜਾਰੀ ਰੱਖਣਾ ਜ਼ਰੂਰੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕੁਵੈਤ ਵਿੱਚ ਰਹਿਣ ਵਾਲੇ ਭਾਰਤੀ ਭਾਈਚਾਰੇ ਦੀ ਸੁਰੱਖਿਆ ਅਤੇ ਦੇਖਭਾਲ ਲਈ ਕ੍ਰਾਊਨ ਪ੍ਰਿੰਸ ਦਾ ਧੰਨਵਾਦ ਵੀ ਕੀਤਾ। ਇਸ ਤੋਂ ਪਹਿਲਾਂ ਸੋਮਵਾਰ ਨੂੰ, ਪ੍ਰਧਾਨ ਮੰਤਰੀ ਮੋਦੀ ਨੇ ਯੂ.ਏ.ਈ. ਦੇ ਰਾਸ਼ਟਰਪਤੀ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਨਾਲ ਵੀ ਗੱਲ ਕੀਤੀ। ਉਨ੍ਹਾਂ ਨੇ ਖਾੜੀ ਦੇਸ਼ 'ਤੇ ਹੋਏ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ, ਜਿਸ ਦੇ ਨਤੀਜੇ ਵਜੋਂ ਮਾਸੂਮ ਜਾਨਾਂ ਗਈਆਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ। ਦੋਵੇਂ ਨੇਤਾ ਇਸ ਗੱਲ 'ਤੇ ਸਹਿਮਤ ਹੋਏ ਕਿ ਹੋਰਮੁਜ਼ ਜਲਡਮਰੂ ਰਾਹੀਂ ਇੱਕ ਸੁਰੱਖਿਅਤ ਸਮੁੰਦਰੀ ਰਸਤਾ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਇਹ ਗੱਲਬਾਤ ਈਰਾਨੀ ਡਰੋਨ ਹਮਲਿਆਂ ਤੋਂ ਊਰਜਾ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੀਆਂ ਰਿਪੋਰਟਾਂ ਵਿਚਕਾਰ ਹੋ ਰਹੀ ਹੈ। ਭਾਰਤ ਦੀ ਮੁੱਖ ਚਿੰਤਾ ਹੋਰਮੁਜ਼ ਜਲਡਮਰੂ ਰਾਹੀਂ ਐਲਪੀਜੀ ਸਪਲਾਈ 'ਤੇ ਪ੍ਰਭਾਵ ਹੈ, ਜੋ ਕਿ ਇਸ ਸਮੇਂ ਬੁਰੀ ਤਰ੍ਹਾਂ ਵਿਘਨ ਪਾ ਰਿਹਾ ਹੈ। ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਫੌਜੀ ਸਾਧਨਾਂ ਦਾ ਸਹਾਰਾ ਲੈਣ ਦੀ ਬਜਾਏ ਈਰਾਨ ਨਾਲ ਗੱਲਬਾਤ ਅਤੇ ਕੂਟਨੀਤੀ ਰਾਹੀਂ ਮਸਲੇ ਨੂੰ ਹੱਲ ਕਰਨਾ ਚਾਹੁੰਦੀ ਹੈ, ਅਤੇ ਅਮਰੀਕਾ ਦੀ ਅਗਵਾਈ ਵਾਲੇ ਕਿਸੇ ਵੀ ਫੌਜੀ ਗੱਠਜੋੜ ਵਿੱਚ ਸ਼ਾਮਲ ਹੋਣ ਦਾ ਇਰਾਦਾ ਨਹੀਂ ਰੱਖਦੀ।

## ਦੇਸ਼ ਭਰ 'ਚ 1,300 ਆਈ.ਏ.ਐਸ. ਅ.ਫਸਰਾਂ

ਰਾਜਧਾਨੀ ਖੇਤਰ ਵਿੱਚ ਆਪਣੀਆਂ ਖਾਸ ਪ੍ਰਸ਼ਾਸਕੀ ਜ਼ਿੰਮੇਵਾਰੀਆਂ ਨਿਭਾਉਂਦਾਹੈ। ਉੱਤਰ-ਪੂਰਬ ਅਤੇ ਛੋਟੇ ਕਾਡਰ ਜਿਵੇਂ ਕਿ ਨਾਗਾਲੈਂਡ, ਮਨੀਪੁਰ, ਤ੍ਰਿਪੁਰਾ ਅਤੇ ਸਿੱਕਮ ਲਈ ਇੱਕ ਵਿਸ਼ੇਸ਼ ਭਰਤੀ ਰਣਨੀਤੀ ਵਿਕਸਤ ਕਰਨ ਦੀ ਲੋੜ ਹੈ। ਪ੍ਰਤੀਸ਼ਤ ਦੇ ਆਧਾਰ 'ਤੇ ਇਨ੍ਹਾਂ ਰਾਜਾਂ ਵਿੱਚ ਇਹ ਘਾਟ ਬਹੁਤ ਜ਼ਿਆਦਾ ਹੈ। ਕੁੱਲ 6,877 ਅਹੁਦਿਆਂ ਵਿੱਚੋਂ 4,059 ਸਿੱਧੀ ਭਰਤੀ ਲਈ ਹਨ। ਤਰੱਕੀ ਲਈ 1,518 ਹਨ। ਨਤੀਜੇ ਵਜੋਂ 5,577 ਅਹੁਦਿਆਂ ਨੂੰ ਭਰਿਆ ਗਿਆ ਹੈ।

## ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਗੁਰਿੰਦਰ ਸਿੰਘ ਮੱਥਰੇਵਾਰ ਨੂੰ ਤਰੱਕੀ ਦੇ ਕੇ ਬਣਾਇਆ ਸਕੱਤਰ



ਅੰਮ੍ਰਿਤਸਰ, 18 ਮਾਰਚ (ਬਬਲੂ ਮਹਾਜਨ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਬੰਧ ਨੂੰ ਮੁੱਖ ਰੱਖਦਿਆਂ ਵਧੀਕ ਸਕੱਤਰ ਗੁਰਿੰਦਰ ਸਿੰਘ ਮੱਥਰੇਵਾਰ ਦਾ ਪਦ ਉੱਨਤ ਕਰਦਿਆਂ ਸਕੱਤਰ ਗੁਰਦੁਆਰਾ ਸੈਕਸ਼ਨ 85 ਲਗਾਇਆ ਹੈ। ਇਸ ਤੋਂ ਪਹਿਲਾਂ ਬੀਤੇ ਦਿਨੀਂ ਬਲਵਿੰਦਰ ਸਿੰਘ ਕਾਹਲਵਾਂ ਨੂੰ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਸਕੱਤਰ ਦੀਆਂ ਸੇਵਾਵਾਂ ਸੌਂਪੀਆਂ ਸਨ। ਇਸ ਤੋਂ ਪਹਿਲਾਂ ਸਕੱਤਰ ਪ੍ਰਤਾਪ ਸਿੰਘ ਪਾਸੋਂ ਗੁਰਦੁਆਰਾ ਸੈਕਸ਼ਨ 85 ਵਿਭਾਗ ਵਾਪਸ ਲੈਂਦਿਆਂ ਗੁਰਿੰਦਰ ਸਿੰਘ ਮੱਥਰੇਵਾਲ ਵਧੀਕ ਸਕੱਤਰ ਹੁੰਦਿਆ ਆਜ਼ਾਦਾਨਾ ਤੌਰ 'ਤੇ ਗੁਰਦੁਆਰਾ ਸੈਕਸ਼ਨ 85 ਦਾ ਵਿਭਾਗ ਸੌਂਪਿਆ ਸੀ। ਬਾਰਵੀਂ ਦੇ ਨਾਲ ਗਿਆਨੀ ਪੜ੍ਹੇ ਗੁਰਿੰਦਰ ਸਿੰਘ ਮੱਥਰੇਵਾਰ 1995 ਵਿਚ ਸ਼੍ਰੋਮਣੀ ਕਮੇਟੀ ਵਿਚ ਭਰਤੀ ਹੋਏ। ਮੱਥਰੇਵਾਰ ਨੇ ਵੱਖ ਵੱਖ ਵਿਭਾਗਾਂ ਤੋਂ ਇਲਾਵਾ ਵਧੀਕ ਮੈਨੇਜਰ ਪਰਿਕਰਮਾ ਤੇ ਸਾਰਾਵਾਂ ਤੋਂ ਬਾਅਦ ਮੈਨੇਜਰ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਵੱਜੋਂ ਸੇਵਾਵਾਂ ਨਿਭਾਈਆਂ। ਮੱਥਰੇਵਾਲ ਮੀਤ ਸਕੱਤਰ ਗੁਰਦੁਆਰਾ ਸੈਕਸ਼ਨ 85, ਅਮਲਾ ਵਿਭਾਗ, ਧਰਮ ਪ੍ਰਚਾਰ ਕਮੇਟੀ ਆਦਿ ਦੀਆਂ ਸੇਵਾਵਾਂ ਨਿਭਾਈਆਂ। ਹੁਣ ਲੰਮੇ ਸਮੇਂ ਤੋਂ ਵਧੀਕ ਸਕੱਤਰ ਸ਼੍ਰੋਮਣੀ ਕਮੇਟੀ ਵਿਚ ਵੱਖ-ਵੱਖ ਵਿਭਾਗਾਂ ਦਾ ਕੰਮਕਾਜ ਨਿਭਾ ਰਹੇ ਸਨ। ਮੱਥਰੇਵਾਰ ਨੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ।

## ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਆਈ ਭਾਰੀ ਗਿਰਾਵਟ

### ਚਾਂਦੀ 3,000 ਰੁਪਏ ਹੋਈ ਸਸਤੀ, ਸੋਨਾ ਵੀ ਡਿੱਗਿਆ



ਨਵੀਂ ਦਿੱਲੀ, 18 ਮਾਰਚ (ਚ.ਨ.ਸ.) : ਅੱਜ ਯਾਨੀ 18 ਮਾਰਚ ਨੂੰ ਸ਼ੁਰੂਆਤੀ ਕਾਰੋਬਾਰ ਦੌਰਾਨ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ। ਮਲਟੀ ਕਮੋਡਿਟੀ ਐਕਸਚੇਂਜ (ਐਮਸੀਐਕਸ) 'ਤੇ ਸੋਨਾ ਲੱਗਭੱਗ 500 ਰੁਪਏ ਸਸਤਾ ਹੋਇਆ ਹੈ, ਜਦੋਂ ਕਿ ਚਾਂਦੀ ਦੀ ਕੀਮਤ ਵਿੱਚ ਲੱਗਭੱਗ 3,000 ਰੁਪਏ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ।
ਸੋਨੇ ਦੀਆਂ ਕੀਮਤਾਂ ਦਾ ਹਾਲ
ਐਮਸੀਐਕਸ 'ਤੇ ਅੱਜ ਦੋਵੇਂ ਕੀਮਤੀ ਧਾਤਾਂ ਗਿਰਾਵਟ ਨਾਲ ਖੁੱਲ੍ਹੀਆਂ। 2 ਅਪ੍ਰੈਲ ਦੀ ਡਿਲੀਵਰੀ ਵਾਲਾ ਸੋਨਾ, ਜੋ ਪਿਛਲੇ ਸੈਸ਼ਨ ਵਿੱਚ 1,55,985 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ ਸੀ, ਅੱਜ 1,55,658 ਰੁਪਏ 'ਤੇ ਖੁੱਲ੍ਹਿਆ। ਸਵੇਰੇ 9:53 ਵਜੇ ਇਹ 406 ਰੁਪਏ ਦੀ ਗਿਰਾਵਟ ਨਾਲ 1,55,579 ਰੁਪਏ 'ਤੇ ਕਾਰੋਬਾਰ ਕਰ ਰਿਹਾ ਸੀ। ਇਸ ਤੋਂ ਇਲਾਵਾ ਹੋਰ ਮਹੀਨਿਆਂ ਦੀ ਡਿਲੀਵਰੀ ਵਾਲੇ ਸੋਨੇ ਦੇ ਭਾਅ ਵੀ ਹੇਠਾਂ ਆਏ ਹਨ:
ਚਾਂਦੀ ਦੀਆਂ ਕੀਮਤਾਂ ਵਿੱਚ ਵੱਡੀ ਗਿਰਾਵਟ
ਚਾਂਦੀ ਦੀਆਂ ਕੀਮਤਾਂ ਵਿੱਚ ਅੱਜ ਭਾਰੀ ਮੰਦਾ ਦੇਖਣ ਨੂੰ ਮਿਲਿਆ ਹੈ। 5 ਮਈ ਦੀ ਡਿਲੀਵਰੀ ਵਾਲੀ ਚਾਂਦੀ ਪਿਛਲੇ ਸੈਸ਼ਨ ਵਿੱਚ 2,53,113 ਰੁਪਏ ਪ੍ਰਤੀ ਕਿਲੋ 'ਤੇ ਬੰਦ ਹੋਈ ਸੀ, ਪਰ ਅੱਜ ਇਹ 2,51,498 ਰੁਪਏ 'ਤੇ ਖੁੱਲ੍ਹੀ। ਸ਼ੁਰੂਆਤੀ ਕਾਰੋਬਾਰ ਦੌਰਾਨ ਇਹ 2,932 ਰੁਪਏ ਤੱਕ ਡਿੱਗ ਕੇ 2,50,181 ਰੁਪਏ ਦੇ ਪੱਧਰ 'ਤੇ ਪਹੁੰਚ ਗਈ। ਸਵੇਰੇ 9:57 ਵਜੇ ਇਹ 2,330 ਰੁਪਏ ਦੀ ਗਿਰਾਵਟ ਨਾਲ 2,50,783 ਰੁਪਏ 'ਤੇ ਟ੍ਰੇਡ ਕਰ ਰਹੀ ਸੀ।

## ਹੁਣ ਡਾਕ ਵਿਭਾਗ 24 ਘੰਟਿਆਂ 'ਚ ਪਹੁੰਚਾਏਗਾ ਪਾਰਸਲ




ਨਵੀਂ ਦਿੱਲੀ, 18 ਮਾਰਚ (ਚ.ਨ.ਸ.) : ਡਾਕ ਵਿਭਾਗ ਨੇ ਪ੍ਰਾਈਵੇਟ ਕੋਰੀਅਰ ਕੰਪਨੀਆਂ ਦਾ ਮੁਕਾਬਲਾ ਕਰਨ ਲਈ ਅਹਿਮ ਕਦਮ ਚੁੱਕਦਿਆਂ ਤਿੰਨ ਨਵੀਆਂ ਪ੍ਰੀਮੀਅਮ ਸੇਵਾਵਾਂ '24 ਸਪੀਡ ਪੋਸਟ', '24 ਸਪੀਡ ਪੋਸਟ ਪਾਰਸਲ' ਅਤੇ '48 ਸਪੀਡ ਪੋਸਟ' ਸ਼ੁਰੂ ਕੀਤੀਆਂ ਹਨ। ਇਨ੍ਹਾਂ ਸੇਵਾਵਾਂ ਤਹਿਤ ਜ਼ਰੂਰੀ ਸਾਮਾਨ 24 ਅਤੇ 48 ਘੰਟਿਆਂ ਵਿੱਚ ਪਹੁੰਚਾਉਣ ਦੀ ਗਾਰੰਟੀ ਦਿੱਤੀ ਗਈ ਹੈ। ਜੇ ਡਾਕ ਤੈਅ ਸਮੇਂ 'ਤੇ ਨਹੀਂ ਪੁੱਜਦੀ ਤਾਂ ਗਾਹਕ ਨੂੰ ਪੈਸੇ ਵਾਪਸ ਮਿਲਣਗੇ। ਕੇਂਦਰੀ ਸੰਚਾਰ ਮੰਤਰੀ ਜਯੋਤਿਰਾਦਿੱਤਿਆ ਸਿੰਧੀਆ ਨੇ ਦੱਸਿਆ ਕਿ ਸ਼ੁਰੂਆਤੀ ਪੜਾਅ 'ਚ ਇਹ ਸਹੂਲਤ ਛੇ ਮਹਾਨਗਰਾਂ ਦਿੱਲੀ, ਮੁੰਬਈ, ਚੇਨਈ, ਕੋਲਕਾਤਾ, ਬੰਗਲੂਰੂ ਅਤੇ ਹੈਦਰਾਬਾਦ ਵਿੱਚ ਮੁਹੱਈਆ ਕਰਵਾਈ ਜਾਵੇਗੀ।
ਵਿਭਾਗ ਮਾਰਚ 2027 ਤੱਕ ਇਹ ਸੇਵਾ ਪੂਰੇ ਦੇਸ਼ ਵਿੱਚ ਲਾਗੂ ਕਰਨਾ ਚਾਹੁੰਦਾ ਹੈ। ਸਾਮਾਨ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਓ ਟੀ ਪੀ ਰਾਹੀਂ ਤਸਦੀਕ, ਰੀਅਲ ਟਾਈਮ ਟਰੈਕਿੰਗ ਅਤੇ ਐੱਸ ਐੱਮ ਐੱਸ ਅਲਰਟ ਵਰਗੀਆਂ ਸਹੂਲਤਾਂ ਸ਼ਾਮਲ ਹਨ।

## ਭਾਜਪਾ ਦੇ ਹੱਕ 'ਚ ਵੋਟ ਪਾਉਣ ਵਾਲੇ 4 ਕਾਂਗਰਸੀ ਵਿਧਾਇਕਾਂ ਦੇ ਨਾਮ ਨਸ਼ਰ

ਚੰਡੀਗੜ੍ਹ, 18 ਮਾਰਚ (ਚ.ਨ.ਸ.) : ਹਰਿਆਣਾ ਵਿੱਚ ਰਾਜ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਜੰਗ ਤੇਜ਼ ਹੋ ਗਈ ਹੈ। ਕਾਂਗਰਸ ਪਾਰਟੀ ਨੇ ਆਪਣੇ ਉਨ੍ਹਾਂ ਚਾਰ ਵਿਧਾਇਕਾਂ ਦੇ ਨਾਮ ਜਨਤਕ ਕਰ ਦਿੱਤੇ ਹਨ, ਜਿਨ੍ਹਾਂ 'ਤੇ ਕਰਾਸ-ਵੋਟਿੰਗ ਦੇ ਇਲਜ਼ਾਮ ਲੱਗੇ ਹਨ। ਇਸ ਨਾਲ ਪਾਰਟੀ ਦੀ ਅੰਦਰੂਨੀ ਫੁੱਟ ਸਾਹਮਣੇ ਆ ਗਈ ਹੈ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਿਆਣਾ ਕਾਂਗਰਸ ਦੇ ਇੰਚਾਰਜ ਬੀ. ਕੇ. ਹਰੀਪ੍ਰਸਾਦ ਨੇ ਦੱਸਿਆ ਕਿ ਸ਼ੈਲੀ ਚੌਧਰੀ (ਨਾਰਾਇਣਗੜ੍ਹ), ਮੁਹੰਮਦ ਇਲਿਆਸ (ਪੁਨਹਾਨਾ), ਮੁਹੰਮਦ ਇਸਰਾਈਲ (ਹਥੀਨ) ਅਤੇ ਰੇਣੂਬਾਲਾ (ਸਾਢੌਰਾ) ਨੇ ਭਾਜਪਾ ਦੇ ਹੱਕ ਵਿੱਚ ਵੋਟ ਪਾਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜਲਦ ਹੀ 'ਕਾਰਨ ਦੱਸੋ' ਨੋਟਿਸ ਜਾਰੀ ਕੀਤੇ ਜਾਣਗੇ।
ਇਹ ਘਟਨਾਕ੍ਰਮ ਕਾਂਗਰਸੀ ਵਿਧਾਇਕ ਗੋਕੁਲ ਸੇਤੀਆ ਵੱਲੋਂ ਪਾਰਟੀ ਦਫ਼ਤਰ ਦੇ ਬਾਹਰ ਦਿੱਤੇ ਗਏ ਧਰਨੇ ਤੋਂ ਬਾਅਦ ਸਾਹਮਣੇ ਆਇਆ ਹੈ, ਜਿਨ੍ਹਾਂ ਨੇ ਕਰਾਸ-ਵੋਟਿੰਗ ਕਰਨ ਵਾਲੇ ਵਿਧਾਇਕਾਂ ਦੇ ਨਾਮ ਨਸ਼ਰ ਕਰਨ ਦੀ ਮੰਗ ਕੀਤੀ ਸੀ। ਸੀਨੀਅਰ ਆਗੂ ਭੁਪਿੰਦਰ ਸਿੰਘ ਹੁੱਡਾ ਦੇ ਦਖ਼ਲ ਅਤੇ ਭਰੋਸੇ ਤੋਂ ਬਾਅਦ ਇਹ ਧਰਨਾ ਖ਼ਤਮ ਕੀਤਾ ਗਿਆ। ਕਾਂਗਰਸ ਲੀਡਰਸ਼ਿਪ ਨੇ ਸਪੱਸ਼ਟ ਕੀਤਾ ਹੈ ਕਿ ਪਾਰਟੀ ਅਨੁਸ਼ਾਸਨ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

## ਸੰਪਾਦਕੀ

# ਔਰਤਾਂ ਵਿਰੁੱਧ ਅਪਰਾਧਾਂ 'ਤੇ ਮੁੱਕਦਮੇ ; ਨਜ਼ਰਸਾਨੀ ਦੀ ਲੋੜ

ਔਰਤਾਂ ਵਿਰੁੱਧ ਅਪਰਾਧਾਂ ਦੇ ਮੁਕੱਦਮੇ ਅਤੇ ਫੈਸਲੇ ਦੀ ਦਿਸ਼ਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਪੀੜਤ ਦੇ ਮਾਮਲੇ ਨੂੰ ਅਦਾਲਤ ਵਿੱਚ ਕਿੰਨੀ ਗੰਭੀਰਤਾ ਨਾਲ ਵਿਚਾਰਿਆ ਜਾਂਦਾ ਹੈ। ਖਾਸ ਕਰਕੇ ਸਾਡੇ ਦੇਸ਼ ਵਿੱਚ ਬਲਾਤਕਾਰ ਵਰਗੇ ਘਿਨਾਉਣੇ ਅਪਰਾਧਾਂ ਲਈ ਇੱਕ ਬਹੁਤ ਹੀ ਸੰਵੇਦਨਸ਼ੀਲ ਪਹੁੰਚ ਦੀ ਲੋੜ ਹੁੰਦੀ ਹੈ, ਨਾ ਸਿਰਫ਼ ਅਪਰਾਧ ਦੀ ਪ੍ਰਕਿਰਤੀ ਨੂੰ, ਸਗੋਂ ਪੀੜਤ ਦੀ ਮਾਨਸਿਕਤਾ 'ਤੇ ਇਸਦੇ ਪ੍ਰਭਾਵ ਨੂੰ ਵੀ ਧਿਆਨ ਵਿੱਚ ਰੱਖਦੇ ਹੋਏ। ਹਾਲਾਂਕਿ ਇਹਨਾਂ ਮੰਗਾਂ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਹੁਣ ਇੱਕ ਮਹੱਤਵਪੂਰਨ ਮਾਪਦੰਡ ਨਿਰਧਾਰਤ ਕੀਤਾ ਹੈ ਕਿ ਬਲਾਤਕਾਰ ਦੇ ਮਾਮਲਿਆਂ ਦੀ ਸੁਣਵਾਈ ਕਰਦੇ ਸਮੇਂ ਹੇਠਲੀਆਂ ਅਦਾਲਤਾਂ ਕਿੰਨੀਆਂ ਸੰਵੇਦਨਸ਼ੀਲ ਹੋਣੀਆਂ ਚਾਹੀਦੀਆਂ ਹਨ। ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਸਾਲ ਮਾਰਚ ਵਿੱਚ ਇਲਾਹਾਬਾਦ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਇੱਕ ਨਾਬਾਲਗ ਲੜਕੀ ਵਿਰੁੱਧ ਜਿਨਸੀ ਇਰਾਦੇ ਨਾਲ ਸਰੀਰਕ ਜ਼ਬਰਦਸਤੀ ਨੂੰ ਬਲਾਤਕਾਰ ਦੀ ਕੋਸ਼ਿਸ਼ ਨਹੀਂ ਮੰਨਿਆ ਅਤੇ ਦੋਸ਼ਾਂ ਨੂੰ ਹਲਕੇ ਵਜੋਂ ਖਾਰਜ ਕਰ ਦਿੱਤਾ। ਉਸ ਸਮੇਂ ਵੀ ਅਦਾਲਤ ਦੇ ਰੁਖ਼ ਅਤੇ ਇਸਦੀਆਂ ਟਿੱਪਣੀਆਂ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ। ਸੁਪਰੀਮ ਕੋਰਟ ਵੱਲੋਂ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਨੂੰ ਉਲਟਾਉਣ ਨਾਲ ਇੱਕ ਵਾਰ ਫਿਰ ਔਰਤਾਂ ਦੀ ਇੱਜ਼ਤ ਅਤੇ ਅਧਿਕਾਰਾਂ ਦੀ ਰੱਖਿਆ ਲਈ ਨਿਆਂਇਕ ਪ੍ਰਣਾਲੀ ਵਿੱਚ ਵਿਸ਼ਵਾਸ ਮਜ਼ਬੂਤ ਹੋਇਆ ਹੈ। ਦਰਅਸਲ, ਇਲਾਹਾਬਾਦ ਹਾਈ ਕੋਰਟ ਵੱਲੋਂ ਮਾਮਲੇ ਵਿੱਚ ਮੁਲਜ਼ਮਾਂ ਪ੍ਰਤੀ ਨਰਮ ਰਵੱਈਏ ਨੇ ਬਲਾਤਕਾਰ ਕਾਨੂੰਨ ਦੇ ਉਪਬੰਧਾਂ ਨੂੰ ਅਜੀਬ ਢੰਗ ਨਾਲ ਵਿਆਖਿਆ ਕਰਕੇ ਨਿਆਂਇਕ ਪ੍ਰਕਿਰਿਆ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ। ਸੁਪਰੀਮ ਕੋਰਟ ਨੇ ਖੁਦ ਦੋਸ਼ਾਂ ਦੀ ਗੰਭੀਰਤਾ, ਖਾਸ ਕਰਕੇ ਤਿੰਨ ਨੌਜਵਾਨਾਂ ਦੁਆਰਾ ਇੱਕ ਨਾਬਾਲਗ ਲੜਕੀ 'ਤੇ ਸਰੀਰਕ ਹਮਲੇ, ਅਸ਼ਲੀਲਤਾ ਅਤੇ ਮਾਣ-ਸਨਮਾਨ ਦੇ ਅਪਮਾਨ ਨੂੰ ਅਣਦੇਖਾ ਕਰਨ ਅਤੇ ਘੱਟ ਕਰਨ ਦੇ ਪੱਧਰ 'ਤੇ ਡੂੰਘੀ ਨਾਰਾਜ਼ਗੀ ਪ੍ਰਗਟ ਕੀਤੀ। ਪਿਛਲੇ ਸਾਲ 25 ਮਾਰਚ ਨੂੰ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਇਹ ਫੈਸਲਾ ਪੂਰੀ ਤਰ੍ਹਾਂ ਅਸੰਵੇਦਨਸ਼ੀਲ ਅਤੇ ਅਣਮਨੁੱਖੀ ਪਹੁੰਚ ਨੂੰ ਦਰਸਾਉਂਦਾ ਹੈ ਅਤੇ ਇਸ ਲਈ, ਇਸ 'ਤੇ ਰੋਕ ਲਗਾਉਣ ਦੀ ਲੋੜ ਹੈ। ਹੁਣ ਇਸੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਨੂੰ ਫਟਕਾਰ ਲਗਾਈ ਹੈ ਅਤੇ ਆਪਣੇ ਵਿਵਾਦਪੂਰਨ ਫੈਸਲੇ ਨੂੰ ਉਲਟਾਉਂਦੇ ਹੋਏ ਨਾਬਾਲਗ ਲੜਕੀ ਵਿਰੁੱਧ ਕਾਰਵਾਈ ਨੂੰ ਬਲਾਤਕਾਰ ਦੀ ਕੋਸ਼ਿਸ਼ ਐਲਾਨ ਦਿੱਤਾ ਹੈ। ਹੁਣ ਇਸ ਮਾਮਲੇ ਦੀ ਸੁਣਵਾਈ ਪੋਕਸੋ ਐਕਟ ਅਤੇ ਗੰਭੀਰ ਅਪਰਾਧ (ਅੱਤਿਆਚਾਰ ਰੋਕਥਾਮ) ਐਕਟ ਦੇ ਸਖ਼ਤ ਉਪਬੰਧਾਂ ਤਹਿਤ ਕੀਤੀ ਜਾਵੇਗੀ। ਸੁਪਰੀਮ ਕੋਰਟ ਦਾ ਇਹ ਰੁਖ਼ ਔਰਤਾਂ ਵਿਰੁੱਧ ਘਿਨਾਉਣੇ ਅਪਰਾਧਾਂ ਨੂੰ ਰੋਕਣ ਲਈ ਮਹੱਤਵਪੂਰਨ ਹੈ, ਖਾਸ ਕਰਕੇ ਬਲਾਤਕਾਰ ਵਰਗੇ ਗੰਭੀਰ ਅਪਰਾਧਾਂ ਦੀ ਸੁਣਵਾਈ ਕਰਦੇ ਸਮੇਂ ਅਦਾਲਤਾਂ ਵਿੱਚ ਦਿਖਾਈ ਜਾਂਦੀ ਅਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ। ਸਵਾਲ ਇਹ ਹੈ ਕਿ ਅਜਿਹੇ ਮਾਮਲਿਆਂ ਵਿੱਚ ਕਾਨੂੰਨੀ ਉਪਬੰਧਾਂ ਦੀ ਵਿਆਖਿਆ ਕਰਦੇ ਸਮੇਂ, ਅਪਰਾਧ ਦੀ ਪ੍ਰਕਿਰਤੀ, ਪੀੜਤ ਦੀ ਸਥਿਤੀ ਅਤੇ ਸਮਾਜਿਕ ਹਕੀਕਤਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਕਿਉਂ ਨਹੀਂ ਸਮਝਿਆ ਜਾਂਦਾ। ਜਦੋਂ ਵੀ ਅਦਾਲਤਾਂ ਅਜਿਹੇ ਮਾਮਲਿਆਂ ਵਿੱਚ ਸੰਵੇਦਨਸ਼ੀਲਤਾ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ, ਤਾਂ ਔਰਤਾਂ ਅਤੇ ਬੱਚਿਆਂ ਨੂੰ ਜਿਨਸੀ ਅਪਰਾਧਾਂ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਕਮਜ਼ੋਰ ਹੋ ਜਾਂਦੀਆਂ ਹਨ। ਸ਼ਾਇਦ ਇਸੇ ਕਾਰਨ ਕਰਕੇ ਸੁਪਰੀਮ ਕੋਰਟ ਨੇ ਹੁਣ ਨੈਸ਼ਨਲ ਜੁਡੀਸ਼ੀਅਲ ਅਕੈਡਮੀ ਨੂੰ ਜਿਨਸੀ ਅਪਰਾਧਾਂ ਅਤੇ ਹੋਰ ਸੰਵੇਦਨਸ਼ੀਲ ਮਾਮਲਿਆਂ ਪ੍ਰਤੀ ਜੱਜਾਂ ਦੇ ਪਹੁੰਚ ਲਈ ਦਿਸ਼ਾ-ਨਿਰਦੇਸ਼ ਵਿਕਸਤ ਕਰਨ ਅਤੇ ਨਿਆਂਇਕ ਪ੍ਰਕਿਰਿਆ ਵਿੱਚ ਸੰਵੇਦਨਸ਼ੀਲਤਾ ਅਤੇ ਹਮਦਰਦੀ ਪੈਦਾ ਕਰਨ ਲਈ ਇੱਕ ਕਮੇਟੀ ਬਣਾਉਣ ਲਈ ਕਿਹਾ ਹੈ। ਇਹ ਇੱਕ ਮਹੱਤਵਪੂਰਨ ਪਹਿਲਕਦਮੀ ਹੈ ਕਿਉਂਕਿ ਨਿਆਂ ਦੀ ਉਮੀਦ ਤਾਂ ਹੀ ਪੂਰੀ ਹੋ ਸਕਦੀ ਹੈ ਜਦੋਂ ਜੱਜ ਪੀੜਤਾਂ ਦੇ ਅਸਲ ਹਾਲਾਤਾਂ ਲਈ ਲੋੜੀਂਦੀ ਸੰਵੇਦਨਸ਼ੀਲਤਾ, ਹਮਦਰਦੀ ਅਤੇ ਸਮਝ ਰੱਖਦੇ ਹੋਣ। ਘਰ ਤੋਂ ਲੈ ਕੇ ਕੰਮ ਵਾਲੀ ਥਾਂ ਤੱਕ ਅਤੇ ਜਨਤਕ ਥਾਵਾਂ 'ਤੇ ਵੀ ਕੁਝ ਲੋਕ ਔਰਤਾਂ ਦੀ ਇੱਜ਼ਤ ਅਤੇ ਸਵੈ-ਮਾਣ ਦਾ ਅਪਮਾਨ ਕਰਨ ਤੋਂ ਨਹੀਂ ਝਿਜਕਦੇ। ਨੈਤਿਕ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਇਸ ਗੰਭੀਰ ਨੁਕਸਾਨ ਨੂੰ ਰੋਕਣ ਲਈ ਬਹੁਤ ਘੱਟ ਕੋਸ਼ਿਸ਼ ਕੀਤੀ ਜਾਂਦੀ ਹੈ। ਹਾਲਾਂਕਿ, ਪੰਜਾਬੀ ਗਾਇਕਾ ਜੈਸਮੀਨ ਸੈਂਡਲਸ ਨੇ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਆਯੋਜਿਤ ਇੱਕ ਸੰਗੀਤ ਸਮਾਰੋਹ ਵਿੱਚ ਔਰਤਾਂ ਨਾਲ ਛੇੜਛਾੜ ਦੀ ਹਾਲੀਆ ਘਟਨਾ ਨੂੰ ਗੰਭੀਰਤਾ ਨਾਲ ਲਿਆ।

-ਜਗਜੀਤ ਸਿੰਘ ਦਰਦੀ

# ਭਾਰਤ ਵਿੱਚ ਬੋਲਣ ਦੀ ਆਜ਼ਾਦੀ ਦਾ ਅਰਥ ਕੀ ਹੈ ?



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

## ਨਫ਼ਰਤੀ ਭਾਸ਼ਣ ਤੇ ਅਸ਼ਲੀਲ ਸਮੱਗਰੀ ਨਵੀਂ ਪੀੜ੍ਹੀ ਲਈ ਘਾਤਕ ਸੁਨਾਮੀ , ਓਟੀਟੀ 2026 ਕਾਨੂੰਨ ਹੋਰ ਸਖ਼ਤ ਹੋਵੇਗਾ

ਕਲ੍ਹ ਆਖ਼ਰਕਾਰ ਭਾਰਤ ਸਰਕਾਰ ਨੇ ਪਾਰਲੀਮੈਂਟ ਵਿੱਚ ਐਲਾਨ ਕੀਤਾ ਕਿ ਸੰਜੇ ਦੱਤ ਤੇ ਨਾਰਾ ਫ਼ਤਹ ਦੇ ਅਸ਼ਲੀਲ ਗੀਤ 'ਤੇ ਸੰਪੂਰਨ ਪਾਬੰਦੀ ਲਗਾਈ ਗਈ ਹੈ । ਇਸ ਤੋਂ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਈਆਂ ਹਨ ਜਿਨ੍ਹਾਂ ਵਿੱਚ ਅਸ਼ਲੀਲ ਸਮੱਗਰੀ ਤੇ ਨਫ਼ਰਤੀ ਕੰਟੈਂਟ ਨਾਲ ਨਵੀਂ ਪੀੜ੍ਹੀ ਨੂੰ ਜਿਸ ਤਰ੍ਹਾਂ ਵਾਇਰਲ ਬਿਮਾਰੀ ਵਿੱਚ ਗ੍ਰਸਿਆ ਜਾ ਰਿਹਾ ਹੈ ਉਹ ਭਾਰਤ ਦੀ ਅਭਿਵਿਅਕਤੀ ਦੀ ਆਜ਼ਾਦੀ ਅਰਥਾਤ ਬੋਲਣ ਦੀ ਆਜ਼ਾਦੀ ਦਾ ਇੱਕ ਅਜਿਹਾ ਪੱਖ ਹੈ ਜੋ ਤੁਹਾਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਤੁਸੀਂ ਇਸ ਤਰਾਂ ਦਾ ਕੰਟੈਂਟ ਸੋਸ਼ਲ ਮੀਡੀਆ ਜਾਂ ਕਿਸੇ ਵੀ ਪਲੇਟਫਾਰਮ ਤੋਂ ਪਰੋਸੋ, ਜਿਸ ਨਾਲ ਸਮਾਜ ਵਿੱਚ ਨਫ਼ਰਤ ਫੈਲੇ ਜਾਂ ਅਸ਼ਲੀਲਤਾ ਦਾ ਪਸਾਰ ਹੋਵੇ ।

ਇਸ 'ਤੇ ਚਰਚਾ ਕਰਦਿਆਂ ਅਸੀਂ ਦੇਖ ਸਕਦੇ ਹਾਂ ਕਿ ਭਾਰਤ ਵਿੱਚ ਬੋਲਣ ਦੀ ਆਜ਼ਾਦੀ ਦੇ ਸੰਵਿਧਾਨਕ ਅਧਿਕਾਰ ਅਤੇ ਸੀਮਾਵਾਂ ਵਿੱਚ ਤਾਲਮੇਲ - ਇੱਕ ਵਿਸਥਾਰ ਵਿਚਾਰਮੁੱਖ ਭੂਮਿਕਾਭਾਰਤੀ ਸੰਵਿਧਾਨ ਦੇ ਅਨੁਛੇਦ 19(1)(a) ਅਨੁਸਾਰ, ਹਰ ਨਾਗਰਿਕ ਨੂੰ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਪ੍ਰਾਪਤ ਹੈ। ਇਹ ਅਧਿਕਾਰ ਲੋਕਤੰਤਰ ਦੀ ਨੀਂਹ ਹੈ, ਜੋ ਨਾਗਰਿਕਾਂ ਨੂੰ ਆਪਣੇ ਵਿਚਾਰਾਂ ਨੂੰ ਬਿਨਾਂ ਡਰ ਤੋਂ ਪ੍ਰਗਟ ਕਰਨ ਦੀ ਇਜਾਜ਼ਤ ਦਿੰਦਾ ਹੈ।

ਇਸ ਮੌਕੇ 'ਤੇ ਇਹ ਆਜ਼ਾਦੀ ਅਸੀਮ ਨਹੀਂ ਹੈ; ਅਨੁਛੇਦ 19(2) ਵਿੱਚ ਸੀਮਾਵਾਂ ਨਿਰਧਾਰਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਰਾਜ ਦੀ ਸੁਰੱਖਿਆ, ਜਨਤਕ ਵਿਵਸਥਾ, ਨੈਤਿਕਤਾ ਅਤੇ ਸੰਤੁਲਨ ਸਮੇਤ ਕਈ ਕਾਰਨ ਸ਼ਾਮਲ ਹਨ।

ਪਿਛਲੇ ਕੁਝ ਸਾਲਾਂ ਵਿੱਚ, ਖਾਸ ਕਰਕੇ ਗੀਤਾਂ ਅਤੇ ਰੈਪ ਵਿੱਚ ਅਸ਼ਲੀਲਤਾ ਅਤੇ ਨਫਰਤ ਨੂੰ ਵਧਾਉਣ ਵਾਲੇ ਸਮੱਗਰੀ ਨੇ ਇਸ ਅਧਿਕਾਰ ਨੂੰ ਚੁਣੌਤੀ ਦਿੱਤੀ ਹੈ। ਬਾਦਸ਼ਾਹ ਵਰਗੇ ਰੈਪਰਾਂ ਦੇ ਗੀਤ 'ਤਤੀਰੀ' ਅਤੇ ਨੋਰਾ ਫਤੇਹੀ ਤੇ ਸੰਜੈ ਦੱਤ ਦੇ ਗੀਤ 'ਸਰਕੇ ਚੁਨਰ ਤੇਰੀ ਸਰਕੇ' ਨੂੰ ਬੈਨ ਕਰਨ ਨਾਲ ਇਹ ਵਿਵਾਦ ਹੋਰ ਵਧ ਗਿਆ ਹੈ। ਇਸ ਵਿਸ਼ੇ ਨੂੰ ਵਿਸਥਾਰ ਨਾਲ ਵਿਚਾਰਦਿਆਂ, ਅੰਕੜੇ ਅਤੇ ਅਧਿਐਨਾਂ ਨੂੰ ਵਿਚਾਰਦੇ ਹੋਏ ਅਤੇ ਪੁੱਛਿਆ ਜਾ ਸਕਦਾ ਹੈ ਕਿ ਕੀ ਇਹ ਬੈਨ ਵਿਅਕਤੀ ਦੀ ਆਜ਼ਾਦੀ ਦਾ ਸਹੀ ਮੁਲਾਂਕਣ ਹਨ ਜਾਂ ਫਰਜ਼ੀ ਪਬਲੀਸਿਟੀ ਅਤੇ ਪੈਸੇ ਦੀ ਹੋੜ ਵਿੱਚ ਨਵੀਂ ਪੀੜ੍ਹੀ ਨੂੰ ਬਲੀ ਦੇ ਬੱਕਰੇ ਬਣਾਉਣ ਵਾਲੀ ਰਣਨੀਤੀ।

ਅੱਜ ਭਾਰਤ ਵਿੱਚ ਬੋਲਣ ਦੀ ਆਜ਼ਾਦੀ ਦਾ ਅਰਥ ਕੀ ਹੈ ? ਇਹ ਨਾ ਸਿਰਫ਼ ਬੋਲਣ ਜਾਂ ਲਿਖਣ ਨਾਲ ਸੰਬੰਧਿਤ ਹੈ, ਸਗੋਂ ਗੀਤਾਂ, ਫਿਲਮਾਂ, ਗੀਲਾਂ ਅਤੇ ਸੋਸ਼ਲ ਮੀਡੀਆ ਵਰਗੇ ਮਾਧਿਅਮਾਂ ਰਾਹੀਂ ਵੀ ਪ੍ਰਗਟ ਹੁੰਦਾ ਹੈ। ਪਰ ਜਦੋਂ ਇਹ ਆਜ਼ਾਦੀ ਸਮਾਜ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜਿਵੇਂ ਅਸ਼ਲੀਲਤਾ ਜਾਂ ਨਫਰਤ ਫੈਲਾਉਣ ਵਾਲੇ ਸਮੱਗਰੀ ਨਾਲ, ਤਾਂ ਰਾਜ ਨੂੰ ਦਖਲ ਦੇਣ ਦਾ ਅਧਿਕਾਰ ਹੈ। ਅਨੁਛੇਦ 19(2) ਵਿੱਚ ਸਪੱਸ਼ਟ ਹੈ ਕਿ ਆਜ਼ਾਦੀ ਉਸ ਵੇਲੇ ਤੱਕ ਹੈ ਜਦੋਂ ਤੱਕ ਕਿਸੇ ਨੂੰ ਨੁਕਸਾਨ ਨਾ ਪਹੁੰਚੇ ਜਾਂ ਭਾਈਚਾਰਾ ਖਰਾਬ ਨਾ ਹੋਵੇ।

ਪਿਛਲੇ ਦਿਨਾਂ ਵਿੱਚ ਵਧੀ ਅਸ਼ਲੀਲ ਸਮੱਗਰੀ ਅਤੇ ਵਿਵਾਦਪਿਛਲੇ ਕੁਝ ਸਾਲਾਂ ਵਿੱਚ, ਰੈਪਰ ਅਤੇ ਗਾਇਕਾਂ ਵੱਲੋਂ ਅਸ਼ਲੀਲ ਅਤੇ ਉਕਸਾਉਣ ਵਾਲੇ ਗੀਤਾਂ ਵਿੱਚ ਵਾਧਾ ਹੋਇਆ ਹੈ। ਉਦਾਹਰਣ ਵਜੋਂ, ਬਾਦਸ਼ਾਹ ਦੇ ਗੀਤ 'ਤਤੀਰੀ' ਨੇ ਵੱਡਾ ਵਿਵਾਦ ਖੜ੍ਹਾ ਕੀਤਾ। ਇਸ ਗੀਤ ਵਿੱਚ ਅਸ਼ਲੀਲ ਬੋਲ ਅਤੇ ਵੀਡੀਓ ਵਿੱਚ ਸਕੂਲੀ ਲੜਕੀਆਂ ਨੂੰ ਦਿਖਾਉਣ ਕਾਰਨ ਹਰਿਆਣਾ ਪੁਲਿਸ ਨੇ ਬਾਦਸ਼ਾਹ ਵਿਰੁੱਧ FIR ਦਰਜ ਕੀਤੀ। ਗੀਤ ਵਿੱਚ ਬੋਲ ਜਿਵੇਂ 'ਆਇਆ ਬਾਦਸ਼ਾਹ ਡੋਲੀ ਚੜ੍ਹਾਣੇ, ਇਨ ਸਭ ਕੀ ਘੋੜੀ ਬਣਾਣੇ' ਨੂੰ ਔਰਤਾਂ ਨੂੰ ਅਪਮਾਨਜਨਕ ਅਤੇ ਨਾਬਾਲਗਾਂ ਨੂੰ ਗਲਤ ਪ੍ਰਭਾਵਿਤ ਕਰਨ ਵਾਲੇ ਮੰਨਿਆ ਗਿਆ। ਬਾਦਸ਼ਾਹ ਨੇ ਮੁਆਫ਼ੀ ਮੰਗੀ ਅਤੇ ਗੀਤ ਹਟਾ ਲਿਆ, ਪਰ ਵਿਵਾਦ ਨੇ ਆਜ਼ਾਦੀ ਅਤੇ ਨੈਤਿਕਤਾ ਦੀ ਬਹਿਸ ਛੇੜ ਦਿੱਤੀ।

ਇਸ ਮੌਕੇ ਇਸ ਤਰ੍ਹਾਂ, ਨੋਰਾ ਫਤੇਹੀ ਅਤੇ ਸੰਜੈ ਦੱਤ ਦੇ ਗੀਤ 'ਸਰਕੇ ਚੁਨਰ ਤੇਰੀ ਸਰਕੇ' ਨੂੰ ਅਸ਼ਲੀਲ ਬੋਲ ਅਤੇ ਨਾਚ ਕਾਰਨ ਬੈਨ ਕੀਤਾ ਗਿਆ। ਇਹ ਗੀਤ ਫਿਲਮ 'ਕੇਡੀ: ਦਿ ਡੈਵਿਲ' ਦਾ ਹਿੱਸਾ ਸੀ ਅਤੇ ਇਸ ਵਿੱਚ ਅਸ਼ਲੀਲ ਅੰਦਾਜ਼ ਨੂੰ ਵਿਖਾਇਆ ਗਿਆ ਸੀ। ਵਕੀਲ ਵੀਨੀਤ ਜਿੰਦਲ ਨੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀਬੀਐੱਫਸੀ) ਨੂੰ ਸ਼ਿਕਾਇਤ ਕੀਤੀ ਕਿ ਇਹ ਗੀਤ ਨਾਬਾਲਗਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਨੈਤਿਕਤਾ ਨੂੰ ਖ਼ਰਾਬ ਕਰਦਾ ਹੈ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਵੀ ਨੋਟਿਸ ਜਾਰੀ ਕੀਤਾ ਅਤੇ ਗੀਤ ਨੂੰ ਯੂਟਿਊਬ ਤੋਂ ਹਟਾ ਦਿੱਤਾ ਗਿਆ।

ਅੱਜ ਇਹ ਵਿਵਾਦ ਹੁਣੇ ਹੀ ਨਹੀਂ ਹਨ ।ਪਿਛਲੇ ਸਾਲਾਂ ਵਿੱਚ ਬਿਹਾਰ ਸਰਕਾਰ ਨੇ ਜਨਤਕ ਸਥਾਨਾਂ ਵਿੱਚ ਅਸ਼ਲੀਲ ਗੀਤ ਵਜਾਉਣ 'ਤੇ ਬੈਨ ਲਗਾਇਆ। ਭਾਰਤ ਸਰਕਾਰ ਨੇ 2025-26 ਵਿੱਚ ਕਈ ਓਟੀਟੀ ਪਲੇਟਫਾਰਮ ਜਿਵੇਂ ਉੱਲੂ ਅਤੇ ਐਲਟੀ ਨੂੰ ਅਸ਼ਲੀਲ ਸਮੱਗਰੀ ਕਾਰਨ ਬੈਨ ਕੀਤਾ। ਇਹਨਾਂ ਕਦਮਾਂ ਨੇ ਸਵਾਲ ਉਠਾਏ ਹਨ ਕਿ ਕੀ ਇਹ ਆਜ਼ਾਦੀ ਨੂੰ ਰੋਕ ਰਹੇ ਹਨ ਜਾਂ ਸਮਾਜ ਨੂੰ ਬਚਾ ਰਹੇ ਹਨ।

ਹੁਣ ਸੰਵਿਧਾਨਕ ਨਜ਼ਰੀਏ ਤੋਂ ਵਿਆਖਿਆਭਾਰਤੀ ਸੰਵਿਧਾਨ ਦੇ ਅਨੁਛੇਦ 19(1)(a) ਨੇ ਬੋਲਣ ਦੀ ਆਜ਼ਾਦੀ ਨੂੰ ਮੂਲ ਅਧਿਕਾਰ ਮੰਨਿਆ ਹੈ, ਪਰ 19(2) ਵਿੱਚ ਇਸ ਨੂੰ ਨੈਤਿਕਤਾ, ਵਿਵਸਥਾ ਅਤੇ ਨਫਰਤ ਨੂੰ ਰੋਕਣ ਲਈ ਸੀਮਿਤ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਕਈ ਕੇਸਾਂ ਵਿੱਚ ਇਸ ਨੂੰ ਵਿਆਖਿਆ ਕੀਤਾ ਹੈ। ਉਦਾਹਰਣ ਵਜੋਂ, ਰੋਮੇਸ਼ ਥੱਪੜ ਵਿਰੁੱਧ ਮਦਰਾਸ ਰਾਜ (1950) ਵਿੱਚ ਕੋਰਟ ਨੇ ਕਿਹਾ ਕਿ ਬੋਲਣ ਦੀ ਆਜ਼ਾਦੀ ਲੋਕਤੰਤਰ ਦੀ ਨੀਂਹ ਹੈ। ਪਰ ਬਿਜੋਏ ਇਮੈਨੁਅਲ ਵਿਰੁੱਧ ਕੇਰਲਾ ਰਾਜ (1986) ਵਿੱਚ ਚੁੱਪ ਰਹਿਣ ਨੂੰ ਵੀ ਇਸ ਅਧਿਕਾਰ ਵਿੱਚ ਸ਼ਾਮਲ ਕੀਤਾ ਗਿਆ ਹੈ।

ਯੂਨੀਅਨ ਆਫ ਇੰਡੀਆ ਵਿਰੁੱਧ ਰਾਜ ਨਰੈਣ (1975) ਵਿੱਚ ਜਾਣਨ ਦੇ ਅਧਿਕਾਰ ਨੂੰ ਬੋਲਣ ਨਾਲ ਜੋੜਿਆ ਗਿਆ। ਐਕਸਲ ਵੇਅਰ ਵਿਰੁੱਧ ਯੂਨੀਅਨ ਆਫ ਇੰਡੀਆ (1978) ਵਿੱਚ ਵਪਾਰ ਨੂੰ ਬੰਦ ਕਰਨ ਨੂੰ ਅਧਿਕਾਰ ਮੰਨਿਆ ਗਿਆ। ਇਹਨਾਂ ਕੇਸਾਂ ਨੇ ਆਜ਼ਾਦੀ ਨੂੰ ਵਿਆਪਕ ਬਣਾਇਆ, ਪਰ ਅਸ਼ਲੀਲਤਾ ਵਿਰੁੱਧ ਰੋਕਾਂ ਨੂੰ ਵੀ ਜਾਇਜ਼ ਠਹਿਰਾਇਆ।

ਅੱਜ ਅਸ਼ਲੀਲ ਸਮੱਗਰੀ ਦਾ ਨੌਜਵਾਨਾਂ 'ਤੇ ਪ੍ਰਭਾਵ ਹੇਠ ਅੰਕੜੇ ਅਤੇ ਅਧਿਐਨ ਅਸ਼ਲੀਲ ਸਮੱਗਰੀ ਨੌਜਵਾਨਾਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਯੂਡੇਆ ਸਰਵੇ (ਬਿਹਾਰ ਅਤੇ ਯੂਪੀ) ਅਨੁਸਾਰ, 47% ਲੜਕੇ ਅਤੇ 6% ਲੜਕੀਆਂ ਪੋਰਨ ਨੂੰ ਵੇਖਦੇ ਹਨ। ਆਪਣੇ ਮੋਬਾਈਲ ਵਾਲੇ ਨੌਜਵਾਨਾਂ ਵਿੱਚ ਇਹ ਅੰਕੜਾ 1.69 ਤੋਂ 2.27 ਗੁਣਾ ਵੱਧ ਹੈ। ਮੀਡੀਆ ਐਕਸਪੋਜ਼ਰ ਵਾਲੇ ਲੜਕੇ ਵਿੱਚ ਇਹ ਅੰਕੜਾ ਹੋਰ ਵੱਧ ਜਾਂਦਾ ਹੈ। ਇਹ ਸਮੱਗਰੀ ਨੌਜਵਾਨਾਂ ਵਿੱਚ ਜਲਦੀ ਜਿਨਸੀ ਸੰਬੰਧ, ਮਾਨਸਿਕ ਸਿਹਤ ਸਮੱਸਿਆਵਾਂ, ਲਿੰਗ ਵਿਤਕਰੇ ਅਤੇ ਹਿੰਸਾ ਨੂੰ ਵਧਾਉਂਦੀ ਹੈ।

ਯੂਨੀਸੈਫ ਅਧਿਐਨ ਅਨੁਸਾਰ, ਬੱਚੇ ਅਸ਼ਲੀਲ ਸਮੱਗਰੀ ਨਾਲ ਜਲਦੀ ਮਾਨਸਿਕ ਸਿਹਤ ਖਰਾਬ ਕਰਦੇ ਹਨ ਅਤੇ ਹਿੰਸਾ ਨੂੰ ਸਵੀਕਾਰ ਕਰਦੇ ਹਨ। ਭਾਰਤ ਵਿੱਚ ਬੱਚਿਆਂ ਵਿੱਚ ਜਿਨਸੀ ਸ਼ੋਸ਼ਣ ਦੇ ਕੇਸ ਵੱਧ ਰਹੇ ਹਨ; 2007 ਅਧਿਐਨ ਅਨੁਸਾਰ, 50% ਬੱਚੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ। ਇਹ ਅੰਕੜੇ ਦੱਸਦੇ ਹਨ ਕਿ ਅਸ਼ਲੀਲ ਗੀਤ ਨੌਜਵਾਨਾਂ ਨੂੰ ਗਲਤ ਰਾਹ ਪਾਉਂਦੇ ਹਨ।

ਨਫ਼ਰਤੀ ਭਾਸ਼ਣ ਵੀ ਵੱਡੀ ਸਮੱਸਿਆ ਹੈ। ਇੰਡੀਆ ਹੇਟ ਲੈਬ ਅਨੁਸਾਰ, 2025 ਵਿੱਚ ਨਫਰਤੀ ਭਾਸ਼ਣ ਦੇ 1,318 ਕੇਸ ਹੋਏ, ਜਿਨ੍ਹਾਂ ਵਿੱਚ 98% ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਹ 2024 ਨਾਲੋਂ 13% ਵੱਧ ਹੈ। ਅਜਿਹੇ ਗੀਤ ਜੋ ਨਫਰਤ ਵਧਾਉਂਦੇ ਹਨ, ਸਮਾਜ ਨੂੰ ਵੰਡਦੇ ਹਨ।

ਅੱਜ ਕੀ ਬੈਨ ਸਹੀ ਹਨ ਜਾਂ ਫਰਜ਼ੀ ਪਬਲੀਸਿਟੀ ਬੈਨਾਂ ਨੂੰ ਲੈ ਕੇ ਦੋ ਵਿਚਾਰ ਹਨ। ਇੱਕ ਪਾਸੇ, ਇਹ ਸਮਾਜ ਨੂੰ ਅਸ਼ਲੀਲਤਾ ਤੋਂ ਬਚਾਉਂਦੇ ਹਨ ਅਤੇ ਨੌਜਵਾਨਾਂ ਨੂੰ ਗਲਤ ਪ੍ਰਭਾਵ ਤੋਂ ਰੋਕਦੇ ਹਨ। ਸੰਵਿਧਾਨ ਅਨੁਸਾਰ, ਨੈਤਿਕਤਾ ਲਈ ਰੋਕਾਂ ਜਾਇਜ਼ ਹਨ। ਪਰ ਦੂਜੇ ਪਾਸੇ, ਇਹ ਸੈਂਸਰਸ਼ਿਪ ਵਾਂਗ ਲੱਗਦੇ ਹਨ ਅਤੇ ਕਲਾਕਾਰਾਂ ਦੀ ਆਜ਼ਾਦੀ ਨੂੰ ਰੋਕਦੇ ਹਨ। ਕਈ ਵਾਰ ਤਾਂ ਵਿਵਾਦ ਪੈਸੇ ਅਤੇ ਪ੍ਰਸਿੱਧੀ ਲਈ ਵੀ ਬਣਾਏ ਜਾਂਦੇ ਹਨ। ਉਦਾਹਰਣ ਵਜੋਂ, ਬਾਦਸ਼ਾਹ ਅਤੇ ਨੋਰਾ ਦੇ ਗੀਤ ਵਾਇਰਲ ਹੋਣ ਤੋਂ ਬਾਅਦ ਵਿਰੋਧ ਹੋਇਆ ਅਤੇ ਬੈਨ ਹੋ ਗਿਆ, ਪਰ ਇਸ ਨਾਲ ਉਹਨਾਂ ਨੂੰ ਹੋਰ ਪਬਲੀਸਿਟੀ ਮਿਲੀ।ਫਿਰ ਵੀ, ਅੰਕੜੇ ਦੱਸਦੇ ਹਨ ਕਿ ਅਸ਼ਲੀਲ ਸਮੱਗਰੀ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਲਈ ਬੈਨ ਨੂੰ ਸਹੀ ਮੰਨਿਆ ਜਾਂਦਾ ਹੈ, ਪਰ ਇਹ ਵੱਡੀ ਬਹਿਸ ਹੈ ਕਿ ਕੀ ਇਹ ਆਜ਼ਾਦੀ ਨੂੰ ਘੱਟ ਕਰ ਰਹੇ ਹਨ ਜਾਂ ਸਮਾਜ ਨੂੰ ਬਚਾ ਰਹੇ ਹਨ।

ਅਗਲਾ ਰੋਲ ਅਤੇ ਨਤੀਜੇਇਹ ਵਿਵਾਦ ਨਵੀਂ ਪੀੜ੍ਹੀ ਨੂੰ ਅਸ਼ਲੀਲਤਾ ਅਤੇ ਨਫਰਤ ਦੀ ਸੁਨਾਮੀ ਵਿੱਚ ਧੱਕ ਰਹੇ ਹਨ। ਅਗਲੇ ਰੋਲ ਵਿੱਚ, ਸਰਕਾਰ ਨੂੰ ਵਧੇਰੇ ਨਿਯਮ ਬਣਾਉਣੇ ਚਾਹੀਦੇ ਹਨ, ਜਿਵੇਂ ਓਟੀਟੀ ਰੂਲਜ਼ 2026, ਜੋ ਅਸ਼ਲੀਲਤਾ ਨੂੰ ਰੋਕਦੇ ਹਨ। ਲਾਈਫ ਸਕਿੱਲ ਅਤੇ ਜਿਨਸੀ ਸਿੱਖਿਆ ਨੂੰ ਸਕੂਲਾਂ ਵਿੱਚ ਵਧਾਉਣਾ ਚਾਹੀਦਾ ਹੈ।

ਅੱਜ ਆਜ਼ਾਦੀ ਅਤੇ ਨੈਤਿਕਤਾ ਵਿੱਚ ਤਾਲਮੇਲ ਬਣਾਉਣਾ ਜ਼ਰੂਰੀ ਹੈ ਤਾਂ ਜੋ ਭਾਰਤੀ ਲੋਕਤੰਤਰ ਮਜ਼ਬੂਤ ਰਹੇ।

# ਸੁਖਬੀਰ ਸਿੰਘ ਬਾਦਲ ਨੂੰ ਲੈ ਲਿਆ ਕੁੜਿੱਕੀ 'ਚ

ਕਮਲਜੀਤ ਸਿੰਘ ਬਨਵੈਤ
98147 34035



- ☛ ਭਾਰਤੀ ਚੋਣ ਕਮਿਸ਼ਨ ਨੇ ਅਕਾਲੀ ਦਲ ਪੁਨਰ ਸੁਰਜੀਤ ਦੀ ਚੋਣ ਨਿਸ਼ਾਨ ਦੀ ਅਰਜ਼ੀ ਕੀਤੀ ਮਨਜ਼ੂਰ
- ☛ ਅਕਾਲੀ ਦਲ ਪੁਨਰ ਸੁਰਜੀਤ ਨੇ ਚੋਣ ਨਿਸ਼ਾਨ ਲੈਣ ਲਈ ਦਿੱਤੀਆਂ ਠੋਸ ਦਲੀਲਾਂ
- ☛ ਦੂਜੀਆਂ ਸਿਆਸੀ ਪਾਰਟੀਆਂ ਵਿੱਚ ਪਏ ਰੱਫੜ ਨੂੰ ਲੈ ਕੇ ਇੰਝ ਲੱਗਦੈ ਚੋਣ ਨਿਸ਼ਾਨ ਹੋ ਸਕਦੈ ਫਰੀਜ਼
- ☛ ਸ਼੍ਰੋਮਣੀ ਅਕਾਲੀ ਦਲ ਦੇ ਹੱਥੋਂ ਚੋਣ ਨਿਸ਼ਾਨ ਤਕੜੀ ਜਾਂਦਾ ਰਿਹਾ ਤਾਂ ਖੜ੍ਹੀ ਹੋ ਜਾਵੇਗੀ ਨਵੀਂ ਮੁਸੀਬਤ

ਸ਼੍ਰੋਮਣੀ ਅਕਾਲੀ ਦਲ ਵਿੱਚੋਂ ਬਾਗ਼ੀਆਂ ਦੇ ਪਾਸਾ ਵੱਟ ਕੇ ਤੁਰਨ ਨਾਲ ਇੱਕ ਵਾਰ ਤਾਂ ਲੱਗਦਾ ਸੀ ਕਿ ਸੁਖਬੀਰ ਸਿੰਘ ਬਾਦਲ ਦਾ ਕਿਲ੍ਹਾ ਢਹਿਣ ਵਾਲਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਦੋਂ ਪੰਜ ਸਿੰਘ ਸਾਹਿਬਾਨ ਵੱਲੋਂ ਉਹਨਾਂ ਨੂੰ ਸਜ਼ਾ ਲਾਉਣ ਤੋਂ ਪਹਿਲਾਂ ਜਦੋਂ ਸਾਰੇ ਗੁਨਾਹ ਝੋਲੀ ਪਾ ਲਏ ਗਏ ਤਾਂ ਇੱਕ ਵਾਰ ਤਾਂ ਇੰਝ ਲੱਗਣ ਲੱਗਾ ਸੀ ਕਿ ਉਹ ਖੱਟ ਗਏ ਹਨ। ਬਰਤਨ ਸਾਫ਼ ਕਰਨ ਤੋਂ ਲੈ ਕੇ ਚੋਬਦਾਰ ਦੀ ਡਿਊਟੀ ਦੇਣ ਦਾ ਸਫ਼ਰ ਤੈਅ ਕਰਦਿਆਂ ਲੱਗਣ ਲੱਗਾ ਸੀ ਜਿਵੇਂ ਉਹ ਲੋਕਾਂ ਦੇ ਦਿਲਾਂ ਦੇ ਨੇੜੇ ਹੋ ਗਏ ਹੋਣ। ਪਰ ਜਿਉਂ ਹੀ ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਨੂੰ ਪਿੱਠ ਦਿਖਾਈ ਉਹ ਲੋਕ ਮਨਾਂ ਤੋਂ ਮੁੜ ਦੂਰ ਹੋ ਗਏ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਜਥੇਬੰਦੀਆਂ ਨੂੰ ਆਪਣੇ ਚੁੱਲੇ ਸਮੇਟਣ ਅਤੇ ਅਯੋਗ ਲੀਡਰਸ਼ਿਪ ਨੂੰ ਲਾਂਭੇ ਕਰਕੇ ਨਵੀਂ ਚੋਣ ਕਰਨ ਦੇ ਆਦੇਸ਼ ਦਿੱਤੇ ਗਏ ਸਨ, ਇਸ ਨੂੰ ਸੁਖਬੀਰ ਸਿੰਘ ਬਾਦਲ ਕਾਨੂੰਨ ਦੇ ਬੁਰਕੇ ਹੇਠ ਮੰਨਣ ਤੋਂ ਮੁਨਕਰ ਹੋ ਗਏ। ਅਕਾਲ ਤਖ਼ਤ ਸਾਹਿਬ ਵੱਲੋਂ ਨਵੀਂ ਭਰਤੀ ਲਈ ਸੱਤ ਮੈਂਬਰੀ ਕਮੇਟੀ ਬਣਾਈ ਗਈ। ਕਮੇਟੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਬੇਦਾਵਾ ਦੇ ਗਏ ਤਾਂ ਪੰਜ ਮੈਂਬਰੀ ਕਮੇਟੀ ਨੇ ਭਰਤੀ ਦਾ ਕੰਮ ਸਿਰੇ ਚਾੜ੍ਹਿਆ। ਉਸ ਤੋਂ ਬਾਅਦ ਅਗਸਤ 25 ਨੂੰ ਹੋਏ ਜਨਰਲ ਇਜਲਾਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਚੁਣ ਲਿਆ ਗਿਆ। ਇਸ ਦੇ ਉਲਟ ਸੁਖਬੀਰ ਸਿੰਘ ਬਾਦਲ ਨੇ ਆਪਣੇ ਪੱਧਰ 'ਤੇ ਵੱਖਰੀ ਭਰਤੀ ਕਰਵਾਈ ਅਤੇ ਉਹ ਮੁੜ ਪ੍ਰਧਾਨ ਬਣ ਗਏ, ਇਸ ਦਾ ਪੰਥ ਨੇ ਅੰਦਰੋਂ ਅੰਦਰੀ ਬੁਰਾ ਮਨਾਇਆ।

ਬਾਗ਼ੀ ਧੜੇ ਨੇ ਬਰਾਸਤਾ ਸੁਧਾਰ ਲਹਿਰ, ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਤੱਕ ਦਾ ਸਫ਼ਰ ਤੈਅ ਕੀਤਾ ਹੈ। ਨਵਾਂ ਬਣਿਆ ਅਕਾਲੀ ਦਲ ਗਿਆਨੀ ਹਰਪ੍ਰੀਤ ਸਿੰਘ ਜੀ ਅਗਵਾਈ ਹੇਠ ਰਫ਼ਤਾਰ ਨਹੀਂ ਫੜ ਸਕਿਆ ਹੈ। ਇੱਥੇ ਹੀ ਬੱਸ ਨਹੀਂ ਅਕਾਲੀ ਦਲ ਅੰਦਰ ਤਰੇੜਾਂ ਵੀ ਦਿੱਸਣ ਲੱਗੀਆਂ ਹਨ ਅਤੇ ਕੋਈ ਹੋਰ ਰਸਤੇ ਵੀ ਤੁਰਨ ਲੱਗੇ ਹਨ। ਵਿਰਲੇ ਟਾਂਵਿਆਂ ਨੇ ਹੀ ਗਿਆਨੀ ਹਰਪ੍ਰੀਤ ਸਿੰਘ ਦਾ ਹੱਥ ਵੀ ਅੱਧ ਵਿਚਾਲੇ ਛੱਡ ਦਿੱਤਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਆਏ ਇੱਕ ਦਰਜਨ ਤੋਂ ਵੱਧ ਵੱਡੇ ਲੀਡਰ ਹਾਲੇ ਤੱਕ ਤਾਂ ਨਾਲ ਜੁੜੇ ਹੋਏ ਹਨ। ਦੋਵੇਂ ਅਕਾਲੀ ਦਲ ਇੱਕ ਦੂਜੇ ਵੱਲ ਨੂੰ ਹੱਥ ਵਧਾਉਣ ਦੀਆਂ ਸਲਾਹਾਂ ਤਾਂ ਦਿੰਦੇ ਹਨ ਪਰ ਸੁਖਬੀਰ ਸਿੰਘ ਬਾਦਲ ਦਾ ਪ੍ਰਧਾਨਗੀ ਮੋਹ ਖ਼ਤਮ ਨਹੀਂ ਹੋ ਰਿਹਾ ਹੈ। ਉਹ ਤਾਂ ਸੂਬੇ ਦਾ ਅਗਲਾ ਮੁੱਖ ਮੰਤਰੀ ਬਣਨ ਦੇ ਵੀ ਸੁਪਨੇ ਦੇਖ ਰਹੇ ਹਨ। ਉਹਨਾਂ ਦੀਆਂ ਰੈਲੀਆਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਵੋਟਰਾਂ ਨੂੰ ਵੋਟਰਾਂ ਵਿੱਚ ਬਦਲਣ ਦੀ ਹਾਲੇ ਤੱਕ ਤਾਂ ਉਹਨਾਂ ਨੂੰ ਜਾਚ ਨਹੀਂ ਆਈ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੇ ਭਾਰਤੀ ਚੋਣ ਕਮਿਸ਼ਨ ਦਾ ਦੁਬਾਰਾ ਦਰਵਾਜ਼ਾ ਖੜਕਾਇਆ ਹੈ। ਨਵੇਂ ਅਕਾਲੀ ਦਲ ਵੱਲੋਂ ਚੋਣ ਨਿਸ਼ਾਨ ਦੀ ਮੰਗ ਕੀਤੀ ਗਈ ਹੈ। ਨਵੇਂ ਅਕਾਲੀ ਦਲ ਦੀ ਅਰਜ਼ੀ ਨੂੰ ਭਾਰਤੀ ਚੋਣ ਕਮਿਸ਼ਨ ਨੇ ਮਨਜ਼ੂਰ ਕਰ ਲਿਆ ਹੈ। ਹੁਣ ਦੋਹਾਂ ਧਿਰਾਂ ਨੂੰ ਆਪੋ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤੇ ਜਾਣ ਦੀ ਸੰਭਾਵਨਾ ਹੈ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਅਰਜ਼ੀ ਵਿੱਚ ਚੋਣ ਨਿਸ਼ਾਨ ਤਕੜੀ ਲਈ ਦਾਅਵਾ ਕਰਦਿਆਂ ਕਿਹਾ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਲੀਡਰਸ਼ਿਪ ਦਾ ਭਰੋਸਾ ਗੁਆ ਚੁੱਕੇ ਹਨ ਅਤੇ ਪੰਜਾਬ ਦੀ ਜਨਤਾ ਦਾ ਵਿਸ਼ਵਾਸ ਵੀ ਖੰਭ ਲਾ ਕੇ ਉੱਡ ਗਿਆ ਹੈ। ਇਹੋ ਵਜ੍ਹਾ ਹੈ ਕਿ 2022 ਦੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕੇਵਲ ਤਿੰਨ ਵਿਧਾਇਕ ਚੁਣੇ ਗਏ ਸਨ ਜਿਨ੍ਹਾਂ ਵਿੱਚੋਂ ਵੀ ਸੁਖਬੀਰ ਸਿੰਘ ਬਾਦਲ ਦੇ ਧੜੇ ਵਿੱਚ ਕੇਵਲ ਇੱਕੋ ਵਿਧਾਇਕਾ ਗਨੀਵ ਕੌਰ ਰਹਿ ਗਈ ਹੈ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਜਿਸ ਦੇ ਬੋਝੇ ਵਿੱਚ ਕਿਸੇ ਵੇਲੇ 36 ਫ਼ੀਸਦੀ ਵੋਟਾਂ ਪੈਂਦੀਆਂ ਸਨ, ਹੁਣ 11 ਫ਼ੀਸਦੀ 'ਤੇ ਆ ਡਿੱਗਿਆ ਹੈ। ਇਹੋ ਵਜ੍ਹਾ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਹਟਾਉਣ ਲਈ ਬਾਗ਼ੀ ਧੜਾ ਸਾਹਮਣੇ ਆਇਆ ਸੀ। ਹੋਰ ਠੋਸ ਦਲੀਲ ਦਿੱਤੀ ਗਈ ਹੈ ਕਿ ਨਵੇਂ ਅਕਾਲੀ ਦਲ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪੰਜ ਸਾਬਕਾ ਪ੍ਰਧਾਨ ਹਨ ਜਦ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਸਾਬਕਾ ਪ੍ਰਧਾਨ ਵੀ ਇਸੇ ਖੇਮੇ 'ਚ ਬੈਠੇ ਹਨ।

ਮੁਲਕ ਦੀਆਂ ਦੂਜੀਆਂ ਸਿਆਸੀ ਪਾਰਟੀਆਂ ਵਿੱਚ ਇਸ ਨਾਲ ਮਿਲਦੇ ਗਿਲਦੇ ਪਏ ਰਿੜਕੇ ਦੀ ਗੱਲ ਕਰੀਏ ਤਾਂ ਚੋਣ ਨਿਸ਼ਾਨ ਫਰੀਜ਼ ਹੁੰਦੇ ਰਹੇ ਹਨ। ਭਾਵ ਭਾਰਤੀ ਚੋਣ ਕਮਿਸ਼ਨ ਵਿਵਾਦਤ ਚੋਣ ਨਿਸ਼ਾਨ ਨੂੰ ਆਪਣੇ ਕੋਲ ਰੱਖ ਕੇ ਸਬੰਧਤ ਧਿਰਾਂ ਨੂੰ ਵੱਖਰਾ ਚੋਣ ਨਿਸ਼ਾਨ ਅਲਾਟ ਕਰਦਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕੇਸ ਵਿੱਚ ਵੀ ਅਜਿਹਾ ਹੋ ਜਾਂਦਾ ਹੈ ਤਾਂ ਸੁਖਬੀਰ ਸਿੰਘ ਬਾਦਲ ਲਈ ਘਾਟਾ ਹੀ ਘਾਟਾ ਹੈ। ਇੱਕ ਹੋਰ ਪਾਏਦਾਰ ਦਲੀਲ ਵੀ ਦਿੱਤੀ ਗਈ ਹੈ ਕਿ ਸੁਖਬੀਰ ਸਿੰਘ ਬਾਦਲ ਦੇ ਰਿਸ਼ਤੇਦਾਰ ਡਰੱਗਜ਼ ਮਾਮਲੇ ਵਿੱਚ ਫਸੇ ਹੋਏ ਹਨ।

ਇੱਥੇ ਚੇਤੇ ਕਰਾਉਣਾ ਜ਼ਰੂਰੀ ਹੋਵੇਗਾ ਕਿ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਵੋਟਰਾਂ ਦਾ ਰਿਕਾਰਡ ਮੰਗਣ ਵਾਸਤੇ ਦਫ਼ਤਰ ਇੰਚਾਰਜ ਜਗਜੀਤ ਸਿੰਘ ਗੋਲੀ ਵੱਲੋਂ ਪੰਜ ਮੈਂਬਰੀ ਕਮੇਟੀ ਨੂੰ ਇੱਕ ਚਿੱਠੀ ਲਿਖੀ ਗਈ ਸੀ। ਇਹ ਚਿੱਠੀ ਵੀ ਕਾਫ਼ੀ ਵਿਵਾਦਾਂ ਵਿੱਚ ਘਿਰੀ ਰਹੀ ਕਿਉਂਕਿ ਸਮਝਿਆ ਜਾ ਰਿਹਾ ਸੀ ਕਿ ਪੁਨਰ ਸੁਰਜੀਤ ਅਕਾਲੀ ਦਲ ਨੂੰ ਛੱਡਣ ਵਾਲੇ ਹੋ ਸਕਦੈ ਅਹਿਮ ਡਾਟਾ ਆਪਣੇ ਨਾਲ ਲੈ ਗਏ ਹੋਣ। ਪਰ ਹੁਣ ਇਹ ਡਾਟਾ ਭਾਰਤੀ ਚੋਣ ਕਮਿਸ਼ਨ ਮੂਹਰੇ ਪੇਸ਼ ਕਰ ਦਿੱਤਾ ਗਿਆ ਹੈ।

ਇਸ ਮਾਮਲੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਦੋਹਾਂ ਧੜਿਆਂ ਦੀ ਭਾਰਤੀ ਜਨਤਾ ਪਾਰਟੀ ਨਾਲ ਨੇੜਤਾ ਦੀ ਕਪੜਛਾਣ ਵੀ ਹੋ ਜਾਵੇਗੀ। ਚਰਚਾ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਏਜੰਸੀਆਂ ਅਤੇ ਚੋਣ ਕਮਿਸ਼ਨ ਉਤੇ ਕਾਠੀ ਪਾ ਰੱਖੀ ਹੈ। ਤਤਕਾਲੀ ਕਾਂਗਰਸ ਸਰਕਾਰ ਵੇਲੇ ਵੀ ਸੀਬੀਆਈ ਨੂੰ ਕੇਂਦਰ ਦਾ ਤੋਤਾ ਕਿਹਾ ਜਾਂਦਾ ਰਿਹਾ ਹੈ। ਭਾਰਤੀ ਚੋਣ ਕਮਿਸ਼ਨ ਮੂਹਰੇ ਛਿੜੀ ਲੜਾਈ ਵਿੱਚ ਕੇਂਦਰ ਦੀ ਭੂਮਿਕਾ ਅਹਿਮ ਹੋਵੇਗੀ। ਸ਼ਾਇਦ ਭਾਜਪਾ ਹਾਲੇ ਤੱਕ ਅਕਾਲੀਆਂ ਦੇ ਦੋਹਾਂ ਧੜਿਆਂ ਦਾ ਭਾਰ ਤੋਲ ਰਹੀ ਹੋਵੇ।

ਹਾਲ ਦੀ ਘੜੀ ਕਿਹਾ ਜਾ ਸਕਦਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਪਰਾਏ ਹੋਏ ਆਪਣਿਆਂ ਨੇ ਹੀ ਕੁੜੱਕੀ ਵਿੱਚ ਲੈ ਲਿਆ ਹੈ। ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਹੋਏ ਹੁਕਮਨਾਮੇ ਦੇ ਭੈ ਵਿੱਚ ਰਹਿੰਦਿਆਂ ਨਵੀਂ ਭਰਤੀ ਕਰਾ ਕੇ ਆਪਣੀ ਪ੍ਰਧਾਨ ਬਣਨ ਦੀ ਸੀਨੇ ਵਿੱਚ ਪਲੋਸੀ ਜਾ ਰਹੀ ਮੰਗ ਪੂਰੀ ਕਰਨ ਵਿੱਚ ਸ਼ਾਇਦ ਸਫ਼ਲ ਹੋ ਜਾਂਦੇ। ਕਹਿੰਦੇ ਨੇ ਰੱਬ ਜਦੋਂ ਮਾਰਦਾ ਘਸੁੰਨ ਨਹੀਂ, ਮੱਤ ਮਾਰਦੈ। ਘਸੁੰਨ ਮਾਰੇ ਵੀ, ਉਹਦਾ ਖੜਾਕ ਨਹੀਂ ਹੁੰਦਾ। ਉਹਦੀ ਵੱਟੀ ਹੋਈ ਮੁੱਕੀ ਦਾ ਭੈਅ ਮੰਨਣਾ ਹੀ ਉਹਦੀ ਰਜ਼ਾ ਵਿੱਚ ਰਹਿਣਾ ਹੁੰਦਾ ਹੈ। ਉਹਦੀ ਰਜ਼ਾ ਵਿੱਚ ਰਹਿਣ ਵਾਲਾ ਬੰਦਾ ਕਦੇ ਘਾਟਾ ਨਹੀਂ ਖਾਂਦਾ। ਰੱਬ ਉਹ ਦਿੰਦਾ ਹੈ ਜੋ ਬੰਦਾ ਆਪ ਲੈ ਨਹੀਂ ਪਾਂਦਾ।



ਡਾ. ਪ੍ਰਿਅੰਕਾ ਸੌਰਭ
7015375570

# ਕੰਮ ਵਾਲੀ ਥਾਂ, ਔਰਤਾਂ ਦੀ ਸਿਹਤ ਅਤੇ ਮਾਹਵਾਰੀ ਛੁੱਟੀ

## ਕੀ ਲਾਜ਼ਮੀ ਛੁੱਟੀ ਨੀਤੀ ਔਰਤਾਂ ਨੂੰ ਸਸ਼ਕਤ ਬਣਾਉਂਦੀ ਹੈ ਜਾਂ ਉਨ੍ਹਾਂ ਦੇ ਪੇਸ਼ੇਵਰ ਮੌਕਿਆਂ ਨੂੰ ਸੀਮਤ ਕਰਨ ਦਾ ਜ਼ੋਖਮ ਲੈਂਦੀ ਹੈ ?

ਮਾਹਵਾਰੀ ਔਰਤਾਂ ਦੇ ਜੀਵਨ ਵਿੱਚ ਇੱਕ ਕੁਦਰਤੀ ਜੈਵਿਕ ਪ੍ਰਕਿਰਿਆ ਹੈ, ਪਰ ਲੰਬੇ ਸਮੇਂ ਤੋਂ, ਇਹ ਸਮਾਜਿਕ ਸ਼ਰਮਿੰਦਗੀ, ਚੁੱਪ ਅਤੇ ਅਣਗਹਿਲੀ ਵਿੱਚ ਘਿਰੀ ਹੋਈ ਸੀ। ਆਧੁਨਿਕ ਸਮੇਂ ਵਿੱਚ, ਜਿਵੇਂ-ਜਿਵੇਂ ਲਿੰਗ ਸਮਾਨਤਾ, ਸਮਾਵੇਸ਼ ਅਤੇ ਸੰਵੇਦਨਸ਼ੀਲ ਕਾਰਜ ਸਥਾਨ ਨੀਤੀਆਂ ਬਾਰੇ ਚਰਚਾ ਤੇਜ਼ ਹੋਈ ਹੈ, ਲਾਜ਼ਮੀ ਮਾਹਵਾਰੀ ਛੁੱਟੀ ਦੀ ਧਾਰਨਾ ਵੀ ਚਰਚਾ ਦਾ ਕੇਂਦਰ ਬਣ ਗਈ ਹੈ। ਬਹੁਤ ਸਾਰੇ ਦੇਸ਼ਾਂ ਅਤੇ ਸੰਸਥਾਵਾਂ ਨੇ ਮਾਹਵਾਰੀ ਦੌਰਾਨ ਔਰਤਾਂ ਨੂੰ ਵਿਸ਼ੇਸ਼ ਛੁੱਟੀ ਪ੍ਰਦਾਨ ਕਰਨ ਲਈ ਨੀਤੀਆਂ ਅਪਣਾਈਆਂ ਹਨ, ਜਿਸ ਨਾਲ ਉਹ ਸਰੀਰਕ ਬੇਅਰਾਮੀ ਅਤੇ ਮਾਨਸਿਕ ਤਣਾਅ ਦੇ ਸਮੇਂ ਆਰਾਮ ਕਰ ਸਕਦੀਆਂ ਹਨ। ਹਾਲਾਂਕਿ, ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਅਜਿਹੀਆਂ ਲਾਜ਼ਮੀ ਨੀਤੀਆਂ ਅਸਲ ਵਿੱਚ ਕੰਮ ਸਥਾਨ ਵਿੱਚ ਸਮਾਨਤਾ ਨੂੰ ਉਤਸ਼ਾਹਿਤ ਕਰਦੀਆਂ ਹਨ, ਜਾਂ ਅਣਜਾਣੇ ਵਿੱਚ ਰੁਜ਼ਗਾਰ ਵਿੱਚ ਲਿੰਗ ਭੇਦਭਾਵ ਨੂੰ ਮਜ਼ਬੂਤ ਕਰਦੀਆਂ ਹਨ। ਇਸ ਸੰਦਰਭ ਵਿੱਚ, ਇਸ ਮੁੱਦੇ ਦਾ ਇੱਕ ਆਲੋਚਨਾਤਮਕ ਵਿਸ਼ਲੇਸ਼ਣ ਜ਼ਰੂਰੀ ਹੈ। ਪਹਿਲਾਂ, ਇਹ ਸਮਝਣਾ ਮਹੱਤਵਪੂਰਨ ਹੈ ਕਿ ਮਾਹਵਾਰੀ ਦੌਰਾਨ ਹਾਰਮੋਨਲ ਤਬਦੀਲੀਆਂ ਕਾਰਨ ਬਹੁਤ ਸਾਰੀਆਂ ਔਰਤਾਂ ਸਰੀਰਕ ਦਰਦ, ਥਕਾਵਟ, ਚੱਕਰ ਆਉਣੇ, ਜਾਂ ਮਾਨਸਿਕ ਤਣਾਅ ਦਾ ਅਨੁਭਵ ਕਰਦੀਆਂ ਹਨ। ਇਸ ਨਾਲ ਉਨ੍ਹਾਂ ਲਈ ਕੰਮ ਵਾਲੀ ਥਾਂ 'ਤੇ ਕੰਮ ਕਰਨਾ ਜਾਰੀ ਰੱਖਣਾ ਮੁਸ਼ਕਲ ਹੋ ਸਕਦਾ ਹੈ। ਲਾਜ਼ਮੀ ਮਾਹਵਾਰੀ ਛੁੱਟੀ ਨੀਤੀ ਦਾ ਮੁੱਖ ਉਦੇਸ਼ ਔਰਤਾਂ ਦੀ ਸਿਹਤ ਅਤੇ ਸਨਮਾਨ ਦੀ ਰੱਖਿਆ ਕਰਨਾ ਹੈ। ਇਹ ਨੀਤੀ ਇਸ ਗੱਲ ਨੂੰ ਮੰਨਦੀ ਹੈ ਕਿ ਔਰਤਾਂ ਦੀਆਂ ਵੱਖੋ-ਵੱਖਰੀਆਂ ਜੈਵਿਕ ਜ਼ਰੂਰਤਾਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਕੰਮ ਵਾਲੀ ਥਾਂ 'ਤੇ ਉਸ ਅਨੁਸਾਰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਇਸ ਸਬੰਧ ਵਿੱਚ, ਇਹ ਨੀਤੀ ਲਿੰਗ ਸੰਵੇਦਨਸ਼ੀਲਤਾ ਨੂੰ ਦਰਸਾਉਂਦੀ ਹੈ ਅਤੇ ਔਰਤਾਂ ਪ੍ਰਤੀ ਹਮਦਰਦੀ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਦੀ ਹੈ।

ਇਸ ਤੋਂ ਇਲਾਵਾ, ਲਾਜ਼ਮੀ ਮਾਹਵਾਰੀ ਛੁੱਟੀ ਕਾਰਜ ਸਥਾਨਾਂ ਵਿੱਚ ਲੰਬੇ ਸਮੇਂ ਤੋਂ ਚੱਲੀ ਆ ਰਹੀ ਚੁੱਪ ਨੂੰ ਤੋੜਨ ਦੀ ਕੋਸ਼ਿਸ਼ ਹੈ, ਜਿੱਥੇ ਮਾਹਵਾਰੀ ਨੂੰ ਲੁਕਾਉਣ ਜਾਂ ਸ਼ਰਮਿੰਦਾ ਕਰਨ ਵਾਲੀ ਚੀਜ਼ ਮੰਨਿਆ ਜਾਂਦਾ ਸੀ। ਜਦੋਂ ਸੰਸਥਾਵਾਂ ਰਸਮੀ ਤੌਰ 'ਤੇ ਇਸ ਵਿਸ਼ੇ ਨੂੰ ਸਵੀਕਾਰ ਕਰਦੀਆਂ ਹਨ, ਤਾਂ ਇਹ ਸਮਾਜਿਕ ਪੱਧਰ 'ਤੇ ਇੱਕ ਸਕਾਰਾਤਮਕ ਸੰਦੇਸ਼ ਵੀ ਭੇਜਦੀ ਹੈ ਕਿ ਮਾਹਵਾਰੀ ਇੱਕ ਕਮਜ਼ੋਰੀ ਨਹੀਂ ਹੈ ਸਗੋਂ ਇੱਕ ਕੁਦਰਤੀ ਪ੍ਰਕਿਰਿਆ ਹੈ। ਇਹ ਔਰਤਾਂ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਬੋਲਣ ਦੀ ਹਿੰਮਤ ਦਿੰਦਾ ਹੈ ਅਤੇ ਇੱਕ ਵਧੇਰੇ ਮਨੁੱਖੀ ਅਤੇ ਸੰਵੇਦਨਸ਼ੀਲ ਕਾਰਜ ਸਥਾਨ ਵਾਤਾਵਰਣ ਬਣਾ ਸਕਦਾ ਹੈ।

ਕੁਝ ਮਾਹਰ ਇਹ ਵੀ ਮੰਨਦੇ ਹਨ ਕਿ ਅਜਿਹੀਆਂ ਨੀਤੀਆਂ ਅਸਿੱਧੇ ਤੌਰ 'ਤੇ ਕੰਮ ਵਾਲੀ ਥਾਂ 'ਤੇ ਉਤਪਾਦਕਤਾ ਵਧਾ ਸਕਦੀਆਂ ਹਨ। ਜਦੋਂ ਕਰਮਚਾਰੀਆਂ ਨੂੰ ਲੋੜੀਂਦਾ ਆਰਾਮ ਮਿਲਦਾ ਹੈ, ਤਾਂ ਉਹ ਠੀਕ ਹੋ ਜਾਂਦੇ ਹਨ ਅਤੇ ਬਿਹਤਰ ਢੰਗ ਨਾਲ ਕੰਮ ਕਰਦੇ ਹਨ। ਜੇਕਰ ਕਿਸੇ ਔਰਤ ਨੂੰ ਮਾਹਵਾਰੀ ਦੌਰਾਨ ਗੰਭੀਰ ਦਰਦ ਜਾਂ ਬੇਅਰਾਮੀ ਦਾ ਅਨੁਭਵ ਹੁੰਦਾ ਹੈ ਅਤੇ ਫਿਰ ਵੀ ਕੰਮ ਕਰਨਾ ਪੈਂਦਾ ਹੈ, ਤਾਂ ਉਸਦੀ ਕਾਰਗੁਜ਼ਾਰੀ ਪ੍ਰਭਾਵਿਤ ਹੋ ਸਕਦੀ ਹੈ। ਅਜਿਹੇ ਮਾਮਲਿਆਂ ਵਿੱਚ, ਥੋੜ੍ਹੇ ਸਮੇਂ ਦੀ ਛੁੱਟੀ ਉਸਨੂੰ ਸਰੀਰਕ ਅਤੇ ਮਾਨਸਿਕ ਸੰਤੁਲਨ ਮੁੜ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀ ਹੈ। ਇਸ ਤਰ੍ਹਾਂ ਸਿਹਤ-ਸੰਵੇਦਨਸ਼ੀਲ ਨੀਤੀਆਂ ਲੰਬੇ ਸਮੇਂ ਵਿੱਚ ਸੰਗਠਨਾਂ ਲਈ ਵੀ ਲਾਭਦਾਇਕ ਸਾਬਤ ਹੋ ਸਕਦੀਆਂ ਹਨ।

ਹਾਲਾਂਕਿ, ਇਸ ਨੀਤੀ ਦੇ ਹੱਕ ਵਿੱਚ ਇਹਨਾਂ ਦਲੀਲਾਂ ਦੇ ਨਾਲ-ਨਾਲ ਇਸਦੇ ਸੰਭਾਵੀ ਨਕਾਰਾਤਮਕ ਪ੍ਰਭਾਵਾਂ 'ਤੇ ਵਿਚਾਰ ਕਰਨਾ ਮਹੱਤਵਪੂਰਨ ਹੈ। ਬਹੁਤ ਸਾਰੇ ਆਲੋਚਕਾਂ ਦਾ ਮੰਨਣਾ ਹੈ ਕਿ ਲਾਜ਼ਮੀ ਮਾਹਵਾਰੀ ਛੁੱਟੀ ਨੀਤੀਆਂ ਅਣਜਾਣੇ ਵਿੱਚ ਰੁਜ਼ਗਾਰ ਵਿੱਚ ਲਿੰਗ ਭੇਦਭਾਵ ਨੂੰ ਉਤਸ਼ਾਹਿਤ ਕਰ ਸਕਦੀਆਂ ਹਨ। ਜੇਕਰ ਕੋਈ ਸੰਗਠਨ ਮਹਿਸੂਸ ਕਰਦਾ ਹੈ ਕਿ ਮਹਿਲਾ ਕਰਮਚਾਰੀਆਂ ਨੂੰ ਹਰ ਮਹੀਨੇ ਵਾਧੂ ਛੁੱਟੀ ਲੈਣੀ ਪਵੇਗੀ, ਤਾਂ ਉਹ ਭਰਤੀ ਕਰਦੇ ਸਮੇਂ ਪੁਰਸ਼ ਉਮੀਦਵਾਰਾਂ ਨੂੰ ਤਰਜੀਹ ਦੇ ਸਕਦੀ ਹੈ। ਖਾਸ ਕਰਕੇ ਨਿੱਜੀ ਖੇਤਰ ਵਿੱਚ, ਜਿੱਥੇ ਉਤਪਾਦਕਤਾ ਅਤੇ ਸਮਾਂ ਪ੍ਰਬੰਧਨ ਦੀ ਬਹੁਤ ਕਦਰ ਕੀਤੀ ਜਾਂਦੀ ਹੈ, ਮਾਲਕ ਔਰਤਾਂ ਨੂੰ ਵਾਧੂ ਜ਼ਿੰਮੇਵਾਰੀ ਵਜੋਂ ਦੇਖਣਾ ਸ਼ੁਰੂ ਕਰ ਸਕਦੇ ਹਨ।

ਇਹ ਦ੍ਰਿਸ਼ਟੀਕੋਣ ਇਹ ਵੀ ਦਲੀਲ ਦਿੰਦਾ ਹੈ ਕਿ ਲਾਜ਼ਮੀ ਛੁੱਟੀ ਨੀਤੀਆਂ ਔਰਤਾਂ ਨੂੰ ਘੱਟ ਯੋਗ ਜਾਂ ਘੱਟ ਭਰੋਸੇਮੰਦ ਕਰਮਚਾਰੀਆਂ ਵਜੋਂ ਦਰਸਾ ਸਕਦੀਆਂ ਹਨ। ਇਹ ਇਹ ਪ੍ਰਭਾਵ ਪੈਦਾ ਕਰ ਸਕਦਾ ਹੈ ਕਿ ਔਰਤਾਂ ਹਰ ਮਹੀਨੇ ਕੁਝ ਦਿਨਾਂ ਲਈ ਕੰਮ ਲਈ ਉਪਲਬਧ ਨਹੀਂ ਹੋਣਗੀਆਂ, ਜੋ ਮਾਲਕਾਂ ਦੀ ਉਨ੍ਹਾਂ ਪ੍ਰਤੀ ਧਾਰਨਾ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਤ ਕਰ ਸਕਦਾ ਹੈ। ਨਤੀਜੇ ਵਜੋਂ, ਔਰਤਾਂ ਕੋਲ ਉੱਚ ਅਹੁਦਿਆਂ, ਲੀਡਰਸ਼ਿਪ ਭੂਮਿਕਾਵਾਂ, ਜਾਂ ਮਹੱਤਵਪੂਰਨ ਪ੍ਰੋਜੈਕਟਾਂ ਲਈ ਘੱਟ ਮੌਕੇ ਹੋ ਸਕਦੇ ਹਨ। ਇਸ ਤਰ੍ਹਾਂ, ਔਰਤਾਂ ਨੂੰ ਲਾਭ ਪਹੁੰਚਾਉਣ ਲਈ ਬਣਾਈ ਗਈ ਨੀਤੀ ਅਣਜਾਣੇ ਵਿੱਚ ਉਨ੍ਹਾਂ ਦੇ ਪੇਸ਼ੇਵਰ ਵਿਕਾਸ ਵਿੱਚ ਰੁਕਾਵਟ ਪਾ ਸਕਦੀ ਹੈ।

ਇੱਕ ਹੋਰ ਮਹੱਤਵਪੂਰਨ ਆਲੋਚਨਾ ਇਹ ਹੈ ਕਿ ਸਾਰੀਆਂ ਔਰਤਾਂ ਨੂੰ ਮਾਹਵਾਰੀ ਇੱਕੋ ਜਿਹੀ ਨਹੀਂ ਆਉਂਦੀ। ਕੁਝ ਔਰਤਾਂ ਇਸ ਸਮੇਂ ਦੌਰਾਨ ਬਹੁਤ ਜ਼ਿਆਦਾ ਦਰਦ ਦਾ ਅਨੁਭਵ ਕਰਦੀਆਂ ਹਨ, ਜਦੋਂ ਕਿ ਦੂਜੀਆਂ ਆਮ ਤੌਰ 'ਤੇ ਕੰਮ ਕਰ ਸਕਦੀਆਂ ਹਨ। ਜੇਕਰ ਛੁੱਟੀ ਲਾਜ਼ਮੀ ਕਰ ਦਿੱਤੀ ਜਾਂਦੀ ਹੈ, ਤਾਂ ਇਹ ਉਨ੍ਹਾਂ ਔਰਤਾਂ 'ਤੇ ਵੀ ਲਾਗੂ ਹੁੰਦੀ ਹੈ ਜਿਨ੍ਹਾਂ ਨੂੰ ਇਸਦੀ ਲੋੜ ਨਹੀਂ ਹੁੰਦੀ। ਇਹ ਸੁਨੇਹਾ ਭੇਜ ਸਕਦਾ ਹੈ ਕਿ ਹਰ ਔਰਤ ਮਾਹਵਾਰੀ ਦੌਰਾਨ ਕੰਮ ਕਰਨ ਦੇ ਯੋਗ ਨਹੀਂ ਹੈ, ਜੋ ਕਿ ਸੱਚ ਨਹੀਂ ਹੈ। ਇਸ ਲਈ, ਬਹੁਤ ਸਾਰੇ ਮਾਹਰ ਮੰਨਦੇ ਹਨ ਕਿ ਲਾਜ਼ਮੀ ਸ਼ਬਦ ਆਪਣੇ ਆਪ ਵਿੱਚ ਸਮੱਸਿਆ ਵਾਲਾ ਹੋ ਸਕਦਾ ਹੈ।

ਇਸ ਤੋਂ ਇਲਾਵਾ, ਇਹ ਦਲੀਲ ਦਿੱਤੀ ਜਾਂਦੀ ਹੈ ਕਿ ਕੰਮ ਵਾਲੀਆਂ ਥਾਵਾਂ 'ਤੇ ਸਿਰਫ਼ ਔਰਤਾਂ ਲਈ ਵਿਸ਼ੇਸ਼ ਛੁੱਟੀ ਪ੍ਰਦਾਨ ਕਰਨਾ ਸਮਾਨਤਾ ਦੇ ਸਿਧਾਂਤ ਦੇ ਉਲਟ ਹੋ ਸਕਦਾ ਹੈ। ਲਿੰਗ ਸਮਾਨਤਾ ਦਾ ਮੂਲ ਵਿਚਾਰ ਇਹ ਹੈ ਕਿ ਸਾਰੇ ਕਰਮਚਾਰੀਆਂ ਨੂੰ ਬਰਾਬਰ ਮੌਕੇ ਅਤੇ ਬਰਾਬਰ ਸਤਿਕਾਰ ਮਿਲੇ। ਇੱਕ ਸਮੂਹ ਨੂੰ ਵਿਸ਼ੇਸ਼ ਅਧਿਕਾਰ ਦੇਣ ਨਾਲ ਦੂਜਿਆਂ ਵਿੱਚ ਨਾਰਾਜ਼ਗੀ ਜਾਂ ਅਸਮਾਨਤਾ ਦੀ ਭਾਵਨਾ ਪੈਦਾ ਹੋ ਸਕਦੀ ਹੈ। ਹਾਲਾਂਕਿ ਇਹ ਦਲੀਲ ਪੂਰੀ ਤਰ੍ਹਾਂ ਜਾਇਜ਼ ਨਹੀਂ ਹੋ ਸਕਦੀ, ਕਿਉਂਕਿ ਸਮਾਨਤਾ ਦਾ ਮਤਲਬ ਹਮੇਸ਼ਾ ਬਰਾਬਰ ਵਿਵਹਾਰ ਨਹੀਂ ਹੁੰਦਾ ਸਗੋਂ ਨਿਰਪੱਖ ਇਲਾਜ ਵੀ ਹੁੰਦਾ ਹੈ, ਪਰ ਨੀਤੀ ਨਿਰਮਾਣ ਵਿੱਚ ਇਸ ਦ੍ਰਿਸ਼ਟੀਕੋਣ 'ਤੇ ਵਿਚਾਰ ਕਰਨਾ ਅਜੇ ਵੀ ਮਹੱਤਵਪੂਰਨ ਹੈ।

ਕਈ ਦੇਸ਼ਾਂ ਦੇ ਤਜਰਬੇ ਵੀ ਇਸ ਬਹਿਸ ਨੂੰ ਗੁੰਝਲਦਾਰ ਬਣਾਉਂਦੇ ਹਨ। ਕੁਝ ਥਾਵਾਂ 'ਤੇ ਮਾਹਵਾਰੀ ਛੁੱਟੀ ਨੀਤੀ ਹੋਣ ਦੇ ਬਾਵਜੂਦ, ਔਰਤਾਂ ਨੇ ਆਪਣੀ ਵਰਤੋਂ ਘਟਾ ਦਿੱਤੀ ਹੈ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਹ ਨਕਾਰਾਤਮਕ ਰੂੜ੍ਹੀਵਾਦੀ ਧਾਰਨਾਵਾਂ ਪੈਦਾ ਕਰ ਸਕਦੀ ਹੈ। ਇਹ ਦਰਸਾਉਂਦਾ ਹੈ ਕਿ ਸਿਰਫ਼ ਇੱਕ ਨੀਤੀ ਹੋਣਾ ਕਾਫ਼ੀ ਨਹੀਂ ਹੈ; ਕੰਮ ਵਾਲੀ ਥਾਂ ਦਾ ਸੱਭਿਆਚਾਰ ਅਤੇ ਮਾਨਸਿਕਤਾ ਵੀ ਬਰਾਬਰ ਮਹੱਤਵਪੂਰਨ ਹੈ। ਜੇਕਰ ਸੰਗਠਨ ਦਾ ਵਾਤਾਵਰਣ ਸੰਵੇਦਨਸ਼ੀਲ ਅਤੇ ਸਹਾਇਕ ਨਹੀਂ ਹੈ, ਤਾਂ ਕਰਮਚਾਰੀ ਉਪਲਬਧ ਲਾਭਾਂ ਦਾ ਲਾਭ ਲੈਣ ਤੋਂ ਝਿਜਕ ਸਕਦੇ ਹਨ।

ਇਸ ਸੰਦਰਭ ਵਿੱਚ, ਕੁਝ ਮਾਹਰ ਲਾਜ਼ਮੀ ਮਾਹਵਾਰੀ ਛੁੱਟੀ ਦੀ ਬਜਾਏ ਲਚਕਦਾਰ ਅਤੇ ਵਿਕਲਪਿਕ ਨੀਤੀ ਦੀ ਵਕਾਲਤ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਕਰਮਚਾਰੀਆਂ ਨੂੰ ਉਨ੍ਹਾਂ ਦੀ ਸਰੀਰਕ ਸਥਿਤੀ ਦੇ ਅਨੁਸਾਰ ਛੁੱਟੀ ਲੈਣ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ। ਉਦਾਹਰਣ ਵਜੋਂ ਆਮ ਡਾਕਟਰੀ ਛੁੱਟੀ ਜਾਂ ਲਚਕਦਾਰ ਕੰਮ ਦੇ ਸਮਾਂ-ਸਾਰਣੀ ਮਹਿਲਾ ਕਰਮਚਾਰੀਆਂ ਨੂੰ ਘਰ ਤੋਂ ਕੰਮ ਕਰਨ ਜਾਂ ਲੋੜ ਪੈਣ 'ਤੇ ਛੁੱਟੀ ਲੈਣ ਦੀ ਆਗਿਆ ਦੇ ਸਕਦੀ ਹੈ। ਅਜਿਹੇ ਪ੍ਰਬੰਧ ਵਿਅਕਤੀਗਤ ਜ਼ਰੂਰਤਾਂ ਦਾ ਸਤਿਕਾਰ ਕਰਦੇ ਹਨ ਅਤੇ ਲਾਜ਼ਮੀ ਛੁੱਟੀ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਵੀ ਘਟਾ ਸਕਦੇ ਹਨ। ਇਸ ਤੋਂ ਇਲਾਵਾ, ਕੰਮ ਵਾਲੀਆਂ ਥਾਵਾਂ 'ਤੇ ਮਾਹਵਾਰੀ ਸੰਬੰਧੀ ਬੁਨਿਆਦੀ ਸਹੂਲਤਾਂ ਦੀ ਉਪਲਬਧਤਾ ਬਹੁਤ ਮਹੱਤਵਪੂਰਨ ਹੈ। ਸਾਫ਼ ਪਖਾਨੇ, ਸੈਨੇਟਰੀ ਉਤਪਾਦਾਂ ਦੀ ਉਪਲਬਧਤਾ ਅਤੇ ਇੱਕ ਸੰਵੇਦਨਸ਼ੀਲ ਕੰਮ ਕਰਨ ਵਾਲਾ ਵਾਤਾਵਰਣ ਔਰਤਾਂ ਲਈ ਬਹੁਤ ਮਦਦਗਾਰ ਹੋ ਸਕਦਾ ਹੈ। ਕਈ ਵਾਰ, ਛੁੱਟੀ ਨਾਲੋਂ ਵੀ ਮਹੱਤਵਪੂਰਨ ਇੱਕ ਕੰਮ ਵਾਲੀ ਥਾਂ ਹੁੰਦੀ ਹੈ, ਜਿੱਥੇ ਔਰਤਾਂ ਆਪਣੀਆਂ ਜ਼ਰੂਰਤਾਂ ਬਾਰੇ ਖੁੱਲ੍ਹ ਕੇ ਚਰਚਾ ਕਰ ਸਕਦੀਆਂ ਹਨ ਅਤੇ ਲੋੜੀਂਦੀ ਸਹਾਇਤਾ ਪ੍ਰਾਪਤ ਕਰ ਸਕਦੀਆਂ ਹਨ। ਦਰਅਸਲ, ਇਸ ਪੂਰੀ ਬਹਿਸ ਦਾ ਮੁੱਖ ਸਵਾਲ ਇਹ ਹੈ ਕਿ ਸਮਾਨਤਾ ਦਾ ਕੀ ਅਰਥ ਹੈ। ਕੀ ਸਮਾਨਤਾ ਦਾ ਅਰਥ ਹੈ ਸਾਰੇ ਕਰਮਚਾਰੀਆਂ ਨਾਲ ਬਿਲਕੁਲ ਇੱਕੋ ਜਿਹਾ ਵਿਵਹਾਰ ਕਰਨਾ, ਜਾਂ ਕੀ ਇਸਦਾ ਅਰਥ ਹੈ ਕਰਮਚਾਰੀਆਂ ਨੂੰ ਬਰਾਬਰ ਸਹੂਲਤਾਂ ਪ੍ਰਦਾਨ ਕਰਨਾ, ਉਨ੍ਹਾਂ ਦੀਆਂ ਵੱਖੋ-ਵੱਖਰੀਆਂ ਜ਼ਰੂਰਤਾਂ ਨੂੰ ਪਛਾਣਨਾ ? ਆਧੁਨਿਕ ਨਾਰੀਵਾਦੀ ਦ੍ਰਿਸ਼ਟੀਕੋਣ ਮੰਨਦੇ ਹਨ ਕਿ ਸੱਚੀ ਸਮਾਨਤਾ ਉਦੋਂ ਹੀ ਸੰਭਵ ਹੈ ਜਦੋਂ ਨੀਤੀਆਂ ਜੈਵਿਕ ਅਤੇ ਸਮਾਜਿਕ ਅੰਤਰਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾਣ। ਇਸ ਦ੍ਰਿਸ਼ਟੀਕੋਣ ਤੋਂ ਮਾਹਵਾਰੀ ਛੁੱਟੀ ਦਾ ਵਿਚਾਰ ਪੂਰੀ ਤਰ੍ਹਾਂ ਗੈਰ-ਵਾਜਬ ਨਹੀਂ ਹੈ। ਪਰ ਇਸਨੂੰ ਇਸ ਤਰੀਕੇ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਜੋ ਔਰਤਾਂ ਦੇ ਮਾਣ ਅਤੇ ਅਧਿਕਾਰਾਂ ਨੂੰ ਮਜ਼ਬੂਤ ਕਰੇ, ਨਾ ਕਿ ਉਨ੍ਹਾਂ ਨੂੰ ਕਮਜ਼ੋਰ ਜਾਂ ਘੱਟ ਸਮਰੱਥ ਦਿਖਾਈ ਦੇਵੇ।

ਅੰਤ ਵਿੱਚ, ਲਾਜ਼ਮੀ ਮਾਹਵਾਰੀ ਛੁੱਟੀ ਨੀਤੀਆਂ ਇੱਕ ਗੁੰਝਲਦਾਰ ਅਤੇ ਬਹੁਪੱਖੀ ਮੁੱਦਾ ਪੇਸ਼ ਕਰਦੀਆਂ ਹਨ। ਜਦੋਂ ਕਿ ਇਹ ਔਰਤਾਂ ਦੀ ਸਿਹਤ, ਮਾਣ ਅਤੇ ਕਮਜ਼ੋਰੀ ਨੂੰ ਪਛਾਣਦੀਆਂ ਹਨ, ਉਹ ਅਣਜਾਣੇ ਵਿੱਚ ਰੁਜ਼ਗਾਰ ਵਿੱਚ ਲਿੰਗ ਭੇਦਭਾਵ ਨੂੰ ਕਾਇਮ ਰੱਖਣ ਦਾ ਜੋਖਮ ਵੀ ਲੈ ਸਕਦੀਆਂ ਹਨ। ਇਸ ਲਈ, ਨੀਤੀ ਨਿਰਮਾਣ ਲਈ ਇੱਕ ਸੰਤੁਲਿਤ ਅਤੇ ਵਿਹਾਰਕ ਪਹੁੰਚ ਜ਼ਰੂਰੀ ਹੈ। ਲਚਕਦਾਰ ਨੀਤੀਆਂ, ਜਾਗਰੂਕਤਾ ਅਤੇ ਇੱਕ ਸੰਵੇਦਨਸ਼ੀਲ ਕਾਰਜ ਸਥਾਨ ਸੱਭਿਆਚਾਰ ਲਾਜ਼ਮੀ ਹੱਲਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੱਲ ਹੋ ਸਕਦੇ ਹਨ।

ਸਮਾਜ ਅਤੇ ਸੰਸਥਾਵਾਂ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਮਾਹਵਾਰੀ ਕੋਈ ਰੁਕਾਵਟ ਨਹੀਂ ਹੈ ਸਗੋਂ ਜੀਵਨ ਦੀ ਇੱਕ ਕੁਦਰਤੀ ਪ੍ਰਕਿਰਿਆ ਹੈ। ਜੇਕਰ ਕਾਰਜ ਸਥਾਨ ਔਰਤਾਂ ਦੀ ਸਿਹਤ ਦਾ ਸਤਿਕਾਰ ਕਰਨ ਵਾਲੀਆਂ ਨੀਤੀਆਂ ਵਿਕਸਤ ਕਰਦੇ ਹਨ ਅਤੇ ਨਾਲ ਹੀ ਉਨ੍ਹਾਂ ਦੀਆਂ ਪੇਸ਼ੇਵਰ ਯੋਗਤਾਵਾਂ ਵਿੱਚ ਵਿਸ਼ਵਾਸ ਬਣਾਈ ਰੱਖਦੇ ਹਨ, ਤਾਂ ਹੀ ਸੱਚੀ ਲਿੰਗ ਸਮਾਨਤਾ ਵੱਲ ਅਰਥਪੂਰਨ ਕਦਮ ਚੁੱਕੇ ਜਾਣਗੇ।

## ਗੋਗਾ ਕੌਂਸਲਰ ਦੀ ਅਗਵਾਈ ਹੇਠ ਅੱਖਾਂ ਦਾ ਮੁਫ਼ਤ ਕੈਂਪ ਲੱਗਾ



ਲੁਧਿਆਣਾ, 18 ਮਾਰਚ (ਰਵਿੰਦਰ ਸਿੰਘ ਨਿੱਝਰ): ਸੋਹਣ ਸਿੰਘ ਗੋਗਾ ਕੌਂਸਲਰ ਅਤੇ ਵਿੱਦਿਆ ਰਤਨ ਫਾਊਂਡੇਸ਼ਨ ਵੱਲੋਂ ਲਗਾਏ ਗਏ ਕੈਂਪ ਦੇ ਵਿੱਚ ਸੈਂਕੜੇ ਲੋਕਾਂ ਨੇ ਇਸ ਕੈਂਪ ਦਾ ਲਾਹਾ ਲਿਆ। ਜਿਸ ਵਿੱਚ ਬਹੁਤ ਸਾਰੀਆਂ ਬਿਮਾਰੀਆਂ ਦੀ ਜਾਂਚ ਕੀਤੀ ਗਈ ਅਤੇ ਫਿਰ ਦਵਾਈਆਂ ਤੇ ਮੁਫ਼ਤ ਐਨਕਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਮੁਫ਼ਤ ਈਸੀਜੀ, ਸ਼ੂਗਰ, ਬੀਪੀ ਦੇ ਟੈਸਟ ਵੀ ਕੀਤੇ ਗਏ। ਅੱਖਾਂ, ਚਮੜੀ ਅਤੇ ਦਿਲ ਦੇ ਡਾਕਟਰਾਂ ਨੇ ਕੈਂਪ ਦੌਰਾਨ ਆਪੋ ਆਪਣੀ ਸੇਵਾ ਨਿਭਾਈ। ਸ੍ਰੀ ਗੋਗਾ ਅਨੁਸਾਰ 300 ਦੇ ਕਰੀਬ ਮਰੀਜ਼ਾਂ ਨੇ ਕੈਂਪ ਦਾ ਲਾਹਾ ਲਿਆ। ਉਹਨਾਂ ਨਰਿੰਦਰ ਅਹੂਜਾ, ਡਾ ਬਲਰਾਜ ਗੁਪਤਾ, ਡਾ ਕੋਮਲ ਜੈਸਵਾਲ, ਡਾ ਬਿਕਰਮ, ਡਾ ਅੰਬੀਕਾ ਅੱਜ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਕੈਂਪ ਦੌਰਾਨ ਆਪੋ ਆਪਣੀਆਂ ਸੇਵਾਵਾਂ ਨਿਭਾਈਆਂ। ਨੇਤਰਮ ਆਈ ਫਾਊਂਡੇਸ਼ਨ ਅਤੇ ਵਿੱਦਿਆ ਰਤਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਲਗਾਏ ਗਏ ਸਕੈਮ ਵਿੱਚ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਮੌਂਟੀ ਸਚਦੇਵਾ ਵੀ ਉਚੇਚੇ ਤੌਰ 'ਤੇ ਪਹੁੰਚੇ।ਇਸ ਮੌਕੇ ਸੁਖਵਿੰਦਰ ਸਿੰਘ ਦਹੇਲਾ, ਮੰਨੀ ਬੈਂਸ, ਇੰਦਰਜੀਤ ਬੌਬੀ, ਸੁਰਜੀਤ ਸਿੰਘ, ਬਲਵਿੰਦਰ ਸਿੰਘ, ਹਰਦੇਵ ਸਿੰਘ ਸਾਗੋਵਾਲ, ਦਵਿੰਦਰ ਸਰਮਾ, ਰਾਹੁਲ ਕੁਮਾਰ, ਆਕਾਸ਼ ਵਰਮਾ, ਸਾਗਰ ਤੁਲੀ, ਸਤਵੰਤ ਸਿੰਘ, ਮਨਜੀਤ ਕੌਰ, ਸਵਿਤਾ ਰਾਣੀ, ਪ੍ਰੀਤੀ, ਜਸਬੀਰ ਕੌਰ, ਇੰਦਰ ਜੀਤ ਕੌਰ, ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਦਰਸ਼ਨ ਸਿੰਘ ਜੱਸਲ, ਦਰਸ਼ਨ ਸਿੰਘ ਕੋਮਲ ਆਦਿ ਵੀ ਮੌਜੂਦ ਸਨ।

## ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਵਿਖੇ ਚੁਪਹਿਰਾ ਸਮਾਗਮ ਕਰਵਾਏ



ਲੁਧਿਆਣਾ, 18 ਮਾਰਚ (ਰਵਿੰਦਰ ਸਿੰਘ ਨਿੱਝਰ): ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਮਾਡਲ ਟਾਊਨ ਐਕਸਟੈਂਸ਼ਨ ਵਿਖੇ ਹਫਤਾਵਾਰੀ ਜਪ ਤਪ ਚੁਪਹਿਰਾ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਕਥਾਵਾਚਕ ਭਾਈ ਸੁਖਜੀਤ ਸਿੰਘ ਘਨੱਈਆ ਬੁੱਢਾ ਦਲ ਵਾਲਿਆਂ ਵੱਲੋਂ ਸੰਗਤਾਂ ਨਾਲ ਕਥਾ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਉਹਨਾਂ ਸੰਗਤਾਂ ਨੂੰ ਚੁਪਹਿਰਾ ਸਾਹਿਬ ਦੀ ਮਹੱਤਤਾ ਤੋਂ ਜਾਣੂੰ ਕਰਵਾਇਆ। ਉਹਨਾਂ ਇਸ ਦਾ ਵਿਰੋਧ ਕਰਨ ਵਾਲਿਆਂ ਨੂੰ ਵੀ ਗੁਰਬਾਣੀ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅਨੇਕਾਂ ਅਮਰ ਸ਼ਹੀਦ ਭਾਈ ਬਾਬਾ ਦੀਪ ਸਿੰਘ ਦੇ ਸਥਾਨ ਵਿਖੇ ਹੋ ਰਹੇ ਸਮਾਗਮਾਂ ਵਿੱਚ ਜਦੋਂ ਸੰਗਤਾਂ ਵੱਲੋਂ ਗੁਰੂ ਦੀ ਬਾਣੀ ਜਾਪ ਕੀਤਾ ਜਾਂਦਾ ਹੈ ਤਾਂ ਸ਼ਹੀਦਾਂ ਦੇ ਪਹਿਰੇ ਲੱਗ ਜਾਂਦੇ ਹਨ ਅਤੇ ਸ਼ਹੀਦ ਸਿੰਘਾਂ ਦੇ ਪਹਿਰੇ ਅੰਦਰ ਜਾਪ ਹੋਣ ਉਪਰੰਤ ਸੰਗਤਾਂ ਵੱਲੋਂ ਕੀਤੀ ਗਈ ਅਰਦਾਸ ਕਦੇ ਵੀ ਵਿਅਰਥ ਨਹੀਂ ਜਾਂਦੀ। ਉਹਨਾਂ ਕਿਹਾ ਕਿ ਸਭ ਨੂੰ ਚਾਹੀਦਾ ਹੈ ਕਿ ਉਹ ਇਸ ਸਥਾਨ ਵਿਖੇ ਚੱਲ ਰਹੇ ਸਮਾਗਮਾਂ ਵਿੱਚ ਆਪਣੀਆਂ ਹਾਜ਼ਰੀਆਂ ਭਰਨ। ਇਸ ਮੌਕੇ ਗੁਰਦੁਆਰਾ ਟਰੱਸਟ ਦੇ ਮੁੱਖ ਸਕੱਤਰ ਸੁਖਵਿੰਦਰ ਪਾਲ ਸਿੰਘ ਸਰਨਾ ਅਤੇ ਮੈਂਬਰ ਟਰਸਟੀ ਅਮਰਜੀਤ ਸਿੰਘ ਟਿੱਕਾ ਵੱਲੋਂ ਭਾਈ ਘਨੱਈਆ ਤੇ ਉਹਨਾਂ ਦੇ ਸਾਥੀਆਂ ਦਾ ਸਿਰੋਪਾਓ ਭੇਂਟ ਕਰਕੇ ਸਨਮਾਨ ਕੀਤਾ ਗਿਆ। ਸ ਟਿੱਕਾ ਨੇ ਸੰਗਤਾਂ ਨੂੰ ਚੁਪਹਿਰਾ ਸਮਾਗਮਾਂ ਵਿੱਚ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ। ਇਸ ਮੌਕੇ ਟਰੱਸਟ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ, ਮੈਂਬਰ ਨਵਪ੍ਰੀਤ ਸਿੰਘ ਬਿੰਦਰਾ, ਹਰਪ੍ਰੀਤ ਸਿੰਘ ਰਾਜਧਾਨੀ, ਅਮਰਪਾਲ ਸਿੰਘ ਸਰਨਾ, ਜਸਨੀਤ ਸਿੰਘ ਸਰਨਾ ਅਤੇ ਬੀਬੀ ਚਰਨਜੀਤ ਕੌਰ ਆਦਿ ਵੀ ਹਾਜ਼ਰ ਸਨ।

## ਪੰਜਾਬ ਦੀ 'ਆਪ' ਸਰਕਾਰ ਸਾਰੇ ਫ਼ਰੰਟਾਂ ਤੋਂ ਫੇਲ੍ਹ ਸਾਬਤ ਹੋਈ : ਬਲਵੀਰ ਸਿੰਘ ਬੀਰਾ, ਜਸਬੀਰ ਸਿੰਘ ਸੀਰਾ



ਡੇਹਲੋਂ/ਲੁਧਿਆਣਾ, 18 ਮਾਰਚ (ਸੰਜੀਵ ਲਹਿਲ) : ਪੰਜਾਬ ਵਿੱਚਲੀ ਆਪ ਦੀ ਸਰਕਾਰ ਸਾਰੇ ਫਰੰਟਾਂ ਤੋਂ ਫੇਲ੍ਹ ਸਾਬਿਤ ਹੋ ਚੁੱਕੀ ਹੈ। ਪੰਜਾਬ ਦੀ ਜਨਤਾ 2027 ਵਿੱਚ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਹਨਾਂ ਦੇ ਲੀਡਰਾਂ ਨੂੰ ਮੂੰਹ ਨਹੀਂ ਲਗਾਏਗੀ। ਅਤੇ ਪੰਜਾਬ ਅੰਦਰ ਨਿਰੋਲ ਕਾਂਗਰਸ ਦੀ ਸਰਕਾਰ ਬਣੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਵਿਧਾਨ ਸਭਾ ਹਲਕਾ ਗਿੱਲ ਰਿਜ਼ਰਵ ਅਧੀਨ ਪੈਂਦੇ ਪਿੰਡ ਸ਼ੰਕਰ (ਨੇੜੇ ਡੇਹਲੋਂ) ਵਿਖੇ ਸਰਗਰਮ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਇੱਕ ਕੀਤੀ ਗਈ ਵਿਸ਼ੇਸ਼ ਮੀਟਿੰਗ ਕਰਨ ਉਪਰੰਤ ਕਾਂਗਰਸੀ ਆਗੂਆਂ ਬਲਵੀਰ ਸਿੰਘ ਬੀਰਾ ਤੇ ਜਸਬੀਰ ਸਿੰਘ ਸੀਰਾ ਨੇ ਪਹੁੰਚੇ ਪੱਤਰਕਾਰਾਂ ਨਾਲ ਕੀਤਾ। ਸਰਦਾਰ ਬਲਵੀਰ ਸਿੰਘ ਬੀਰਾ ਤੇ ਜਸਬੀਰ ਸਿੰਘ ਸੀਰਾ ਨੇ ਅੱਗੇ ਕਿਹਾ ਕਿ ਆਪ ਸਰਕਾਰ ਵੱਲੋਂ ਪੰਜਾਬ ਦੀਆਂ ਬੀਬੀਆਂ ਨੂੰ ਹਜ਼ਾਰ-ਹਜ਼ਾਰ ਰੁਪਏ ਦੇਣ ਦੇ ਦਿੱਤੇ ਵਾਅਦੇ ਨਿਰਾ ਚੋਣ ਸਟੰਟ ਹਨ। ਭਵਿੱਖ ਵਿੱਚ ਪੰਜਾਬ ਦੀਆਂ ਬੀਬੀਆਂ ਆਪ ਸਰਕਾਰ ਨੂੰ ਰਾਜ ਵਿੱਚੋਂ ਚੱਲਦਾ ਕਰਨ ਲਈ ਪੂਰੀ ਤਰ੍ਹਾਂ ਤੱਤਪਰ ਹਨ। ਉਪਰੋਕਤ ਆਗੂਆਂ ਨੇ ਰਾਜ ਦੀਆਂ ਮਹਿਲਾਵਾਂ ਨੂੰ ਹੁਣ ਤੱਕ ਦੀ ਬਣਦੀ 48000 ਦੀ ਰਾਸ਼ੀ ਪੰਜਾਬ ਸਰਕਾਰ ਪਹਿਲਾਂ ਦੇਵੇ। ਕਾਂਗਰਸ ਪਾਰਟੀ ਪਿੰਡਾਂ ਵਿੱਚ ਬੂਥ ਪੱਧਰ 'ਤੇ ਪੂਰੀ ਤਰ੍ਹਾਂ ਮਜ਼ਬੂਤ ਨਜ਼ਰ ਆ ਰਹੀ ਹੈ।ਆਉਣ ਵਾਲੀ 2027 ਵਿੱਚ ਰਾਜ ਅੰਦਰ ਸਰਕਾਰ ਕਾਂਗਰਸ ਪਾਰਟੀ ਦੀ ਹੀ ਬਣੇਗੀ। ਆਗੂਆਂ ਨੇ ਦੱਸਿਆ ਕਿ ਕਾਂਗਰਸ ਪਾਰਟੀ ਲਈ ਉਹ ਦਿਨ ਰਾਤ ਇੱਕ ਕਰਕੇ ਪੂਰੀ ਤਰ੍ਹਾਂ ਮਿਹਨਤ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ ਹਨ। ਹਲਕਾ ਗਿੱਲ ਵਿੱਚੋਂ ਐਮ.ਪੀ ਦੀਆਂ ਚੋਣਾਂ ਦੌਰਾਨ ਸਾਰਿਆ ਵਿਧਾਨ ਸਭਾ ਹਲਕਿਆਂ ਵਿੱਚੋਂ ਸਭ ਤੋਂ ਵੱਧ ਕਾਂਗਰਸ ਪਾਰਟੀ ਦੀ ਹੀ ਲੀਡ ਸੀ। ਹੁਣ ਵੀ ਇਸ ਹਲਕੇ ਗਿੱਲ ਤੋਂ ਕਾਂਗਰਸ ਪਾਰਟੀ ਪੂਰੀ ਸ਼ਾਨੋ-ਸ਼ੌਕਤ ਨਾਲ ਜਿੱਤੇਗੀ ਤੇ ਪੰਜਾਬ ਅੰਦਰ ਕਾਂਗਰਸ ਪਾਰਟੀ ਫਿਰ ਸਰਕਾਰ ਬਣਾਏਗੀ। ਇਸ ਮੌਕੇ 'ਤੇ ਸਕੱਤਰ ਜਸਬੀਰ ਸਿੰਘ ਬਿਸਰਾਓ ,ਬਲਵੀਰ ਸਿੰਘ, ਮਨਦੀਪ ਸਿੰਘ ,ਪੰਚ ਬਚਿੱਤਰ ਸਿੰਘ, ਧਰਮਿੰਦਰ ਸਿੰਘ, ਬਲਾਕ ਕਾਂਗਰਸੀ ਆਗੂ ਰਾਜਵੰਤ ਸਿੰਘ ,ਰਾਜਵਿੰਦਰ ਸਿੰਘ ,ਕਰਨੈਲ ਸਿੰਘ ਬਿਸਰਾਓ, ਆਦਿ ਆਗੂ ਹਾਜ਼ਰ ਸਨ।

## ਲੁਧਿਆਣਾ ਪੱਛਮੀ ਵਿੱਚ ਦੀਵਾਨ ਨੇ ਮੰਤਰੀ ਦੀ ਨਾਕਾਮੀ 'ਤੇ ਉਠਾਏ ਸਵਾਲ



ਲੁਧਿਆਣਾ, 18 ਮਾਰਚ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ (ਸ਼ਹਿਰੀ) ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਹਲਕੇ ਦੇ ਵੱਖ-ਵੱਖ ਵਾਰਡਾਂ ਤੋਂ ਕਾਂਗਰਸ ਦੇ ਕਈ ਆਗੂਆਂ ਦੇ ਨਾਲ ਮਿਲ ਕੇ ਮਿਊਂਸਿਪਲ ਕਮਿਸ਼ਨਰ ਲੁਧਿਆਣਾ ਡਾ. ਨੀਰੂ ਕਤਿਆਲ ਗੁਪਤਾ ਨੂੰ ਇੱਕ ਮੈਮੋਰੈਂਡਮ ਸੌਂਪਿਆ। ਇਸ ਵਿੱਚ ਉਹਨਾਂ ਨੇ ਲਿਖਿਆ ਕਿ ਜਿੱਥੇ ਨਿਵਾਸੀ ਟੁੱਟੀਆਂ ਸੜਕਾਂ, ਅਨਨਿਯਮਿਤ ਪਾਣੀ ਸਪਲਾਈ, ਓਵਰਫਲੋਅ ਹੋ ਰਹੇ ਸੀਵਰੇਜ, ਖਰਾਬ ਸਟ੍ਰੀਟ ਲਾਈਟਾਂ, ਉਜੜੇ ਪਾਰਕਾਂ, ਨਾ ਉਠਾਇਆ ਗਿਆ ਕੂੜਾ ਅਤੇ ਸਫਾਈ ਦੀ ਭਾਰੀ ਕਮੀ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ।ਮੈਮੋਰੈਂਡਮ ਸੌਂਪਣ ਤੋਂ ਬਾਅਦ ਮੰਤਰੀ 'ਤੇ ਤੰਜ ਕੱਸਦਿਆਂ ਦੀਵਾਨ ਨੇ ਕਿਹਾ ਕਿ ਜੇ ਮੰਤਰੀ ਆਪਣੇ ਹੀ ਹਲਕੇ ਨੂੰ ਠੀਕ ਨਹੀਂ ਕਰ ਸਕਦੇ, ਤਾਂ ਪੰਜਾਬ ਦੇ ਬਾਕੀ 116 ਵਿਧਾਨ ਸਭਾ ਹਲਕਿਆਂ ਦੇ ਹਾਲਾਤਾਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਦੀਵਾਨ ਨੇ ਕਿਹਾ ਕਿ ਲੁਧਿਆਣਾ (ਪੱਛਮੀ) ਦੀਆਂ ਸੜਕਾਂ ਦੀ ਹਾਲਤ ਇੰਨੀ ਖਰਾਬ ਹੋ ਚੁੱਕੀ ਹੈ ਕਿ ਹਾਦਸੇ ਰੋਜ਼ਾਨਾ ਦੀ ਹਕੀਕਤ ਬਣ ਗਏ ਹਨ। ਵੱਡੇ-ਵੱਡੇ ਖੱਡੇ ਖਤਰਨਾਕ ਰੂਪ ਧਾਰ ਚੁੱਕੇ ਹਨ ਅਤੇ ਆਵਾਜਾਈ ਕਰਨ ਵਾਲਿਆਂ ਲਈ ਇਹ ਰਸਤੇ ਕਿਸੇ ਅਜ਼ਾਬ ਤੋਂ ਘੱਟ ਨਹੀਂ ਰਹੇ। ਪਾਣੀ ਸਪਲਾਈ ਬਾਰੇ ਉਹਨਾਂ ਆਖਿਆ ਕਿ ਲੋਕਾਂ ਨੂੰ ਦਿਨ ਵਿੱਚ ਤਿੰਨ ਵਾਰ ਵੀ ਪਾਣੀ ਨਹੀਂ ਮਿਲਦਾ।ਉਨ੍ਹਾਂ ਨੇ ਦੱਸਿਆ ਕਿ ਹਲਕਾ ਓਵਰਫਲੋਅ ਅਤੇ ਜਾਮ ਹੋਏ ਸੀਵਰੇਜ ਸਿਸਟਮ ਦੀ ਸਮੱਸਿਆ ਨਾਲ ਵੀ ਜੂਝ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਓ ਐਂਡ ਐਮ ਸੈਲ ਤੁਰੰਤ ਜ਼ਿੰਮੇਵਾਰੀ ਲਏ ਅਤੇ ਇਹ ਸਮੱਸਿਆਵਾਂ ਦੂਰ ਕਰੇ। ਦੀਵਾਨ ਨੇ ਕਿਹਾ ਕਿ ਬੰਦ ਪਈਆਂ ਸਟ੍ਰੀਟ ਲਾਈਟਾਂ ਨੇ ਸੁਰੱਖਿਆ ਲਈ ਗੰਭੀਰ ਖਤਰਾ ਪੈਦਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਤ ਦੇ ਸਮੇਂ ਹਾਦਸਿਆਂ ਦਾ ਜੋਖਮ ਕਈ ਗੁਣਾ ਵੱਧ ਗਿਆ ਹੈ। ਇੱਥੋਂ ਤੱਕ ਕਿ ਕੁਝ ਇਲਾਕਿਆਂ ਵਿੱਚ ਦਿਨ ਦੇ ਸਮੇਂ ਵੀ ਬੇਲੋੜੀ ਰੌਸ਼ਨੀ ਰਹਿੰਦੀ ਹੈ, ਜਦਕਿ ਕਈ ਇਲਾਕੇ ਰਾਤ ਨੂੰ ਪੂਰੀ ਤਰ੍ਹਾਂ ਹਨੇਰੇ ਵਿੱਚ ਡੁੱਬੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਜਿਆਦਾਤਰ ਪਾਰਕਾਂ ਵਿੱਚ ਸਫਾਈ ਦੀ ਘਾਟ ਹੈ, ਜੰਗਲੀ ਘਾਹ ਵੱਧ ਚੁੱਕੀ ਹੈ ਅਤੇ ਇਨ੍ਹਾਂ ਜਨਤਕ ਥਾਵਾਂ ਦੀ ਸੁੰਦਰਤਾ ਖਤਮ ਹੋ ਚੁੱਕੀ ਹੈ। ਦੀਵਾਨ ਨੇ ਇਹ ਵੀ ਕਿਹਾ ਕਿ ਸੜਕਾਂ ਦੀ ਸਫਾਈ ਦਾ ਵੀ ਬੁਰਾ ਹਾਲ ਹੈ, ਜਿੱਥੇ ਰਸਤੇ ਗੰਦਗੀ ਨਾਲ ਭਰੇ ਪਏ ਹਨ। ਘਰ-ਘਰ ਕੂੜਾ ਇਕੱਠਾ ਕਰਨ ਦੀ ਪ੍ਰਣਾਲੀ ਦੀ ਕਮੀ ਅਤੇ ਡਸਟਬਿਨਾਂ ਦੀ ਘਾਟ ਕਾਰਨ ਲੋਕ ਮਜਬੂਰ ਹੋ ਕੇ ਖੁੱਲ੍ਹੇ ਵਿੱਚ ਕੂੜਾ ਸੁੱਟ ਕਰਹੇ ਹਨ। ਇਨ੍ਹਾਂ ਹਾਲਾਤਾਂ ਦੇ ਮੱਦੇਨਜ਼ਰ ਜਾਂ ਤਾਂ ਘਰ-ਘਰ ਤੋਂ ਨਿਯਮਿਤ ਕੂੜਾ ਇਕੱਠਾ ਕਰਨ ਦੀ ਵਿਵਸਥਾ ਯਕੀਨੀ ਬਣਾਈ ਜਾਵੇ, ਜਾਂ ਫਿਰ ਚੰਡੀਗੜ੍ਹ ਵਾਂਗ ਉਚਿਤ ਥਾਵਾਂ 'ਤੇ ਡਸਟਬਿਨ ਅਤੇ ਕੂੜਾ ਇਕੱਠਾ ਕਰਨ ਵਾਲੇ ਪੁਆਇੰਟ ਬਣਾਏ ਜਾਣ।ਇਸ ਮੌਕੇ ਉਨ੍ਹਾਂ ਨਾਲ ਸੁਸ਼ੀਲ ਮਲਹੋਤਰਾ, ਸੀਨੀਅਰ ਕਾਂਗਰਸੀ ਆਗੂ ਇੰਦਰਜੀਤ ਕਪੂਰ, ਬੀ.ਐਮ. ਕਾਲੀਆ, ਹਰਭਗਤ ਸਿੰਘ ਗਰੇਵਾਲ, ਰਜਨੀਸ਼ ਸਿੰਗਲਾ, ਬਾਲ ਕ੍ਰਿਸ਼ਨ ਸ਼ਰਮਾ ਅਤੇ ਨੀਰਜ ਬਿਰਲਾ ਵੀ ਮੌਜੂਦ ਰਹੇ।

## ਅਧਿਆਪਕਾਂ ਨੇ ਲਗਾਇਆ ਸਰਕਾਰ ਖ਼ਿਲਾਫ਼ ਧਰਨਾ ਅਤੇ ਫੂਕਿਆ ਪੁਤਲਾ



ਲੁਧਿਆਣਾ, 18 ਮਾਰਚ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਲੁਧਿਆਣਾ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਨੇ ਜ਼ਬਰੀ ਥੋਪੇ ਟੈੱਟ ਦੇ ਖ਼ਿਲਾਫ਼ ਪੰਜਾਬ ਸਰਕਾਰ ਦੀ ਅਰਥੀ ਨੂੰ ਲਾਂਬੂ ਲਗਾਇਆ ਗਿਆ। ਵਿਸ਼ਾਲ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਧੰਨਾ ਸਿੰਘ ਸਵੱਦੀ ਸਪੇਟਾ, ਅਰਵਿੰਦਰ ਸਿੰਘ ਭੰਗੂ ਡੀਟੀਐਫ, ਜਗਜੀਤ ਸਿੰਘ ਮਾਨ ਜੀ ਟੀ ਯੂ,ਜਗਜੀਤ ਸਿੰਘ ਝਾਂਡੇ ਬੀ ਐੱਡ ਫਰੰਟ, ਮਨੋਜ ਬੱਸੀ ਮਾਸਟਰ ਕੇਡਰ, ਮਨਰਾਜ ਸਿੰਘ ਐਸ ਐਸ ਏ ਰਮਸਾ, ਰਾਜਿੰਦਰ ਸਿੰਘ ਚੌਹਾਨ ਐਸੋਸੀਏਟ ਅਧਿਆਪਕ ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਸਿੱਖਿਆ ਕ੍ਰਾਂਤੀ ਦਾ ਢੰਡੋਰਾ ਪਿੱਟਣ ਵਾਲੀ ਸੂਬਾ ਸਰਕਾਰ ਆਪਣੇ ਅਧਿਆਪਕਾਂ ਅਤੇ ਸਰਕਾਰੀ ਸਕੂਲਾਂ ਨਾਲ਼ ਖੜ੍ਹਨ ਦੀ ਬਜਾਏ, ਟੈਟ ਦੇ ਨਾਮ ਤੇ ਅਧਿਆਪਕਾਂ ਨੂੰ ਮਾਨਸਿਕ ਤਸ਼ੱਦਦ ਦਾ ਸ਼ਿਕਾਰ ਬਣਾ ਰਹੀ ਹੈ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ 2011 ਤੋਂ ਪਹਿਲਾਂ ਜੁਆਇਨ ਹੋਏ ਅਧਿਆਪਕਾਂ ਉੱਪਰ ਧੱਕੇ ਨਾਲ ਟੈਟ ਦੀ ਸ਼ਰਤ ਥੋਪੀ ਜਾ ਰਹੀ ਹੈ। ਇਸ ਸਿਲਸਿਲੇ ਵਿੱਚ ਛੂਟ ਦੇਣ ਵਾਲੇ ਇੱਕ ਪੱਤਰ ਨੂੰ ਪਹਿਲਾਂ ਜਾਰੀ ਕਰਕੇ ਹੁਣ ਰੱਦ ਕਰ ਦਿੱਤਾ ਅਤੇ ਅਧਿਆਪਕ ਯੋਗਤਾ ਟੈਸਟ ਪਾਸ ਕਰਨ ਦੀ ਸ਼ਰਤ ਜਰੂਰੀ ਬਣਾ ਦਿੱਤੀ। ਅਧਿਆਪਕ ਜਥੇਬੰਦੀਆਂ ਦੀ 22 ਫਰਵਰੀ ਦੀ ਰੈਲੀ ਤੋਂ ਬਾਅਦ ਪੰਜਾਬ ਦੇ ਸਿੱਖਿਆ ਮੰਤਰੀ ਵੱਲੋਂ ਅੰਦੋਲਨਕਾਰੀ ਅਧਿਆਪਕ ਜੱਥੇਬੰਦੀਆਂ ਨੂੰ ਪਹਿਲਾਂ 27 ਫਰਵਰੀ ਦਾ ਹੁਣ 6 ਮਾਰਚ ਦਾ ਸਮਾਂ ਦਿੱਤਾ ਹੈ। ਅਧਿਆਪਕਾਂ ਨੂੰ ਟੈਟ ਦੀ ਬੇਲੋੜੀ ਸ਼ਰਤ ਲਗਾ ਕੇ ਤਰੱਕੀਆਂ ਤੋਂ ਵਾਂਝੇ ਕਰਨ ਦੇ ਖ਼ਿਲਾਫ਼, ਸਰਕਾਰ ਦੇ ਮੀਟਿੰਗ ਤੋਂ ਭੱਜਣ ਅਤੇ ਡੰਗ ਟਪਾਊ ਅਤੇ ਟਾਲ-ਮਟੋਲ ਦੀ ਨੀਤੀ ਦੇ ਖ਼ਿਲਾਫ਼ ਅਧਿਆਪਕਾਂ ਵੱਲੋਂ ਰੋਹ ਭਰਪੂਰ ਰੋਸ ਮਾਰਚ ਕਰਕੇ ਪੰਜਾਬ ਸਰਕਾਰ ਦੀ ਅਰਥੀ ਨੂੰ ਲਾਂਬੂ ਲਗਾਇਆ ਗਿਆ ਅਤੇ ਸਰਕਾਰ ਨੂੰ ਸੁਪਰੀਮ ਕੋਰਟ ਦੇ ਇਸ ਫੈਸਲੇ ਵਿਰੁੱਧ ਅਪੀਲ ਪਾਉਣ ਅਤੇ ਵਿਧਾਨ ਸਭਾ ਵਿੱਚ ਇਸ ਦੇ ਖ਼ਿਲਾਫ਼ ਮਤਾ ਲਿਆਉਣ ਅਤੇ ਰਾਜ ਵਿੱਚ ਅਧਿਆਪਕਾਂ ਦੀ ਭਰਤੀ ਅਤੇ ਪ੍ਰਮੋਸ਼ਨ ਲਈ ਰਾਜ ਸਰਕਾਰ ਦਾ ਵਿਸ਼ੇਸ਼ ਅਧਿਆਪਕ ਪੱਖੀ ਐਕਟ ਲਿਆਉਣ ਦੀ ਮੰਗ ਕੀਤੀ ਗਈ। ਇਸ ਸਮੇਂ ਧੰਨਾ ਸਿੰਘ ਸਵੱਦੀ ਸਪੇਟਾ, ਅਰਵਿੰਦਰ ਸਿੰਘ ਭੰਗੂ ਡੀਟੀਐਫ, ਜਗਜੀਤ ਸਿੰਘ ਮਾਨ ਜੀ ਟੀ ਯੂ,ਜਗਜੀਤ ਸਿੰਘ ਝਾਂਡੇ ਬੀ ਐੱਡ ਫਰੰਟ, ਮਨੋਜ ਬੱਸੀ ਮਾਸਟਰ ਕੇਡਰ, ਮਨਰਾਜ ਸਿੰਘ ਐਸ ਐਸ ਏ ਰਮਸਾ, ਰਾਜਿੰਦਰ ਸਿੰਘ ਚੌਹਾਨ ਐਸੋਸੀਏਟ ਅਧਿਆਪਕ ਯੂਨੀਅਨ, ਸਰਬਜੀਤ ਸਿੰਘ ਚੌਕੀਮਾਨ, ਹਰਦੇਵ ਮੁੱਲਾਂਪੁਰ, ਕੁਲਦੀਪ ਸਿੰਘ ਸੁਨੇਤ, ਗੁਰਇਕਬਾਲ ਸਿੰਘ ਧਾਲੀਵਾਲ, ਪ੍ਰਭਦਿਆਲ ਸਿੰਘ, ਬੇਅੰਤ ਸਿੰਘ, ਰੋਹਿਤ ਕੁਮਾਰ ਅਵਸਥੀ, ਸੁਮਨ ਜਿੰਦਲ, ਕਿਰਨਜੀਤ ਕੌਰ, ਰਮਨਦੀਪ ਸਾਹਨੇਵਾਲ, ਆਦਿ ਆਗੂ ਹਾਜ਼ਰ ਸਨ।

## ਸੌਂਦ ਵੱਲੋਂ ਹਲਕੇ ਸੰਪਰਕ ਸੜਕਾਂ ਬਣਾਉਣ ਦੇ ਕਾਰਜਾਂ ਦਾ ਉਦਘਾਟਨ



ਲੁਧਿਆਣਾ, 18 ਮਾਰਚ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ) : ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਬੁੱਧਵਾਰ ਨੂੰ ਹਲਕਾ ਖੰਨਾ ਅੰਦਰ ਕੁੱਲ 6.83 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਮੁਰੰਮਤ, ਉਸਾਰੀ ਅਤੇ ਚੌੜਾ ਕਰਨ ਦੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖ ਕੇ ਕੰਮ ਦੀ ਸ਼ੁਰੂਆਤ ਕਰਵਾਈ। ਕੈਬਨਿਟ ਮੰਤਰੀ ਸੌਂਦ ਨੇ ਦੱਸਿਆ ਉਨ੍ਹਾਂ ਵੱਲੋਂ ਅੱਜ ਹਲਕਾ ਖੰਨਾ ਦੀਆਂ ਜਿਨ੍ਹਾਂ ਸੜਕਾਂ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ ਗਈ ਹੈ, ਉਨ੍ਹਾਂ ਵਿੱਚ 5.48 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਲਲਹੇੜੀ ਤੋਂ ਗੋਹ ਅੱਪਟੂ ਖਮਾਣੋਂ ਰੋਡ ਸੇਹ ਤੱਕ ਜਿਸ ਦੀ ਲੰਬਾਈ 8.13 ਕਿਲੋਮੀਟਰ ਹੈ ਨੂੰ 10 ਤੋਂ 18 ਫੁੱਟ ਚੌੜਾ ਕਰਨ ਅਤੇ ਮੁਰੰਮਤ/ਉਸਾਰੀ ਕਰਨ ਦੇ ਕੰਮ ਸ਼ਾਮਲ ਹਨ। ਇਸ ਤੋਂ ਇਲਾਵਾ 1.35 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਲਲਹੇੜੀ ਤੋਂ ਮਹੌਣ ਸੜਕ, ਜਿਸ ਦੀ ਲੰਬਾਈ 1.90 ਕਿਲੋਮੀਟਰ ਹੈ ਨੂੰ 10 ਤੋਂ 18 ਫੁੱਟ ਚੌੜਾ ਕਰਨ ਅਤੇ ਮੁਰੰਮਤ/ਉਸਾਰੀ ਕਰਨ ਦੇ ਕੰਮ ਸ਼ਾਮਲ ਹਨ। ਸੌਂਦ ਨੇ ਕਿਹਾ ਕਿ ਹਲਕਾ ਖੰਨਾ ਦੀਆਂ ਸੜਕਾਂ ਦੀ ਪਿਛਲੇ ਕਈ ਦਹਾਕਿਆਂ ਤੋਂ ਹਾਲਤ ਖਰਾਬ ਸੀ ਅਤੇ ਪਿਛਲੀਆਂ ਸਰਕਾਰਾਂ ਨੇ ਇਹਨਾਂ ਸੜਕਾਂ ਨੂੰ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ। ਇਹ ਸੜਕਾਂ ਟੁੱਟੀਆਂ ਅਤੇ ਖੱਡੇ ਪਏ ਹੋਏ ਸਨ। ? ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਜਿੰਨੀ ਤਾਰੀਫ ਕੀਤੀ ਜਾਵੇ ਉਨੀ ਥੋੜ੍ਹੀ ਹੈ। ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਤਹੱਈਆ ਕੀਤਾ ਹੈ ਕਿ ਪੂਰੇ ਪੰਜਾਬ ਦੀਆਂ 44000 ਕਿਲੋਮੀਟਰ ਲੰਬੀਆਂ ਸੜਕਾਂ ਨਵੀਆਂ ਬਣਾਉਣੀਆਂ ਹਨ, ਚਾਹੇ ਉਹ ਪੰਜਾਬ ਮੰਡੀ ਬੋਰਡ ਅਧੀਨ ਆਉਂਦੀਆਂ ਹੋਣ ਚਾਹੇ ਲੋਕ ਨਿਰਮਾਣ ਵਿਭਾਗ ਅਧੀਨ ਆਉਂਦੀਆਂ ਹੋਣ। ਉਸੇ ਦੇ ਚੱਲਦੇ ਅੱਜ ਮੇਰੇ ਵੱਲੋਂ ਹਲਕਾ ਖੰਨਾ ਦੇ ਇਹਨਾਂ ਪਿੰਡਾਂ ਦੀਆਂ ਲਿੰਕ ਸੜਕਾਂ ਬਣਾਉਣ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ ਗਈ ਹੈ। ਉਹਨਾਂ ਕਿਹਾ ਕਿ ਇਹ ਸੜਕਾਂ ਮਈ 2026 ਤੱਕ ਨਵੀਆਂ ਬਣਾ ਕੇ ਲੋਕਾਂ ਨੂੰ ਸਮਰਪਿਤ ਕਰ ਦਿੱਤੀਆਂ ਜਾਣਗੀਆਂ। ਸੀ.ਐਮ ਫਲਾਇੰਗ ਸਕੁਐਡ ਵਿੱਚ ਦੋਵਾਂ ਵਿਭਾਗਾਂ ਦੇ ਸੁਪਰਡੈਂਟ ਇੰਜੀਨੀਅਰ ਸ਼ਾਮਲ ਹਨ ਅਤੇ ਇਸਦਾ ਮੁੱਖ ਉਦੇਸ਼ ਮਾਲਵਾ, ਮਾਝਾ ਅਤੇ ਦੋਆਬਾ ਸਮੇਤ ਸਾਰੇ ਖੇਤਰਾਂ ਵਿੱਚ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਅੱਪਗ੍ਰੇਡੇਸ਼ਨ ਦੇ ਕੰਮ ਦੀ ਨਿਗਰਾਨੀ, ਤਸਦੀਕ ਅਤੇ ਗੁਣਵੱਤਾ ਬਣਾਈ ਰੱਖਣਾ ਹੈ। ਇਹ ਟੀਮ ਪੂਰੇ ਪੰਜਾਬ ਵਿੱਚ ਸਰਗਰਮੀ ਨਾਲ ਕੰਮ ਕਰ ਰਹੀ ਹੈ ਤਾਂ ਜੋ ਜਨਤਕ ਬੁਨਿਆਦੀ ਢਾਂਚੇ 'ਤੇ ਹੋਣ ਵਾਲੇ ਖਰਚੇ ਵਿੱਚ ਪੂਰੀ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਜਾ ਸਕੇ। ਮੰਤਰੀ ਸੌਂਦ ਨੇ ਕਿਹਾ ਕਿ ਇਸ ਪਹਿਲ ਨਾਲ ਨਾ ਸਿਰਫ਼ ਸੜਕਾਂ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ, ਸਗੋਂ ਠੇਕੇਦਾਰਾਂ 'ਤੇ ਵੀ ਸਖ਼ਤ ਨਜ਼ਰ ਰੱਖੀ ਜਾਵੇਗੀ। ਪੰਜਾਬ ਸਰਕਾਰ ਦਾ ਇਹ ਫੈਸਲਾ ਦਰਸਾਉਂਦਾ ਹੈ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਜਨਤਾ ਦੇ ਹਰ ਪੈਸੇ ਦੀ ਕੀਮਤ ਸਮਝਦੀ ਹੈ ਅਤੇ ਉਸਨੂੰ ਸਹੀ ਥਾਂ 'ਤੇ ਵਰਤਣ ਲਈ ਵਚਨਬੱਧ ਹੈ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਖੰਨਾ ਜਗਤਾਰ ਸਿੰਘ ਗਿੱਲ ਰਤਨਹੇੜੀ, ਚੇਅਰਮੈਨ ਬਲਾਕ ਸੰਮਤੀ ਖੰਨਾ ਲਖਵੀਰ ਸਿੰਘ ਕਾਲਾ, ਬਲਾਕ ਪ੍ਰਧਾਨ ਮਨਸ਼ਾ ਸਿੰਘ, ਪਿੰਡ ਲਲਹੇੜੀ ਦੇ ਸਰਪੰਚ ਰਣਜੀਤ ਸਿੰਘ, ਗੋਹ ਦੇ ਸਰਪੰਚ ਕੁਲਦੀਪ ਸਿੰਘ, ਮਹੌਣ ਦੇ ਸਰਪੰਚ ਸੁਖਚੈਨ ਸਿੰਘ, ਪੰਚ ਜਸਵੰਤ ਸਿੰਘ ਮਹੌਣ ਤੋਂ ਇਲਾਵਾ ਮੰਡੀ ਬੋਰਡ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਮੌਜੂਦ ਸਨ।

## ਸੋਖੀ ਦੀ ਅਗਵਾਈ ਵਿੱਚ ਅਕਾਲੀ ਦਲ ਦੇ ਨਵ-ਨਿਯੁਕਤ ਅਹੁਦੇਦਾਰ ਸਨਮਾਨਿਤ



ਲੁਧਿਆਣਾ, 18 ਮਾਰਚ (ਰਵਿੰਦਰ ਸਿੰਘ ਨਿੱਝਰ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੁਲਦੀਪ ਸਿੰਘ ਖਾਲਸਾ ਨੂੰ ਐਸਸੀ ਵਿੰਗ ਜ਼ਿਲ੍ਹਾ ਪ੍ਰਧਾਨ ਸ਼ਹਿਰੀ, ਡਾ ਹਰਿੰਦਰ ਸਿੰਘ ਬਿਰਕ ਅਤੇ ਤੇਜਾ ਸਿੰਘ ਖਾਲਸਾ ਨੂੰ ਕੌਮੀ ਜਨਰਲ ਸਕੱਤਰ ਐਸ.ਸੀ ਵਿੰਗ ਦੀ ਜਿੰਮੇਵਾਰੀ ਦੇਣ ਦੀ ਖੁਸ਼ੀ ਵਿੱਚ ਜਗਬੀਰ ਸਿੰਘ ਸੋਖੀ ਦੀ ਅਗਵਾਈ 'ਚ ਮਾਨ ਸਨਮਾਨ ਕੀਤਾ ਗਿਆ। ਪਰਵੀਨ ਭਾਰਤੀ ਦੇ ਦਫਤਰ ਵਿਖੇ ਰੱਖੀ ਗਈ।ਇਸ ਮੀਟਿੰਗ ਦੌਰਾਨ ਸੋਖੀ ਨੇ ਕਿਹਾ ਕਿ ਐਸੇ ਮਿਹਨਤੀ, ਇਮਾਨਦਾਰ, ਸੀਨੀਅਰ ਅਤੇ ਪਾਰਟੀ ਪ੍ਰਤੀ ਵਫਾਦਾਰ ਆਗੂਆਂ ਨੂੰ ਜ਼ਿੰਮੇਵਾਰੀ ਮਿਲਣ ਦੇ ਨਾਲ ਹੋਰਨਾਂ ਆਗੂਆਂ ਦੇ ਵੀ ਹੌਸਲੇ ਬੁਲੰਦ ਹੁੰਦੇ ਹਨ। ਉਪਰੋਕਤ ਆਗੂਆਂ ਨੇ ਵੀ ਵਿਸ਼ਵਾਸ ਦਵਾਇਆ ਕਿ ਉਹ ਮਿਲੀ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇੱਕ ਕਰ ਦੇਣਗੇ। ਇਸ ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਸਰਕਲ ਪ੍ਰਧਾਨ ਸੰਤੋਖ ਸਿੰਘ, ਸਰਕਲ ਪ੍ਰਧਾਨ ਬਲਕਾਰ ਸਿੰਘ ਸਵਾਲੀ, ਸਰਕਲ ਪ੍ਰਧਾਨ ਕੁਲਦੀਪ ਸਿੰਘ, ਸਤਨਾਮ ਸਿੰਘ ਕੈਲੇ, ਰਕੇਸ਼ ਇੰਦਰ ਰੂਬੀ, ਆਈਐਸ ਭਾਰਤੀ, ਜੌਂਟੀ ਨਾਹਰ, ਕੰਵਲ ਸਿੰਘ, ਅਮਰੀਕ ਸਿੰਘ ਬੱਤਰਾ, ਜਤਿੰਦਰ ਖਾਲਸਾ, ਭੁਪਿੰਦਰ ਸਿੰਘ ਬਿੱਟੂ, ਦਲਜੀਤ ਸਿੰਘ ਭਮਰਾ, ਗੁਰਮੀਤ ਬਿੰਦਰਾ, ਅਮਰਦੀਪ ਦੀਪੀ, ਬੀਬੀ ਗੁਰਪ੍ਰੀਤ ਕੌਰ, ਬੀਬੀ ਗੁਰਮੀਤ ਕੌਰ ਆਦਿ ਵੱਡੀ ਗਿਣਤੀ ਵਿੱਚ ਹੋਰ ਆਗੂ ਸਾਹਿਬਾਨ ਹਾਜ਼ਰ ਸਨ।

## 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 18 ਮਾਰਚ (ਰਵਿੰਦਰ ਸਿੰਘ ਨਿੱਝਰ): ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਗਿਆ।ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸੁਖਬੀਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਸੋਸਾਇਟੀ ਦੇ ਮੈਂਬਰਾਂ ਨੇ ਸਾਂਝੇ ਤੌਰ 'ਤੇ ਭਾਈ ਸੁਖਬੀਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ । ਕੀਰਤਨ ਸਮਾਗਮ ਅੰਦਰ ਦਸਮੇਸ਼ ਸੇਵਾ ਸੋਸਾਇਟੀ ਦੇ ਪ੍ਰਮੁੱਖ ਮੈਂਬਰ ਇੰਦਰਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ, ਬਲਬੀਰ ਸਿੰਘ ਭਾਟੀਆ ਅੰਮ੍ਰਿਤ ਸਾਗਰ ਵਾਲੇ ,ਰਜਿੰਦਰ ਸਿੰਘ ਡੰਗ, ਸਰਬਜੀਤ ਸਿੰਘ,ਭੁਪਿੰਦਰ ਸਿੰਘ ਅਰੋੜਾ, ਹਰਪਾਲ ਸਿੰਘ ਖਾਲਸਾ, ਭੁਪਿੰਦਰ ਸਿੰਘ ਜੁਨੇਜਾ, ਐਨ. ਪੀ ਸਿੰਘ ਕਥੂਰੀਆਂ, ਰਘਬੀਰ ਸਿੰਘ,ਮਹਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ, ਗੁਰਬਚਨ ਸਿੰਘ, ਅਤੱਰ ਸਿੰਘ ਮਕੱੜ, ਸੁਰਿੰਦਰਪਾਲ ਸਿੰਘ ਭੁਟੀਆਣੀ, ਅਵਤਾਰ ਸਿੰਘ ਮਿੱਢਾ, ਹਰਪ੍ਰੀਤ ਸਿੰਘ ਨੀਟਾ, ਦਵਿੰਦਰ ਸਿੰਘ ਬਿੱਟੂ, ਹਰਚਰਨ ਸਿੰਘ ਕਾਲੜਾ, ਕਵੰਲਪ੍ਰੀਤ ਸਿੰਘ ਸੋਢੀ, ਇੰਦਰਜੀਤ ਸਿੰਘ ਛਾਬੜਾ, ਵਿਜੈ ਕੁਮਾਰ ਸੂਦ, ਮਨਮੋਹਨ ਸਿੰਘ, ਜੋਗਿੰਦਰ ਸਿੰਘ ਸਲੂਜਾ ਅਤੇ ਕੁਲਜੀਤ ਸਿੰਘ ਖੁਰਾਣਾ ਆਦਿ ਵੀ ਹਾਜ਼ਰ ਸਨ।

## ਸ਼ੋਭਾ ਯਾਤਰਾ ਦਾ ਮਹੱਤਵ ਸਮਾਜ ਨੂੰ ਇਕਜੁੱਟ ਕਰਨ ਲਈ : ਧੀਮਾਨ



ਲੁਧਿਆਣਾ, 18 ਮਾਰਚ (ਰਵਿੰਦਰ ਸਿੰਘ ਨਿੱਝਰ) : ਸ਼੍ਰੀ ਰਾਮ ਉਤਸਵ ਕਮੇਟੀ, ਮਿਲਰਗੰਜ 23 ਮਾਰਚ ਨੂੰ ਰਾਮ ਨੌਮੀ ਦੇ ਸ਼ੁਭ ਮੌਕੇ 'ਤੇ 35ਵੀਂ ਵਿਸ਼ਾਲ ਸ਼ੋਭਾ ਯਾਤਰਾ ਕੱਢ ਰਹੀ ਹੈ। ਇਸ ਮੌਕੇ ਕਮੇਟੀ ਦੇ ਉਪ ਚੇਅਰਮੈਨ ਡਾ. ਨਿਰਮਲ ਨਈਅਰ ਅਤੇ ਜਨਰਲ ਸਕੱਤਰ ਮਨੋਜ ਤਿਵਾੜੀ ਨੇ ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੂੰ ਸ਼੍ਰੀ ਰਾਮ ਦੀ ਮੂਰਤੀ ਅਤੇ ਸੱਦਾ ਪੱਤਰ ਭੇਂਟ ਕੀਤਾ ਅਤੇ ਭਾਜਪਾ ਜ਼ਿਲ੍ਹਾ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਲਈ ਸੱਦਾ ਦਿੱਤਾ। ਇਸ ਮੌਕੇ 'ਤੇ ਬੋਲਦਿਆਂ ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਅਜਿਹੀਆਂ ਯਾਤਰਾਵਾਂ ਰਵਾਇਤੀ ਤੌਰ 'ਤੇ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਦੀਆਂ ਹੈ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਡਾ: ਕਨਿਕਾ ਜਿੰਦਲ, ਮੀਤ ਪ੍ਰਧਾਨ ਮਹੇਸ਼ ਸ਼ਰਮਾ, ਨਵਲ ਜੈਨ, ਸਾਬਕਾ ਕੌਂਸਲਰ ਸਰਦਾਰ ਗੁਰਦੀਪ ਸਿੰਘ ਨੀਟੂ, ਪ੍ਰੈੱਸ ਸਕੱਤਰ ਡਾ: ਸਤੀਸ਼ ਕੁਮਾਰ, ਹਰਪ੍ਰੀਤ ਸਿੰਘ ਮੋਨੂੰ, ਸੌਰਭ ਕਪੂਰ, ਸੁਰਿੰਦਰ ਕੌਸ਼ਲ, ਪ੍ਰਮੋਦ ਕੁਮਾਰ, ਭੱਟ ਸਾਹਿਬ ਆਦਿ ਹਾਜ਼ਰ ਸਨ।

## ਗਾਇਕ ਜਗਦੇਵ ਖ਼ਾਨ ਦਾ ਨਵਾਂ ਸਿੰਗਲ ਟ੍ਰੈਕ 'ਤਾਰੀਫ਼' ਰਿਲੀਜ਼



ਲੁਧਿਆਣਾ, 18 ਮਾਰਚ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਸੰਗੀਤਕ ਕੰਪਨੀ ਕੇ ਵਨ ਟਿਊਨਜ਼ ਵੱਲੋਂ ਲੋਕ ਗਾਇਕ ਜਗਦੇਵ ਖਾਨ ਦੇ ਨਵੇਂ ਸਿੰਗਲ ਟ੍ਰੈਕ 'ਤਾਰੀਫ਼' ਦਾ ਔਮ ਪੀ 3 ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਜਗਦੇਵ ਖਾਨ ਨੇ ਦੱਸਿਆ ਕਿ ਇਹ ਗੀਤ ਇੱਕ ਪ੍ਰੇਮੀ ਵੱਲੋਂ ਆਪਣੀ ਮਹਿਬੂਬਾ ਦੀ ਸਿਫ਼ਤ ਨੂੰ ਬਿਆਨ ਕਰਦਾ ਇੱਕ ਰੁਮਾਂਟਿਕ ਗੀਤ ਹੈ, ਜਿਸਨੂੰ ਗੀਤਕਾਰ ਬਿੰਦਰ ਝਾਂਡੇ ਵੱਲੋਂ ਬਹੁਤ ਹੀ ਸੁੰਦਰ ਸ਼ਬਦਾਂ ਨਾਲ ਸ਼ਿੰਗਾਰਿਆ ਗਿਆ ਹੈ ਅਤੇ ਇਸਦਾ ਸੰਗੀਤ ਕੀਰਤੀ ਮਿਊਜ਼ਿਕ ਸਟੂਡੀਓ ਵੱਲੋਂ ਤਿਆਰ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਗੀਤ ਦੇ ਪ੍ਰੋਡਿਊਸਰ ਕਵਿਸ਼ ਲੋਹਮਰੋਰ ਹਨ ਅਤੇ ਇਸ ਗੀਤ ਦਾ ਵੀਡੀਓ ਵੀ ਜਲਦ ਹੀ ਸੰਗੀਤ ਪ੍ਰੇਮੀਆਂ ਦੇ ਰੂ-ਬ-ਰੂ ਹੋਵੇਗਾ। ਇਸ ਮੌਕੇ ਲੋਕ ਗਾਇਕ ਪਰਗਟ ਖਾਨ, ਹਰਜੀਤ ਸਿੱਧੂ ਫੂਲਕਾ, ਸਿਮਰਾਨ ਖਾਨ, ਗੀਤਕਾਰ ਕੇਵਲ ਸਿੰਘ ਹੀਰਾ ਹਠੂਰ, ਹਰਬੰਸ ਸਿੰਘ ਤੂਰ, ਗੁਰਪ੍ਰੀਤ ਸਿੰਘ ਗਰੇਵਾਲ, ਜਸ਼ਨ ਪ੍ਰਿੰਸ, ਵੰਸ਼ਵੀਰ ਸਿੰਘ ਆਦਿ ਸ਼ਖਸ਼ੀਅਤਾਂ ਵੀ ਮੌਜੂਦ ਸਨ।

## ਵਿਧਾਇਕ ਸਿੱਧੂ ਦੀ ਅਗਵਾਈ 'ਚ ਵਪਾਰੀਆਂ ਨਾਲ ਮੀਟਿੰਗਾਂ



ਲੁਧਿਆਣਾ, 18 ਮਾਰਚ (ਵਿਸ਼ਾਲ ਸ਼ਰਮਾ) : ਵਿਧਾਇਕ ਕੁਲਵੰਤ ਸਿੰਘ ਸਿੱਧੂ ਦੀ ਅਗਵਾਈ ਹੇਠ, ਟਰੇਡ ਕਮਿਸ਼ਨ ਹਲਕਾ ਆਤਮ ਨਗਰ ਵੱਲੋਂ ਵਪਾਰੀਆਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ, ਜਿੱਥੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾ ਰਿਹਾ ਹੈ। ਟਰੇਡ ਕਮਿਸ਼ਨ ਹਲਕਾ ਆਤਮ ਨਗਰ ਦੀ ਪਲੇਠੀ ਮੀਟਿੰਗ ਬੀਤੇ ਕੱਲ੍ਹ ਭਗਵਾਨ ਚੌਂਕ ਵਿਖੇ ਹੋਈ, ਜਿੱਥੇ ਵਪਾਰੀਆਂ ਦੀ ਦਰਪੇਸ਼ ਮੁਸ਼ਕਲਾਂ ਨੂੰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅੱਗੇ ਰੱਖਿਆ ਅਤੇ ਤੁਰੰਤ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਮੀਟਿੰਗ ਦੌਰਾਨ, ਵਿਧਾਇਕ ਸਿੱਧੂ ਦੇ ਨਾਲ ਸਾਹਿਲ ਅਗਰਵਾਲ ਪੰਜਾਬ ਸਟੇਟ ਸੈਕਟਰੀ, ਰੋਹਿਤ ਵਰਮਾ ਜ਼ਿਲ੍ਹਾ ਵਾਈਸ ਚੇਅਰਮੈਨ, ਹਲਕਾ ਆਤਮ ਨਗਰ ਟਰੇਡ ਕਮਿਸ਼ਨ ਦੇ ਚੇਅਰਮੈਨ ਮਨਪ੍ਰੀਤ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਹਲਕਾ ਆਤਮ ਨਗਰ ਦੀਆਂ ਵੱਖ-ਵੱਖ ਮਾਰਕੀਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਵਿਧਾਇਕ ਸਿੱਧੂ ਅਤੇ ਚੇਅਰਮੈਨ ਮਨਪ੍ਰੀਤ ਸਿੰਘ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਵਪਾਰੀਆਂ ਨੇ ਆਪਣੇ ਇਲਾਕਿਆਂ ਵਿੱਚ ਆ ਰਹੀਆਂ ਰੋਜ਼ਾਨਾ ਸਮੱਸਿਆਵਾਂ ਨੂੰ ਖੁੱਲ੍ਹ ਕੇ ਰੱਖਿਆ, ਜਿਨ੍ਹਾਂ ਵਿੱਚ ਖਾਸ ਤੌਰ 'ਤੇ ਬਿਜਲੀ ਦੀਆਂ ਢਿੱਲੀਆਂ ਤਾਰਾਂ, ਟਰਾਂਸਫਾਰਮਰ, ਤਹਿਬਜ਼ਾਰੀ ਨਾਲ ਸਬੰਧਤ ਮਸਲੇ, ਟ੍ਰੈਫਿਕ ਅਤੇ ਬਾਜ਼ਾਰਾਂ ਵਿੱਚ ਸੁਰੱਖਿਆ ਦੀ ਘਾਟ ਵਰਗੇ ਮੁੱਦੇ ਸ਼ਾਮਲ ਸਨ।ਇਸ ਤੋਂ ਇਲਾਵਾ ਵਪਾਰੀਆਂ ਦੇ ਬਕਾਇਆ ਜੀ.ਐਸ.ਟੀ. ਰਿਫੰਡ ਅਤੇ ਹੋਰ ਵਿਭਾਗੀ ਮਸਲੇ, ਨਗਰ ਨਿਗਮ ਦੀਆਂ ਕਿਰਾਏ 'ਤੇ ਚੱਲ ਰਹੀਆਂ ਦੁਕਾਨਾਂ ਦੀ ਮਲਕੀਅਤ ਦੇ ਹੱਕ ਤੋਂ ਇਲਾਵਾ ਹਰੇਕ ਮੁਸ਼ਕਿਲ ਦੇ ਜਲਦ ਨਿਪਟਾਰੇ ਦਾ ਭਰੋਸਾ ਦਿੱਤਾ। ਟਰੇਡ ਕਮਿਸ਼ਨ ਹਲਕਾ ਆਤਮ ਨਗਰ ਦੀ ਦੂਸਰੀ ਮੀਟਿੰਗ ਅੱਜ ਸਥਾਨਕ ਵਾਰਡ ਨੰਬਰ 48 ਅਧੀਨ ਫੇਸ-1 ਦੁੱਗਰੀ ਵਿਖੇ ਹੋਈ, ਜਿੱਥੇ ਵਿਧਾਇਕ ਸਿੱਧੂ ਦੇ ਨਾਲ ਹਲਕਾ ਆਤਮ ਨਗਰ ਵਪਾਰ ਕਮਿਸ਼ਨ ਦੇ ਚੇਅਰਮੈਨ ਮਨਪ੍ਰੀਤ ਸਿੰਘ ਨੇ ਜੀ.ਐਸ.ਟੀ. ਵਿਭਾਗ, ਪ੍ਰਦੂਸ਼ਨ ਕੰਟਰੋਲ ਬੋਰਡ, ਨਗਰ ਨਿਗਮ, ਫੂਡ ਸਪਲਾਈ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਵਪਾਰੀਆਂ ਦੀਆਂ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ। ਇਸ ਮੌਕੇ ਵਾਰਡ ਨੰਬਰ 44 ਅਤੇ ਵਾਰਡ ਨੰਬਰ 45 ਦੇ ਕੌਂਸਲਰ ਸੋਹਨ ਸਿੰਘ ਗੋਗਾ ਅਤੇ ਪਰਮਿੰਦਰ ਸਿੰਘ ਸੋਮਾ, ਸੋਸ਼ਲ ਮੀਡੀਆ ਵਿੰਗ ਲੁਧਿਆਣਾ ਸ਼ਹਿਰੀ ਦੇ ਜ਼ਿਲ੍ਹਾ ਇੰਚਾਰਜ ਗੁਰਪ੍ਰੀਤ ਸਿੰਘ ਰਾਜਾ ਬਲਾਕ ਪ੍ਰਧਾਨ ਵਿਪਨ ਸੇਠੀ ਤੋਂ ਇਲਾਵਾ ਹਲਕਾ ਆਤਮ ਨਗਰ ਦੇ ਟਰੇਡ ਕਮਿਸ਼ਨ ਦੇ ਸਮੂਹ ਮੈਂਬਰ ਅਤੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਗਿੱਲ ਮੌਜੂਦ ਸਨ ।

## ਵਪਾਰਕ ਐਲ.ਪੀ.ਜੀ. ਦੀ ਸੁਚਾਰੂ ਸਪਲਾਈ ਯਕੀਨੀ ਬਣਾਉਣ ਲਈ ਕਮੇਟੀਆਂ ਗਠਿਤ



ਲੁਧਿਆਣਾ, 18 ਮਾਰਚ (ਵਿਸ਼ਾਲ ਸ਼ਰਮਾ):ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਹਸਪਤਾਲਾਂ ਅਤੇ ਹੋਸਟਲਾਂ ਸਮੇਤ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਲੋੜ ਅਨੁਸਾਰ ਵਪਾਰਕ ਐਲ ਪੀ ਜੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕਮੇਟੀਆਂ ਲੋੜ ਅਨੁਸਾਰ ਵਿਆਹ ਸਮਾਗਮਾਂ ਲਈ ਤਰਜੀਹ ਦੇ ਆਧਾਰ 'ਤੇ ਵਪਾਰਕ ਐਲ ਪੀ ਜੀ ਸਿਲੰਡਰ ਅਲਾਟ ਕਰ ਸਕਦੀਆਂ ਹਨ। ਖਾਸ ਕਰਕੇ ਧੀਆਂ ਦੇ ਵਿਆਹ ਮੌਕੇ ਵਿਸ਼ੇਸ਼ ਤਵੱਜੋਂ ਦਿੱਤੀ ਜਾ ਸਕਦੀ ਹੈ, ਜਦਕਿ ਭਾਰਤ ਸਰਕਾਰ ਦੇ ਹੁਕਮਾਂ ਅਨੁਸਾਰ, ਸਾਰੇ ਵਪਾਰਕ ਅਦਾਰਿਆਂ ਨੂੰ ਵਪਾਰਕ ਐਲ ਪੀ ਜੀ ਸਿਲੰਡਰਾਂ ਦੀ ਵਰਤੋਂ ਗੈਰ-ਤਰਜੀਹੀ ਹੈ।

ਜ਼ਿਕਰਯੋਗ ਹੈ ਕਿ ਵਿਸ਼ਵ ਪੱਧਰ 'ਤੇ ਬਣ ਰਹੇ ਜੰਗੀ ਹਾਲਾਤਾਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਬੀਤੇ ਸ਼ੁੱਕਰਵਾਰ ਜਾਣਕਾਰੀ ਸਾਂਝੀ ਕੀਤੀ ਸੀ ਕਿ ਜ਼ਿਲ੍ਹੇ ਵਿੱਚ ਪੈਟਰੋਲ, ਡੀਜ਼ਲ ਅਤੇ ਘਰੇਲੂ ਐਲ.ਪੀ.ਜੀ ਦੀ ਲੋੜੀਂਦੀ ਉਪਲੱਬਧਤਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਹੈ। ਜ਼ਿਲ੍ਹੇ ਵਿੱਚ ਤੇਲ ਜਾਂ ਗੈਸ ਸਪਲਾਈ ਦੀ ਕੋਈ ਕਿੱਲਤ ਨਹੀਂ ਹੈ ਅਤੇ ਲੋਕਾਂ ਨੂੰ ਕਿਸੇ ਵੀ ਪੱਖੋਂ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਦੁਹਰਾਇਆ ਕਿ ਗੈਸ ਏਜੰਸੀਆਂ ਦੇ ਡੀਲਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਅਜਿਹੇ ਹਾਲਾਤਾਂ ਵਿੱਚ ਸਿਲੰਡਰਾਂ ਦੀ ਗੈਰ-ਕਾਨੂੰਨੀ ਜਮ੍ਹਾਂਖੋਰੀ, ਭੰਡਾਰ ਨਾ ਹੋਣ ਦਿੱਤੀ ਜਾਵੇ। ਸਮੂਹ ਗੈਸ ਏਜੰਸੀਆਂ ਨੂੰ ਇਹ ਯਕੀਨੀ ਬਣਾਉਣ ਸਬੰਧੀ ਹਦਾਇਤ ਕੀਤੀ ਗਈ ਕਿ ਉਹਨਾਂ ਦੇ ਦਫਤਰੀ ਫੋਨ ਨੰਬਰ ਅਤੇ ਹੈਲਪਲਾਈਨ ਨੰਬਰ ਹਮੇਸ਼ਾ ਚਾਲੂ ਰਹਿਣ ਤਾਂ ਜੋ ਉਪਭੋਗਤਾਵਾਂ ਨੂੰ ਜਾਣਕਾਰੀ ਪ੍ਰਾਪਤ ਕਰਨ ਵਿੱਚ ਕੋਈ ਦਿੱਕਤ ਨਾ ਆਵੇ।

ਡਿਪਟੀ ਕਮਿਸ਼ਨਰ ਜੈਨ ਵੱਲੋਂ ਇਹ ਵੀ ਹਦਾਇਤ ਕੀਤੀ ਗਈ ਕਿ ਜੇਕਰ ਕਿਸੀ ਵੀ ਵਿਅਕਤੀ ਜਾਂ ਡੀਲਰ ਵੱਲੋਂ ਪੈਟਰੋਲੀਅਮ ਪਦਾਰਥਾਂ ਦੀ ਜਮ੍ਹਾਂਖੋਰੀ ਜਾਂ ਕਾਲਾਬਜ਼ਾਰੀ ਕੀਤੀ ਜਾਂਦੀ ਹੈ ਤਾਂ ਨਿਯਮਾਂ ਅਨੁਸਾਰ ਬਣਦੀ ਤੁਰੰਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਵੱਲ ਧਿਆਨ ਨਾ ਦਿੱਤਾ ਜਾਵੇ ਅਤੇ ਘਬਰਾਹਟ ਵਿੱਚ ਪੈਟਰੋਲ, ਡੀਜ਼ਲ ਜਾਂ ਗੈਸ ਦੀ ਬੇਲੋੜੀ ਖਰੀਦਦਾਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਸਥਿਤੀ 'ਤੇ ਨਿਰੰਤਰ ਨਜ਼ਰ ਰੱਖ ਰਿਹਾ ਹੈ ਅਤੇ ਜ਼ਰੂਰੀ ਵਸਤਾਂ ਦੀ ਸਪਲਾਈ ਸੁਚਾਰੂ ਢੰਗ ਨਾਲ ਜਾਰੀ ਹੈ। ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਵਿਅਕਤੀ ਪੈਟਰੋਲ, ਡੀਜ਼ਲ ਜਾਂ ਘਰੇਲੂ ਗੈਸ ਦੀ ਜਮ੍ਹਾਂਖੋਰੀ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਰਕਿਟ ਵਿੱਚ ਲਗਾਤਾਰ ਨਜ਼ਰ ਰੱਖਣ ਅਤੇ ਕਿਸੇ ਵੀ ਅਫਵਾਹ ਜਾਂ ਬੇਨਿਯਮੀ ਦੀ ਸੂਰਤ ਵਿੱਚ ਪ੍ਰਸ਼ਾਸਨ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਤਾਂ ਜੋ ਸਮੇਂ ਸਿਰ ਢੁਕਵੀਂ ਕਾਰਵਾਈ ਕੀਤੀ ਜਾ ਸਕੇ।

## ਅਕਾਲੀ ਦਲ ਹੀ ਪੰਜਾਬ ਦੇ ਹਿੱਤਾਂ ਦੀ ਅਸਲ ਆਵਾਜ਼ : ਮਠਾੜੂ



ਲੁਧਿਆਣਾ, 18 ਮਾਰਚ (ਕਰਨੈਲ ਸਿੰਘ ਐੱਮ.ਏ.): ਪੰਜਾਬ ਦੇ ਹਿੱਤਾਂ ਅਤੇ ਸਰਬਪੱਖੀ ਵਿਕਾਸ ਲਈ ਜੇਕਰ ਕਿਸੇ ਰਾਜਨੀਤਕ ਪਾਰਟੀ ਨੇ ਸੱਚੇ ਦਿਲੋਂ ਕੰਮ ਕੀਤਾ ਹੈ ਤਾਂ ਸਭ ਤੋਂ ਪਹਿਲਾਂ ਨਾਮ ਸ਼੍ਰੋਮਣੀ ਅਕਾਲੀ ਦਲ ਦਾ ਆਉਂਦਾ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਸਰੂਪ ਸਿੰਘ ਮਠਾੜੂ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੇ ਪਿਤਾ ਅਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਹਮੇਸ਼ਾਂ ਪੰਜਾਬ ਅਤੇ ਪੰਜਾਬੀਅਤ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਰਹੇ ਹਨ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਨੇ ਹਰ ਸਮੇਂ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਠਾਇਆ ਹੈ। ਮਠਾੜੂ ਨੇ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪਿਛਲੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਹਾਲਾਤ ਚਿੰਤਾਜਨਕ ਬਣੇ ਹਨ । ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਵਿੱਚ ਵਿਕਾਸ ਦੀ ਗਤੀ ਧੀਮੀ ਗਤੀ ਵਿੱਚ ਪਈ ਹੈ ਅਤੇ ਕਾਨੂੰਨ-ਵਿਵਸਥਾ ਦੇ ਮਾਮਲੇ ਵੀ ਕਮਜ਼ੋਰ ਹੋਏ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਬਚਾਓ ਰੈਲੀਆਂ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਪਾਰਟੀ ਮੁੜ ਸੂਬੇ ਦੇ ਵਿਕਾਸ ਲਈ ਤਿਆਰ ਹੈ। ਮਠਾੜੂ ਨੇ ਅਪੀਲ ਕੀਤੀ ਕਿ ਪੰਜਾਬ ਦੇ ਲੋਕ ਖੇਤਰੀ ਪਾਰਟੀ ਦਾ ਸਾਥ ਦੇ ਕੇ ਸੂਬੇ ਨੂੰ ਤਰੱਕੀ ਦੇ ਰਾਹ 'ਤੇ ਲੈ ਕੇ ਆਉਣ।

## ਪੱਤਰਕਾਰ ਵਿਵੇਕ ਬਖਸ਼ੀ ਹਿਊਮਨ ਰਾਈਟ ਕੌਂਸਲ ਲੁਧਿਆਣਾ ਦੇ ਪ੍ਰਧਾਨ ਨਿਯੁਕਤ



ਲੁਧਿਆਣਾ, 18 ਮਾਰਚ (ਕਰਨੈਲ ਸਿੰਘ ਐੱਮ.ਏ.): ਹਿਊਮਨ ਰਾਇਟ ਕੌਂਸਲ ਭਾਰਤ ਦੇ ਪ੍ਰਧਾਨ ਸ਼੍ਰੀ ਆਰਤੀ ਰਾਜਪੂਤ ਅਤੇ ਪੰਜਾਬ ਪ੍ਰਧਾਨ ਸਤਵਿੰਦਰ ਸਿੰਘ ਮਠਾੜੂ ਕੌਂਸਲ ਵਿੱਚ ਨਵੀਂ ਨਿਯੁਕਤੀਆਂ ਕਰਦਿਆਂ ਅੱਜ ਪੱਤਰਕਾਰ ਵਿਵੇਕ ਬਖ਼ਸ਼ੀ ਨੂੰ ਲੁਧਿਆਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ । ਇਸ ਮੌਕੇ ਮਠਾੜੂ ਨੇ ਦੱਸਿਆ ਕਿ ਵਿਵੇਕ ਬਖਸ਼ੀ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਉਹਨਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ । ਉਹਨਾਂ ਕਿਹਾ ਕਿ ਵਿਵੇਕ ਬਖ਼ਸ਼ੀ ਜੋ ਕਿ ਥੋੜ੍ਹੀ ਉਮਰ ਵਿੱਚ ਉਸ ਨੇ ਸਮਾਜ ਸੇਵਾ ਜਿਵੇਂ ਕਿ ਉਸਨੇ ਬਹੁਤ ਪਹਿਲਾਂ ਹੀ ਅੱਖਾਂ ਦਾਨ ਦੇ ਫ਼ਾਰਮ ਭਰ ਕੇ ਸਾਬਤ ਕੀਤਾ ਹੈ, ਅਤੇ ਖ਼ੂਨ ਦਾਨ, ਅਤੇ ਬੱਚਿਆਂ ਲਈ ਬੱਚਿਆਂ ਦੀ ਪੜ੍ਹਾਈ ਲਈ ਤੇ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਸਮਾਜ ਸੇਵਾ ਕਰਦੇ ਰਹਿੰਦੇ ਹਨ। ਸਤਵਿੰਦਰ ਸਿੰਘ ਮਠਾੜੂ ਨੇ ਕਿਹਾ ਕਿ ਉਹਨਾਂ ਦੀ ਸਮਾਜ ਸੇਵਾ ਦੀ ਰੁਚੀ ਨੂੰ ਦੇਖਦਿਆਂ ਹੋਇਆਂ ਉਹਨਾਂ ਨੂੰ ਹਿਊਮਨ ਰਾਇਟ ਕੌਂਸਲ ਲੁਧਿਆਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।



# ਨੌਜਵਾਨ ਵਰਗ ਦੀ ਮਹੱਤਤਾ

ਪ੍ਰਮਥ ਰਾਜ ਸਿਨਹਾ

**ਜਿੱਥੇ** ਇਕ ਪਾਸੇ ਕਈ ਦੇਸ਼ਾਂ ਵਿਚ ਬਿਰਧ ਆਬਾਦੀ ਵਧਦੀ ਜਾ ਰਹੀ ਹੈ ਅਤੇ ਜਾਪਾਨ ਤੇ ਇਟਲੀ ਵਰਗੇ ਦੇਸ਼ ਘਟਦੀ ਜਨਮ ਦਰ ਨਾਲ ਜੂਝ ਰਹੇ ਹਨ, ਉੱਥੇ ਹੀ ਦੱਖਣ ਤੇ ਦੱਖਣ-ਪੂਰਬੀ ਏਸ਼ੀਆ ਵਿਚ ਕੰਮਕਾਜੀ ਉਮਰ ਦੇ ਲੋਕਾਂ ਦੀ ਆਬਾਦੀ ਬਰਕਰਾਰ ਹੈ। ਅੱਜ ਭਾਰਤ ਵਿਚ ਦੋ-ਤਿਹਾਈ ਲੋਕ 35 ਸਾਲ ਤੋਂ ਘੱਟ ਉਮਰ ਦੇ ਹਨ। ਦੇਸ਼ ਦੀ ਸਭ ਤੋਂ ਵੱਡੀ ਤਾਕਤ ਇਸ ਦਾ ਨੌਜਵਾਨ ਵਰਗ ਹੈ। ਯੁਵਾ ਸੰਭਾਵਨਾਸ਼ੀਲ ਸ਼ਕਤੀ ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ ਅਤੇ ਰਾਜਸਥਾਨ ਵਰਗੇ ਰਾਜਾਂ ਵਿਚ ਸਾਫ਼ ਦਿਖਾਈ ਦਿੰਦੀ ਹੈ। ਜ਼ਰੂਰਤ ਹੈ ਇਸ ਊਰਜਾ ਨੂੰ ਸਹੀ ਦਿਸ਼ਾ ਦੇ ਕੇ ਇਕ ਮਜ਼ਬੂਤ ਆਰਥਿਕ ਤਾਕਤ ਵਿਚ ਬਦਲਣ ਦੀ। ਵਿੱਤੀ ਸਾਲ 2026-27 ਲਈ ਹਾਲ ਹੀ ਵਿਚ ਪਾਰਲੀਮੈਂਟ ਵਿਚ ਪੇਸ਼ ਕੀਤੇ ਗਏ ਕੇਂਦਰੀ ਬਜਟ ਵਿਚ ਨੌਜਵਾਨਾਂ ਨੂੰ ਸਿਰਫ਼ 'ਭਵਿੱਖ' ਨਹੀ ਕਿਹਾ ਗਿਆ, ਸਗੋਂ ਉਨ੍ਹਾਂ ਨੂੰ ਵਰਤਮਾਨ ਵਿਚ 'ਭਵਿੱਖ ਦੇ ਨਿਰਮਾਤਾ' ਮੰਨਿਆ ਗਿਆ ਹੈ। ਇਨ੍ਹਾਂ ਭਵਿੱਖ ਦੇ ਨਿਰਮਾਤਾਵਾਂ ਨੂੰ ਸਫਲ ਬਣਾਉਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਲਈ ਮੌਕਿਆਂ ਦੀ ਇਕ ਅਜਿਹੀ ਪੌੜੀ ਤਿਆਰ ਕੀਤੀ ਜਾਵੇ ਜਿਸ ਨਾਲ ਉਹ ਆਪਣੀਆਂ ਰੁਚੀਆਂ ਅਤੇ ਹੁਨਰਾਂ ਦਾ ਸਹੀ ਉਪਯੋਗ ਕਰ ਕੇ ਨਵੀਆਂ ਉੱਚਾਈਆਂ ਛੂਹ ਸਕਣ। ਜ਼ਮੀਨੀ ਹਕੀਕਤਾਂ ਅਤੇ ਅੰਤਰ-ਖੇਤਰ ਜਟਿਲਤਾਵਾਂ ਨੂੰ ਸਮਝਦੇ ਹੋਏ, ਸਰਕਾਰ ਨੇ ਬਜਟ ਵਿਚ ਪ੍ਰਤਿਭਾਵਾਂ ਵਿਚ ਨਿਵੇਸ਼ ਨੂੰ ਤਰਜੀਹ ਦਿੱਤੀ ਹੈ। ਪਿਛਲੇ ਕੁਝ ਸਾਲਾਂ ਵਿਚ ਅਜਿਹੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ ਜਿਨ੍ਹਾਂ ਨੇ ਚੋਣਵੇਂ ਖੇਤਰਾਂ ਵਿਚ ਸਿਖਲਾਈ ਨੂੰ ਉਦਯੋਗ ਨਾਲ ਜੋੜਿਆ ਅਤੇ ਇਸ ਸਾਂਝੇਦਾਰੀ ਨਾਲ ਹੁਨਰਾਂ ਦੇ ਪਾੜੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਬਜਟ ਇਨ੍ਹਾਂ ਯੋਜਨਾਵਾਂ ਨੂੰ ਹੋਰ ਵਿਸਥਾਰ ਦਿੰਦਾ ਹੈ, ਨਾਲ ਹੀ ਨਵੇਂ ਮੌਕਿਆਂ ਦਾ ਐਲਾਨ ਵੀ ਕਰਦਾ ਹੈ। ਭਾਰਤ ਦੀਆਂ ਵਿਸ਼ੇਸ਼ਤਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ, ਬਜਟ ਨੌਜਵਾਨ-ਕੇਂਦਰਿਤ ਤਰਜੀਹਾਂ ਨੂੰ ਉਭਾਰਦਾ ਹੈ। ਭਾਰਤ ਦੀ ਡਿਜੀਟਲ ਸਮਰੱਥਾ ਇਸ ਦੀ ਪਹਿਲੀ ਵੱਡੀ ਤਾਕਤ ਹੈ। ਭਾਰਤ ਤੇਜ਼ੀ ਨਾਲ ਮੋਬਾਈਲ-ਆਧਾਰਤ ਕ੍ਰੀਏਟਰ ਇਕੋਨਮੀ ਬਣ ਰਿਹਾ ਹੈ। ਅੱਜ ਨੌਜਵਾਨ ਸਿਰਫ਼ ਕੰਟੈਂਟ ਦੇਖਣਾ ਨਹੀ ਚਾਹੁੰਦੇ, ਸਗੋਂ ਉਹ ਸਮੱਗਰੀ ਬਣਾਉਣਾ ਵੀ ਚਾਹੁੰਦੇ ਹਨ। ਡਿਜੀਟਲ ਖੇਤਰ ਵਿਚ ਪ੍ਰਭਾਵ ਵਧਾਉਣ ਲਈ ਸਾਨੂੰ ਡਿਜੀਟਲ ਮਾਡਲਾਂ ਨੂੰ ਸਿੱਖਣ 'ਤੇ ਜ਼ੋਰ ਦੇਣਾ ਹੋਵੇਗਾ। ਰਚਨਾਤਮਕ ਖੇਤਰਾਂ ਵਿਚ ਵਿਕਾਸ ਨੂੰ ਧਿਆਨ ਵਿਚ ਰੱਖਦੇ ਹੋਏ ਬਜਟ ਵਿਚ 15,000 ਸਕੂਲਾਂ ਅਤੇ 500 ਕਾਲਜਾਂ ਵਿਚ ਐਨੀਮੇਸ਼ਨ, ਵਿਜ਼ੂਅਲ ਇਫੈਕਟਸ, ਗੇਮਿੰਗ ਅਤੇ ਕਾਮਿਕਸ ਲਈ ਕੰਟੈਂਟ ਕ੍ਰੀਏਟਰ ਲੈਬਜ਼ ਬਣਾਉਣ ਦਾ ਪ੍ਰਸਤਾਵ ਹੈ। ਇਨ੍ਹਾਂ ਲੈਬਜ਼ ਜ਼ਰੀਏ ਨੌਜਵਾਨ ਤਕਨਾਲੋਜੀ ਦਾ ਬਿਹਤਰ ਇਸਤੇਮਾਲ ਕਰਨਾ ਸਿੱਖਣਗੇ ਜਿਸ ਨਾਲ ਉਨ੍ਹਾਂ ਦੀਆਂ ਰਚਨਾਤਮਕ ਇੱਛਾਵਾਂ ਨੂੰ ਸਹੀ ਆਧਾਰ ਮਿਲੇਗਾ ਅਤੇ ਉਹ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਨ ਯੋਗ ਹੁਨਰ ਵਿਕਸਤ ਕਰ ਸਕਣਗੇ। ਦੂਜਾ ਮਹੱਤਵਪੂਰਨ ਸਤੰਭ ਹੈ ਉੱਦਮੀਅਤਾ। ਭਾਰਤ ਦਾ ਸਟਾਰਟਅੱਪ ਈਕੋਸਿਸਟਮ ਤੇਜ਼ੀ ਨਾਲ ਛੋਟੇ ਸ਼ਹਿਰਾਂ ਅਤੇ ਦੂਰ-ਦਰਾਜ ਦੇ ਖੇਤਰਾਂ ਤੱਕ ਫੈਲ ਰਿਹਾ ਹੈ। ਹੁਨਰ ਵਿਕਾਸ ਅਤੇ ਉੱਦਮੀਅਤਾ ਮੰਤਰਾਲੇ ਦੀ ਅਲਾਟਮੈਂਟ ਵਿਚ 62 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਭਵਿੱਖ ਲਈ ਸਹੀ ਹੁਨਰਾਂ ਨਾਲ ਲੈਸ ਸਰਗਰਮ ਕਾਰਜਬਲ ਬਣਾਉਣ ਲਈ ਗੰਭੀਰ ਹੈ। ਬਜਟ ਵਿਚ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਵਿਚ ਆਰਥਿਕ ਖੇਤਰ ਵਿਕਸਤ ਕਰਨ ਦੀ ਗੱਲ ਕੀਤੀ ਗਈ ਹੈ। ਉੱਦਮੀਅਤਾ ਅਤੇ ਆਰਥਿਕ ਵਿਕਾਸ ਨੂੰ ਇਕੱਠੇ ਰੱਖਦੇ ਹੋਏ, ਗੱਲ ਅਜਿਹੇ ਸ਼ਹਿਰਾਂ ਦੀ ਕੀਤੀ ਜਾ ਰਹੀ ਹੈ, ਜਿੱਥੇ ਰੁਜ਼ਗਾਰ ਦੇ ਵਿਕਲਪਾਂ ਦੇ ਨਾਲ-ਨਾਲ ਬਿਹਤਰ ਜੀਵਨ ਦੀ ਆਸ ਵੀ ਹੈ। ਘਰ ਦੇ ਨੇੜੇ ਚੰਗੇ ਮੌਕੇ ਮਿਲਣ ਨਾਲ ਵੱਡੇ ਸ਼ਹਿਰਾਂ ਵੱਲ ਨੌਜਵਾਨ ਵਰਗ ਦਾ ਪਲਾਇਨ ਘੱਟ ਹੋਵੇਗਾ ਅਤੇ ਦੇਸ਼ ਵਿਚ ਸੰਤੁਲਿਤ ਵਿਕਾਸ ਹੋ ਸਕੇਗਾ। ਤੀਜਾ ਅਤੇ ਬਹੁਤ ਹੀ ਮਹੱਤਵਪੂਰਨ ਸਤੰਭ ਸਾਡੇ ਉੱਚ ਸਿੱਖਿਆ ਅਦਾਰੇ ਹਨ ਜੋ ਦੇਸ਼ ਲਈ ਇਕ ਮਜ਼ਬੂਤ ਭਵਿੱਖ ਦੀ ਨੀਂਹ ਰੱਖ ਸਕਦੇ ਹਨ ਅਤੇ ਇਨ੍ਹਾਂ ਦੀ ਭੂਮਿਕਾ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਮਹੱਤਵਪੂਰਨ ਹੋ ਜਾਵੇਗੀ।

# ਦਿਲ ਦੀ ਸਿਹਤ ਅਤੇ ਮੈਡੀਕਲ ਨੈਤਿਕਤਾ

## 'ਵਪਾਰੀਕਰਨ ਦੇ ਦੌਰ ਵਿੱਚ ਜਾਗਰੂਕਤਾ ਹੀ ਸਭ ਤੋਂ ਵੱਡਾ ਹਥਿਆਰ'



ਡਾ. ਕ੍ਰਿਸ਼ਨ ਲਾਲ
62831-16797



**ਪੁਰਾਣੇ** ਸਮੇਂ ਵਿੱਚ ਡਾਕਟਰ ਨੂੰ 'ਧਰਤੀ ਦਾ ਰੱਬ' ਮੰਨਿਆ ਜਾਂਦਾ ਸੀ ਅਤੇ ਮਨੁੱਖੀ ਜੀਵਨ ਬਚਾਉਣ ਦੇ ਪ੍ਰਤੀਕ ਵਜੋਂ ਉਨ੍ਹਾਂ ਦਾ ਭਾਰੀ ਸਤਿਕਾਰ ਕੀਤਾ ਜਾਂਦਾ ਸੀ। ਪਰ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀ ਇੰਨੀ ਗਿਰਾਵਟ ਆਈ ਹੈ ਕਿ ਇਹ ਪਵਿੱਤਰ ਪੇਸ਼ਾ ਹੁਣ ਮਹਿਜ਼ ਇੱਕ 'ਮੁਨਾਫ਼ਾਖੋਰ ਉਦਯੋਗ' ਬਣ ਕੇ ਰਹਿ ਗਿਆ ਹੈ। ਕੈਨੇਡਾ ਦੇ ਸੈਂਟਰ ਫਾਰ ਦਿ ਐਡਵਾਂਸਮੈਂਟ ਆਫ ਮੈਡੀਸਨ ਦੇ ਮਾਹਿਰਡਾ. ਨਿਰੰਜਨ ਐੱਸ. ਢੱਲਾਅਨੁਸਾਰ, ਦਿਲ ਦੀਆਂ ਬਿਮਾਰੀਆਂ ਦੇ ਲਗਭਗ 80 ਫ਼ੀਸਦੀਮਾਮਲਿਆਂ ਵਿੱਚ ਸਟੰਟ (ਐਂਜੀਓਪਲਾਸਟੀ) ਦੀ ਕੋਈ ਅਸਲ ਲੋੜ ਨਹੀ ਹੁੰਦੀ, ਫਿਰ ਵੀ ਅਕਸਰ ਮਰੀਜ਼ਾਂ ਨੂੰ ਗਲਤ ਤਰੀਕੇ ਨਾਲ ਇਹ ਸਲਾਹ ਦਿੱਤੀ ਜਾਂਦੀ ਹੈ।ਜਦੋਂ ਕੋਈ ਮਰੀਜ਼ ਦਿਲ ਦੀ ਬਿਮਾਰੀ ਦਾ ਨਾਂ ਸੁਣ ਕੇ ਘਬਰਾ ਜਾਂਦਾ ਹੈ, ਤਾਂ ਉਸ ਨਾਜ਼ੁਕ ਸਮੇਂ 'ਤੇ ਡਿਸਪ੍ਰਿਨ ਜਾਂ ਐਸਪਰੀਨ ਵਰਗੀ ਦਵਾਈ ਖ਼ੂਨ ਨੂੰ ਪਤਲਾ ਕਰਕੇ ਸਥਿਤੀ ਸੰਭਾਲ ਸਕਦੀ ਹੈ ਅਤੇ ਬਾਕੀ ਇਲਾਜ ਦਵਾਈਆਂ ਰਾਹੀ ਸੰਭਵ ਹੋ ਸਕਦਾ ਹੈ। ਡਾ. ਢੱਲਾ ਇਹ ਵੀ ਦੱਸਦੇ ਹਨ ਕਿ ਹਾਰਟ ਅਟੈਕ ਦੌਰਾਨ ਮਰੀਜ਼ ਦਾ ਕੰਨ ਮਰੋੜਨ ਨਾਲ ਨਰਵ ਸਿਸਟਮ ਸਰਗਰਮ ਹੋ ਜਾਂਦਾ ਹੈ, ਕਿਉਂਕਿ ਕੰਨ ਦੀਆਂ ਨਸਾਂ ਦਾ ਸਿੱਧਾ ਸਬੰਧ ਦਿਲ ਨਾਲ ਹੁੰਦਾ ਹੈ। ਇਸੇ ਤਰ੍ਹਾਂ, 'ਦ ਲੈਂਸੇਟ' ਅਤੇ 'ਐਨਈਜੇਐਮ' ਵਰਗੇ ਨਾਮਵਰ ਮੈਡੀਕਲ ਜਰਨਲਸ ਵਿੱਚ ਪ੍ਰਕਾਸ਼ਿਤ 'ਇਸਕੇਮੀਆ' ਅਧਿਐਨ ਵੀ ਪੁਸ਼ਟੀ ਕਰਦਾ ਹੈ ਕਿ ਸਟੇਬਲ ਬਲਾਕੇਜ ਵਾਲੇ 75% ਮਰੀਜ਼ਾਂ ਲਈ ਦਵਾਈਆਂ ਰਾਹੀ ਕੀਤਾ ਗਿਆ ਇਲਾਜ ਸਟੰਟ ਜਿੰਨਾ ਹੀ ਪ੍ਰਭਾਵਸ਼ਾਲੀ ਹੈ। ਇਸ ਦੇ ਬਾਵਜੂਦ, ਹਸਪਤਾਲਾਂ ਵਿੱਚ ਸਟੰਟ ਪਾਉਣ ਦੀ ਵਧਦੀ ਦਰ ਮੈਡੀਕਲ ਨੈਤਿਕਤਾ ਦੇ ਪਤਨ ਦਾ ਚਿੰਤਾਜਨਕ ਸੰਕੇਤ ਹੈ।

ਦਿਲ ਦੀਆਂ ਬਿਮਾਰੀਆਂ, ਜਿਨ੍ਹਾਂ ਨੂੰ ਅਸੀ ਆਮ ਤੌਰ 'ਤੇ 'ਹਾਰਟ ਅਟੈਕ' ਜਾਂ 'ਬਲਾਕੇਜ' ਦੇ ਰੂਪ ਵਿੱਚ ਜਾਣਦੇ ਹਾਂ, ਮੁੱਖ ਤੌਰ 'ਤੇ ਸਰੀਰ ਵਿੱਚ ਖ਼ੂਨ ਦੇ ਦੌਰੇ ਦੀ ਰੁਕਾਵਟ ਕਾਰਨ ਪੈਦਾ ਹੁੰਦੀਆਂ ਹਨ। ਅਜੋਕੀ ਵਿਗੜ ਰਹੀ ਜੀਵਨਸ਼ੈਲੀ ਕਾਰਨ ਖ਼ੂਨ ਦੀਆਂ ਨਾੜੀਆਂ ਵਿੱਚ ਕੋਲੈਸਟ੍ਰੋਲ ਅਤੇ ਚਰਬੀ ਜਮ੍ਹਾਂ ਹੋਣੀ ਸ਼ੁਰੂ ਹੋ ਜਾਂਦੀ ਹੈ, ਜਿਸ ਵਿਗਿਆਨਕ ਪ੍ਰਕਿਰਿਆ ਨੂੰ 'ਐਥੀਰੋਸਕਲੇਰੋਸਿਸ' ਕਿਹਾ ਜਾਂਦਾ ਹੈ। ਇਸ ਨਾਲ ਨਾੜੀਆਂ ਤੰਗ ਹੋ ਜਾਂਦੀਆਂ ਹਨ ਅਤੇ ਦਿਲ ਦੀਆਂ ਮਾਸਪੇਸ਼ੀਆਂ ਤੱਕ ਲੋੜੀਂਦੀ ਆਕਸੀਜਨ ਨਹੀ ਪਹੁੰਚ ਪਾਉਂਦੀ। ਅੱਜ-ਕੱਲ੍ਹ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਮਾਨਸਿਕ ਤਣਾਅ ਵੀ ਇੱਕ ਘਾਤਕ ਕਾਰਨ ਬਣ ਗਿਆ ਹੈ, ਕਿਉਂਕਿ ਤਣਾਅ ਕਾਰਨ ਪੈਦਾ ਹੋਣ ਵਾਲੇ ਹਾਰਮੋਨ ਬਲੱਡ ਪ੍ਰੈਸ਼ਰ ਨੂੰ ਵਧਾ ਕੇ ਦਿਲ 'ਤੇ ਬੋਝ ਪਾਉਂਦੇ ਹਨ। ਇਸ ਤੋਂ ਇਲਾਵਾ, ਸ਼ੂਗਰ (ਡਾਇਬੀਟੀਜ਼) ਦੇ ਮਰੀਜ਼ਾਂ ਵਿੱਚ ਨਾੜੀਆਂ ਕਮਜ਼ੋਰ ਹੋਣ ਕਾਰਨ ਦਿਲ ਦੇ ਰੋਗਾਂ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ।

ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਦਿਲ ਦੀਆਂ ਬਿਮਾਰੀਆਂ ਸਿਰਫ਼ 50-60 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਹੀ ਹੁੰਦੀਆਂ ਹਨ, ਪਰ ਅਜੋਕੇ ਸਮੇਂ ਵਿੱਚ 25-30 ਸਾਲ ਦੇ ਨੌਜਵਾਨ ਵੀ ਤੇਜ਼ੀ ਨਾਲ ਇਸ ਦਾ ਸ਼ਿਕਾਰ ਹੋ ਰਹੇ ਹਨ। ਇਸ ਦੇ ਮੁੱਖ ਕਾਰਨਾਂ ਵਿੱਚ ਵੱਧਦਾ ਭਾਰ, ਸਿਗਰਟਨੋਸ਼ੀ, ਅਤੇ ਸ਼ਰਾਬ ਦਾ ਬਹੁਤ ਜ਼ਿਆਦਾ ਸੇਵਨ ਸ਼ਾਮਲ ਹੈ। ਖ਼ਾਸ ਕਰਕੇ ਉਹ ਲੋਕ ਜੋ ਸਾਰਾ ਦਿਨ ਬੈਠ ਕੇ ਕੰਮ ਕਰਦੇ ਹਨ ਅਤੇ ਸਰੀਰਕ ਗਤੀਵਿਧੀਆਂ ਦੀ ਘਾਟ ਰੱਖਦੇ ਹਨ, ਉਨ੍ਹਾਂ ਲਈ ਇਹ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ। ਇਸ ਤੋਂ ਇਲਾਵਾ, ਜੇਕਰ ਤੁਹਾਡੇ ਪਰਿਵਾਰ (ਮਾਤਾ-ਪਿਤਾ ਜਾਂ ਭੈਣ-ਭਰਾ) ਵਿੱਚ ਦਿਲ ਦੇ ਰੋਗਾਂ ਦਾ ਇਤਿਹਾਸ ਰਿਹਾ ਹੈ, ਤਾਂ ਜੈਨੇਟਿਕ ਕਾਰਨਾਂ ਕਰਕੇ ਤੁਹਾਨੂੰ ਵਧੇਰੇ ਸੁਚੇਤ ਰਹਿਣ ਅਤੇ ਨਿਯਮਤ ਜਾਂਚ ਕਰਵਾਉਣ ਦੀ ਸਖ਼ਤ ਲੋੜ ਹੈ।

ਦਿਲ ਦੀਆਂ ਸਮੱਸਿਆਵਾਂ ਉਦੋਂ ਸ਼ੁਰੂ ਹੁੰਦੀਆਂ ਹਨ ਜਦੋਂ ਦਿਲ ਦੀਆਂ ਨਾੜੀਆਂ ਵਿੱਚ ਚਰਬੀ ਅਤੇ ਕੋਲੈਸਟ੍ਰੋਲ ਜਮ੍ਹਾ ਹੋਣਾ ਸ਼ੁਰੂ ਹੋ ਜਾਂਦਾ ਹੈ, ਜਿਸ ਕਾਰਨ ਖ਼ੂਨ ਦਾ ਸੁਭਾਵਿਕ ਦੌਰਾ ਪ੍ਰਭਾਵਿਤ ਹੁੰਦਾ ਹੈ। ਇਸ ਨਾਜ਼ੁਕ ਸਥਿਤੀ ਦੇ ਕਈ ਮੁੱਖ ਕਾਰਨ ਹਨ, ਜਿਨ੍ਹਾਂ ਵਿੱਚ ਜ਼ਿਆਦਾ ਤੇਲ ਵਾਲਾ, ਤਲਿਆ ਹੋਇਆ ਅਤੇ ਬਾਹਰ ਦਾ ਜੰਕ ਫੂਡ ਖਾਣਾ ਸਭ ਤੋਂ ਪ੍ਰਮੁੱਖ ਹੈ। ਇਸ ਤੋਂ ਇਲਾਵਾ, ਸਰੀਰਕ ਕਸਰਤ ਦੀ ਘਾਟ ਅਤੇ ਸਾਰਾ ਦਿਨ ਬੈਠ ਕੇ ਕੰਮ ਕਰਨ ਵਾਲੀ ਜੀਵਨਸ਼ੈਲੀ ਇਸ ਖ਼ਤਰੇ ਨੂੰ ਹੋਰ ਵਧਾ ਦਿੰਦੀ ਹੈ। ਸਿਗਰਟਨੋਸ਼ੀ, ਤੰਬਾਕੂ ਅਤੇ ਸ਼ਰਾਬ ਦਾ ਸੇਵਨ ਨਾੜੀਆਂ ਨੂੰ ਸਿੱਧਾ ਨੁਕਸਾਨ ਪਹੁੰਚਾਉਂਦੇ ਹਨ। ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਦੇ ਨਾਲ-ਨਾਲ ਬਹੁਤ ਜ਼ਿਆਦਾ ਮਾਨਸਿਕ ਸਟ੍ਰੈੱਸ ਲੈਣਾ ਵੀ ਦਿਲ ਦੀ ਸਿਹਤ ਲਈ ਬੇਹੱਦ ਘਾਤਕ ਸਿੱਧ ਹੁੰਦਾ ਹੈ।

ਦਿਲ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਅਤੇ ਖ਼ੂਨ ਦੇ ਦੌਰੇ ਨੂੰ ਸੁਧਾਰਨ ਲਈ ਨਿਯਮਤ ਕਸਰਤ ਬਹੁਤ ਜ਼ਰੂਰੀ ਹੈ। ਸਭ ਤੋਂ ਸੁਰੱਖਿਅਤ ਅਤੇ ਵਧੀਆ ਤਰੀਕਾ ਰੋਜ਼ਾਨਾ 30 ਮਿੰਟ ਦੀ ਤੇਜ਼ ਸੈਰ ਹੈ; ਇੰਨੀ ਤੇਜ਼ ਚੱਲੋ ਕਿ ਹਲਕਾ ਪਸੀਨਾ ਆਵੇ ਅਤੇ ਸਾਹ ਥੋੜ੍ਹਾ ਤੇਜ਼ ਹੋਵੇ, ਪਰ ਤੁਸੀ ਸਹਿਜੇ ਹੀ ਗੱਲਬਾਤ ਕਰ ਸਕੋ। ਜੇਕਰ ਸਰੀਰਕ ਸਥਿਤੀ ਇਜਾਜ਼ਤ ਦੇਵੇ, ਤਾਂ ਹੌਲੀ-ਹੌਲੀ ਪੌੜੀਆਂ ਚੜ੍ਹਨਾ ਦਿਲ ਦੀ ਧੜਕਣ ਨੂੰ ਬਿਹਤਰ ਬਣਾਉਣ ਅਤੇ 'ਚੰਗੇ ਕੋਲੈਸਟ੍ਰੋਲ' ਨੂੰ ਵਧਾਉਣ ਵਿੱਚ ਮਦਦਗਾਰ ਹੁੰਦਾ ਹੈ। ਇਸ ਤੋਂ ਇਲਾਵਾ, ਤੈਰਾਕੀ ਵੀ ਦਿਲ ਲਈ ਇੱਕ ਉੱਤਮ ਕਸਰਤ ਹੈ ਜੋ ਜੋੜਾਂ 'ਤੇ ਜ਼ਿਆਦਾ ਭਾਰ ਪਾਏ ਬਿਨਾਂ ਪੂਰੇ ਸਰੀਰ ਨੂੰ ਸਰਗਰਮ ਕਰਦੀ ਹੈ। ਮਾਨਸਿਕ ਤਣਾਅ ਨੂੰ ਘਟਾਉਣ ਲਈ ਰੋਜ਼ਾਨਾ 10-15 ਮਿੰਟ 'ਅਨੁਲੋਮ-ਵਿਲੋਮ' ਜਾਂ 'ਭਰਾਮਰੀ' ਪ੍ਰਾਣਾਯਾਮ ਕਰਨਾ ਦਿਲ ਦੀ ਸਿਹਤ ਲਈ ਬੇਹੱਦ ਫਾਇਦੇਮੰਦ ਸਿੱਧ ਹੁੰਦਾ ਹੈ।

ਦਿਲ ਨੂੰ ਤੰਦਰੁਸਤ ਰੱਖਣ ਲਈ ਖ਼ੁਰਾਕ ਵਿੱਚ ਸੰਜਮ ਰੱਖਣਾ ਬੇਹੱਦ ਜ਼ਰੂਰੀ ਹੈ। ਜ਼ਿਆਦਾ ਨਮਕ ਦਾ ਸੇਵਨ ਬਲੱਡ ਪ੍ਰੈਸ਼ਰ ਨੂੰ ਵਧਾਉਂਦਾ ਹੈ, ਜੋ ਦਿਲ ਲਈ ਸਿੱਧਾ ਖ਼ਤਰਾ ਪੈਦਾ ਕਰਦਾ ਹੈ। ਇਸੇ ਤਰ੍ਹਾਂ, ਖੰਡ ਅਤੇ ਮਿੱਠੀਆਂ ਚੀਜ਼ਾਂ ਸਰੀਰ ਵਿੱਚ ਸੋਜ ਪੈਦਾ ਕਰਨ ਦੇ ਨਾਲ-ਨਾਲ ਭਾਰ ਵਧਾਉਣ ਦਾ ਮੁੱਖ ਕਾਰਨ ਬਣਦੀਆਂ ਹਨ। ਮੈਦਾ ਅਤੇ ਜੰਕ ਫੂਡ-ਜਿਵੇਂ ਕਿ ਸਮੋਸੇ, ਪੀਜ਼ਾ, ਬਿਸਕੁਟ ਅਤੇ ਚਿੱਟਾ ਬ੍ਰੈੱਡ-ਨਾੜੀਆਂ ਵਿੱਚ ਬਲਾਕੇਜ ਪੈਦਾ ਕਰ ਸਕਦੇ ਹਨ, ਇਸ ਲਈ ਇਨ੍ਹਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਖਾਣਾ ਬਣਾਉਣ ਲਈ ਸਰ੍ਹੋਂ ਦਾ ਤੇਲ ਜਾਂ ਦੇਸੀ ਘਿਓ ਬਹੁਤ ਘੱਟ ਮਾਤਰਾ ਵਿੱਚ ਵਰਤਣਾ ਚਾਹੀਦਾ ਹੈ ਅਤੇ ਦਿਨ ਵਿੱਚ 8-10 ਗਲਾਸ ਪਾਣੀ ਪੀਣਾ ਲਾਹੇਵੰਦ ਹੈ। ਅੰਤ ਵਿੱਚ, ਦਿਲ ਦੀ ਸਿਹਤ ਲਈ ਹਮੇਸ਼ਾ ਖੁਸ਼ ਰਹਿਣਾ ਅਤੇ ਰੋਜ਼ਾਨਾ ਚੰਗੀ ਨੀਂਦ ਲੈਣੀ ਸਭ ਤੋਂ ਉੱਤਮ ਕੁਦਰਤੀ ਨੁਸਖਾ ਹੈ।

ਦਿਲ ਦੀਆਂ ਨਾੜੀਆਂ ਦੀ ਸਫਾਈ ਅਤੇ ਬਿਹਤਰ ਸਿਹਤ ਲਈ ਖਾਣ-ਪੀਣ ਦੀਆਂ ਸਹੀ ਆਦਤਾਂ ਬਹੁਤ ਮਹੱਤਵਪੂਰਨ ਹਨ। ਸਵੇਰੇ ਖਾਲੀ ਪੇਟ ਲਸਣ ਦੀ ਇੱਕ ਕਲੀ ਪਾਣੀ ਨਾਲ ਲੈਣਾ ਨਾੜੀਆਂ ਦੀ ਸਫਾਈ ਲਈ ਇੱਕ ਉੱਤਮ ਕੁਦਰਤੀ ਉਪਾਅ ਹੈ। ਨਾਸ਼ਤੇ ਵਿੱਚ ਸੇਬ, ਪਪੀਤਾ ਜਾਂ ਬੇਰੀਆਂ ਵਰਗੇ ਫਲਾਂ ਦਾ ਸੇਵਨ ਕਰੋ, ਕਿਉਂਕਿ ਇਨ੍ਹਾਂ ਵਿੱਚ ਮੌਜੂਦ ਐਂਟੀ-ਆਕਸੀਡੈਂਟ ਦਿਲ ਦੀ ਰੱਖਿਆ ਕਰਦੇ ਹਨ। ਇਸ ਦੇ ਨਾਲ ਹੀ ਓਟਸ ਜਾਂ ਦਲੀਆ ਵਰਗਾ ਫਾਈਬਰ-ਯੁਕਤ ਭੋਜਨ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਮਦਦਗਾਰ ਹੁੰਦਾ ਹੈ। ਦੁਪਹਿਰ ਦੇ ਖਾਣੇ ਤੋਂ ਪਹਿਲਾਂ ਸਲਾਦ (ਖੀਰਾ, ਟਮਾਟਰ, ਗਾਜਰ) ਦੀ ਇੱਕ ਪਲੇਟ ਜ਼ਰੂਰ ਲਓ ਅਤੇ ਕਣਕ ਦੀ ਬਜਾਏ ਜੌਂ, ਬਾਜਰਾ ਜਾਂ ਮੱਕੀ ਦੀ ਮਿਸਰੀ ਰੋਟੀ ਨੂੰ ਤਰਜੀਹ ਦਿਓ। ਖ਼ੁਰਾਕ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਪ੍ਰੋਟੀਨ-ਭਰਪੂਰ ਦਾਲਾਂ ਸ਼ਾਮਲ ਕਰਨਾ ਮਾਸਪੇਸ਼ੀਆਂ ਲਈ ਜ਼ਰੂਰੀ ਹੈ। ਸ਼ਾਮ ਨੂੰ ਗ੍ਰੀਨ-ਟੀ ਦਾ ਸੇਵਨ ਸਰੀਰ ਵਿੱਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਦਾ ਹੈ। ਰਾਤ ਦਾ ਖਾਣਾ ਹਮੇਸ਼ਾ ਹਲਕਾ (ਜਿਵੇਂ ਸੂਪ ਜਾਂ ਉਬਲੀਆਂ ਸਬਜ਼ੀਆਂ) ਰੱਖੋ ਅਤੇ ਇਸ ਨੂੰ ਸੌਣ ਤੋਂ ਘੱਟੋ-ਘੱਟ 2-3 ਘੰਟੇ ਪਹਿਲਾਂ ਖਾ ਲੈਣਾ ਚਾਹੀਦਾ ਹੈ।

ਆਯੁਰਵੇਦ ਵਿੱਚ ਅਰਜੁਨ ਦੀ ਛਾਲ ਨੂੰ ਦਿਲ ਲਈ ਸਭ ਤੋਂ ਉੱਤਮ ਦਵਾਈ ਮੰਨਿਆ ਗਿਆ ਹੈ, ਜੋ ਨਾੜੀਆਂ ਦੀ ਬਲਾਕੇਜ ਖੋਲ੍ਹਣ ਅਤੇ ਦਿਲ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਿੱਚ ਵਿਸ਼ੇਸ਼ ਤੌਰ 'ਤੇ ਮਦਦਗਾਰ ਹੈ। ਇਸ ਦੀ ਵਰਤੋਂ ਲਈ ਅੱਧਾ ਚਮਚ ਅਰਜੁਨ ਦੀ ਛਾਲ ਦਾ ਪਾਊਡਰ ਇੱਕ ਗਲਾਸ ਪਾਣੀ ਜਾਂ ਦੁੱਧ ਵਿੱਚ ਉਬਾਲ ਕੇ ਹਫ਼ਤੇ ਵਿੱਚ 3-4 ਵਾਰ ਪੀਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਦਾਲਚੀਨੀ ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਸਹਾਇਕ ਹੁੰਦੀ ਹੈ; ਇਸ ਦੀ ਇੱਕ ਚੁਟਕੀ ਪਾਊਡਰ ਨੂੰ ਕੋਸੇ ਪਾਣੀ ਵਿੱਚ ਸ਼ਹਿਦ ਨਾਲ ਮਿਲਾ ਕੇ ਲੈਣਾ ਲਾਭਦਾਇਕ ਹੈ। ਨਾਲ ਹੀ, ਸੇਬ ਦਾ ਸਿਰਕਾ ਖ਼ੂਨ ਦੀਆਂ ਨਾੜੀਆਂ ਵਿੱਚ ਜਮ੍ਹਾਂ ਵਾਧੂ ਚਰਬੀ ਨੂੰ ਸਾਫ਼ ਕਰਨ ਅਤੇ ਦਿਲ ਦੇ ਕੰਮਕਾਜ ਨੂੰ ਸੁਧਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਦਿਲ ਦੇ ਦੌਰੇ ਦੀ ਸਥਿਤੀ ਵਿੱਚ ਸਮੇਂ ਸਿਰ ਪਛਾਣ ਕਰਨਾ ਬੇਹੱਦ ਜ਼ਰੂਰੀ ਹੈ। ਜੇਕਰ ਤੁਹਾਨੂੰ ਛਾਤੀ ਦੇ ਵਿਚਕਾਰ ਅਸਹਿ ਦਬਾਅ, ਜਕੜਨ ਜਾਂ ਅਜਿਹਾ ਮਹਿਸੂਸ ਹੋਵੇ ਜਿਵੇਂ ਕੋਈ ਭਾਰੀ ਚੀਜ਼ ਰੱਖ ਦਿੱਤੀ ਗਈ ਹੋਵੇ, ਤਾਂ ਇਸ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ। ਇਹ ਦਰਦ ਅਕਸਰ ਖੱਬੀ ਬਾਂਹ, ਜਬਾੜੇ, ਗਰਦਨ ਜਾਂ ਪਿੱਠ ਤੱਕ ਫੈਲ ਸਕਦਾ ਹੈ।ਬਿਨਾਂ ਕਿਸੇ ਸਰੀਰਕ ਮਿਹਨਤ ਦੇ ਸਾਹ ਲੈਣ ਵਿੱਚ ਤਕਲੀਫ ਹੋਣੀ, ਅਚਾਨਕ ਠੰਢਾ ਪਸੀਨਾ ਆਉਣਾ, ਸਿਰ ਚਕਰਾਉਣਾ ਜਾਂ ਅੱਖਾਂ ਅੱਗੇ ਹਨੇਰਾ ਆਉਣਾ ਗੰਭੀਰ ਸੰਕੇਤ ਹਨ। ਕਈ ਵਾਰ ਦਿਲ ਦਾ ਦੌਰਾ ਬਦਹਜ਼ਮੀ, ਉਲਟੀ ਜਾਂ ਪੇਟ ਵਿੱਚ ਤੇਜ਼ਾਬੀ ਜਲਣ ਵਰਗਾ ਵੀ ਮਹਿਸੂਸ ਹੁੰਦਾ ਹੈ, ਜਿਸ ਨੂੰ ਲੋਕ ਅਕਸਰ ਮਾਮੂਲੀ ਗੈਸ ਸਮਝ ਕੇ ਗਲਤੀ ਕਰ ਬੈਠਦੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਦਿਖਾਈ ਦੇਣ 'ਤੇ ਬਿਨਾਂ ਦੇਰੀ ਕੀਤੇ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।

ਦਿਲ ਦੀ ਸਥਿਤੀ ਨੂੰ ਸਮਝਣ ਲਈ ਕੁਝ ਬੁਨਿਆਦੀ ਅਤੇ ਵਿਸ਼ੇਸ਼ ਟੈਸਟ ਬਹੁਤ ਮਹੱਤਵਪੂਰਨ ਹਨ। ਈ.ਸੀ.ਜੀ. ਸਭ ਤੋਂ ਮੁੱਢਲਾ ਟੈਸਟ ਹੈ ਜੋ ਦਿਲ ਦੀ ਬਿਜਲਈ ਗਤੀਵਿਧੀ ਨੂੰ ਮਾਪ ਕੇ ਧੜਕਣ ਦੀ ਰਫ਼ਤਾਰ ਅਤੇ ਸੰਭਾਵਿਤ ਦੌਰੇ ਬਾਰੇ ਦੱਸਦਾ ਹੈ। ਖ਼ੂਨ ਦੀ ਜਾਂਚ ਰਾਹੀ ਕੀਤਾ ਜਾਣ ਵਾਲਾ ਕੋਲੈਸਟ੍ਰੋਲ ਟੈਸਟ ਸਰੀਰ ਵਿੱਚ 'ਚੰਗੇ' ਅਤੇ 'ਮਾੜੇ' ਕੋਲੈਸਟ੍ਰੋਲ ਦੀ ਮਾਤਰਾ ਨੂੰ ਦਰਸਾਉਂਦਾ ਹੈ। ਈਕੋ ਦਿਲ ਦਾ ਇੱਕ ਕਿਸਮ ਦਾ ਅਲਟਰਾਸਾਊਂਡ ਹੈ, ਜਿਸ ਰਾਹੀ ਡਾਕਟਰ ਦਿਲ ਦੇ ਵਾਲਵ, ਪੰਪ ਕਰਨ ਦੀ ਸਮਰੱਥਾ ਅਤੇ ਚੈਂਬਰਾਂ ਦੀ ਬਣਤਰ ਦੇਖ ਸਕਦੇ ਹਨ। ਜਦੋਂ ਇਹ ਦੇਖਣਾ ਹੋਵੇ ਕਿ ਕਸਰਤ ਦੌਰਾਨ ਦਿਲ ਕਿਵੇਂ ਕੰਮ ਕਰਦਾ ਹੈ, ਤਾਂ ਟੀ.ਐਮ.ਟੀ. ਜਾਂ 'ਸਟ੍ਰੈੱਸ ਟੈਸਟ' ਕੀਤਾ ਜਾਂਦਾ ਹੈ, ਜਿਸ ਵਿੱਚ ਮਰੀਜ਼ ਨੂੰ ਟ੍ਰੈਡਮਿਲ 'ਤੇ ਚਲਾਇਆ ਜਾਂਦਾ ਹੈ। ਅੰਤ ਵਿੱਚ, ਜੇਕਰ ਨਾੜੀਆਂ ਵਿੱਚ ਰੁਕਾਵਟ ਦਾ ਸ਼ੱਕ ਹੋਵੇ, ਤਾਂ ਐਂਜੀਓਗ੍ਰਾਫੀ ਕੀਤੀ ਜਾਂਦੀ ਹੈ, ਜੋ ਬਲਾਕੇਜ ਦੀ ਸਹੀ ਜਗ੍ਹਾ ਅਤੇ ਮਾਤਰਾ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰਦੀ ਹੈ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਹਰ ਦਿਲ ਦੇ ਮਰੀਜ਼ ਨੂੰ ਤੁਰੰਤ ਆਪ੍ਰੇਸ਼ਨ ਦੀ ਲੋੜ ਨਹੀ ਹੁੰਦੀ; ਸ਼ੁਰੂਆਤੀ ਪੜਾਅ 'ਤੇ ਸਹੀ ਦਵਾਈਆਂ ਅਤੇ ਖ਼ੁਰਾਕ ਵਿੱਚ ਬਦਲਾਅ ਕਰਕੇ ਸਥਿਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਿਆ ਜਾ ਸਕਦਾ ਹੈ। ਹਾਲਾਂਕਿ, ਜਦੋਂ ਐਂਜੀਓਗ੍ਰਾਫੀ ਟੈਸਟ ਵਿੱਚ ਨਾੜੀਆਂ ਦੀ ਬਲਾਕੇਜ 70% ਤੋਂ 90% ਤੱਕ ਪਾਈ ਜਾਂਦੀ ਹੈ ਅਤੇ ਮਰੀਜ਼ ਨੂੰ ਲਗਾਤਾਰ ਛਾਤੀ ਵਿੱਚ ਦਰਦ ਜਾਂ ਸਾਹ ਲੈਣ ਵਿੱਚ ਗੰਭੀਰ ਤਕਲੀਫ ਹੁੰਦੀ ਹੈ, ਤਾਂ ਡਾਕਟਰੀ ਦਖਲਅੰਦਾਜ਼ੀ ਲਾਜ਼ਮੀ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ 'ਐਂਜੀਓਪਲਾਸਟੀ' ਰਾਹੀ ਇੱਕ ਛੋਟਾ ਜਿਹਾ ਸਟੰਟ ਪਾ ਕੇ ਬੰਦ ਨਾੜੀ ਨੂੰ ਖੋਲ੍ਹਿਆ ਜਾਂਦਾ ਹੈ। ਪਰ ਜੇਕਰ ਬਲਾਕੇਜ ਬਹੁਤ ਸਾਰੀਆਂ ਥਾਵਾਂ 'ਤੇ ਹੋਵੇ ਜਾਂ ਸਟੰਟ ਪਾਉਣਾ ਸੰਭਵ ਨਾ ਹੋਵੇ, ਤਾਂ 'ਬਾਈਪਾਸ ਸਰਜਰੀ' ਕੀਤੀ ਜਾਂਦੀ ਹੈ, ਜਿਸ ਰਾਹੀ ਖ਼ੂਨ ਦੇ ਸੁਭਾਵਿਕ ਵਹਾਅ ਲਈ ਇੱਕ ਨਵਾਂ ਅਤੇ ਸਾਫ਼ ਰਸਤਾ ਬਣਾਇਆ ਜਾਂਦਾ ਹੈ।

ਡਾਕਟਰੀ ਪੇਸ਼ਾ ਕੋਈ ਸਧਾਰਨ ਕਾਰੋਬਾਰ ਨਹੀ, ਸਗੋਂ ਮਨੁੱਖੀ ਜੀਵਨ ਅਤੇ ਮੌਤ ਨਾਲ ਜੁੜਿਆ ਇੱਕ ਪਵਿੱਤਰ ਅਹਿਦ ਹੈ। ਇੱਕ ਬਚਾਈ ਹੋਈ ਜਾਨ ਦੀ ਕੀਮਤ ਅਤੇ ਮਰੀਜ਼ ਦੀ ਨਿਰਛਲ ਦੁਆ ਦੁਨੀਆ ਦੇ ਕਿਸੇ ਵੀ ਸਰਮਾਏ ਤੋਂ ਕਿਤੇ ਵੱਧ ਹੁੰਦੀ ਹੈ। ਅਜੋਕੇ ਸਮੇਂ ਵਿੱਚ ਮਰੀਜ਼ਾਂ ਲਈ ਵੀ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ। 'ਪੇਸ਼ੈਂਟ ਸੇਫਟੀ ਐਂਡ ਐਕਸੈਸ ਇਨੀਸ਼ੀਏਟਿਵ ਆਫ਼ ਇੰਡੀਆ' ਵਰਗੀਆਂ ਸੰਸਥਾਵਾਂ ਅਜਿਹੇ ਮਾਮਲਿਆਂ ਵਿੱਚ ਮਰੀਜ਼ਾਂ ਦੀ ਅਗਵਾਈ ਕਰ ਸਕਦੀਆਂ ਹਨ। ਕਿਸੇ ਵੀ ਵੱਡੇ ਆਪ੍ਰੇਸ਼ਨ ਲਈ ਸਹਿਮਤੀ ਦੇਣ ਤੋਂ ਪਹਿਲਾਂ ਡਾਕਟਰ ਨੂੰ ਸਪੱਸ਼ਟ ਰੂਪ ਵਿੱਚ "ਦੂਜੀ ਰਾਏ" ਲੈਣ ਬਾਰੇ ਦੱਸਣਾ ਅਕਸਰ ਧੋਖਾ ਕਰਨ ਵਾਲੇ ਹਸਪਤਾਲਾਂ ਨੂੰ ਸਾਵਧਾਨ ਕਰ ਦਿੰਦਾ ਹੈ ਅਤੇ ਤੁਹਾਨੂੰ ਬੇਲੋੜੀ ਸਰਜਰੀ ਤੋਂ ਬਚਾ ਸਕਦਾ ਹੈ। ਅੰਤ ਵਿੱਚ, ਇੱਕ ਜਾਗਰੂਕ ਮਰੀਜ਼ ਅਤੇ ਨੈਤਿਕ ਕਦਰਾਂ-ਕੀਮਤਾਂ ਵਾਲਾ ਡਾਕਟਰ ਹੀ ਇੱਕ ਸਿਹਤਮੰਦ ਸਮਾਜ ਦੀ ਨੀਂਹ ਰੱਖ ਸਕਦੇ ਹਨ।

# ਮਹਾਰਾਜਾ ਰਣਜੀਤ ਸਿੰਘ ਨੇ ਪੇਸ਼ਾਵਰ ਕਿਵੇਂ ਜਿੱਤਿਆ, ਜਿਸ ਤੋਂ ਬਾਅਦ ਅਫ਼ਗਾਨਾਂ ਦੇ ਹਮਲੇ ਬੰਦ ਹੋ ਗਏ

ਵਕਾਰ ਮੁਸਤਫ਼ਾ

**ਮਾਰਚ** 1823 ਵਿੱਚ ਬਸੰਤ ਦੇ ਮੌਸਮ ਦੀਆਂ ਬਾਰਸ਼ਾਂ ਦੇਰ ਨਾਲ ਹੋਈਆਂ ਅਤੇ ਸਿੰਧੂ ਦਰਿਆ ਵਿੱਚ ਪਾਣੀ ਦਾ ਪੱਧਰ ਘੱਟ ਹੋ ਗਿਆ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਹੁੰਡ ਪਿੰਡ ਦੇ ਨੇੜੇ ਉਸੇ ਇਤਿਹਾਸਕ ਘਾਟ ਤੋਂ ਦਰਿਆ ਪਾਰ ਕਰਨ ਦਾ ਫ਼ੈਸਲਾ ਕੀਤਾ, ਜਿਥੋਂ ਉਨ੍ਹਾਂ ਤੋਂ ਪਹਿਲਾਂ ਕਈ ਜਿੱਤਣ ਵਾਲੇ ਹਾਕਮ ਲੰਘ ਚੁੱਕੇ ਸਨ। ਓਲਾਫ਼ ਕਾਰੋ ਨੇ ਆਪਣੀ ਕਿਤਾਬ 'ਦਿ ਪਠਾਨਜ਼' ਵਿੱਚ ਲਿਖਿਆ ਹੈ ਕਿ 18ਵੀਂ ਸਦੀ ਦੇ ਮੱਧ ਤੋਂ ਰਾਜ ਕਰ ਰਹੇ ਦੁਰਾਨੀ ਅਫ਼ਗਾਨਾਂ ਨੇ 1818 ਵਿੱਚ ਮੁਲਤਾਨ ਅਤੇ ਅਗਲੇ ਸਾਲ ਕਸ਼ਮੀਰ ਦੇ ਨਾਲ ਹੀ ਸਿੰਧੂ ਦਰਿਆ ਦੇ ਪੂਰਬ ਵਾਲੇ ਹਿੱਸੇ ਉੱਤੇ ਆਪਣਾ ਸਾਰਾ ਕਬਜ਼ਾ ਗੁਆ ਦਿੱਤਾ ਸੀ। ਲਾਹੌਰ ਤੋਂ ਰਾਜ ਕਰਨ ਵਾਲੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੇ ਦਰਿਆ ਦੇ ਅਫ਼ਗ਼ਾਨਿਸਤਾਨ ਵਾਲੇ ਹਿੱਸੇ ਉੱਤੇ ਮਜ਼ਬੂਤ ਪਕੜ ਬਣਾ ਲਈ ਸੀ। ਅਗਲੇ ਦੋ ਸਾਲਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਲਈ। ਉਨ੍ਹਾਂ ਨੇ ਡੇਰਾ ਗਾਜ਼ੀ ਖ਼ਾਨ ਅਤੇ ਡੇਰਾ ਇਸਮਾਇਲ ਖ਼ਾਨ ਨੂੰ ਵੀ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ ਅਤੇ ਹਸਨ ਅਬਦਾਲ ਦੇ ਉੱਤਰ ਵਿੱਚ ਸਥਿਤ ਹਜਾਰਾ ਕਬੀਲਿਆਂ ਨੂੰ ਆਪਣੇ ਅਧੀਨ ਕਰ ਲਿਆ, ਜੋ ਕਸ਼ਮੀਰ ਜਾਣ ਵਾਲੇ ਰਸਤਿਆਂ ਵਿੱਚੋਂ ਇੱਕ ਉੱਤੇ ਕਬਜ਼ਾ ਕਰ ਕੇ ਬੈਠੇ ਸਨ। ਦੁਰਾਨੀ ਸੱਤਾ ਲਈ ਇਸ ਚੁਣੌਤੀ ਦਾ ਜਵਾਬ ਦੇਣਾ ਜ਼ਰੂਰੀ ਸੀ। ਓਲਾਫ਼ ਕਾਰੋ ਦੇ ਅਨੁਸਾਰ, 1822 ਵਿੱਚ ਅਫ਼ਗ਼ਾਨ ਗਵਰਨਰ ਅਜ਼ੀਮ ਖ਼ਾਨ ਬਰਾਕਜ਼ਈ ਭਗੌੜੇ ਸਿੱਖ ਸਰਦਾਰ ਜੈ ਸਿੰਘ ਅਟਾਰੀਵਾਲਾ ਨਾਲ ਖੈਰਾਬਾਦ ਉੱਤੇ ਹਮਲਾ ਕਰਨ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਸਿੰਧੂ ਦਰਿਆ ਦੇ ਪਾਰ ਧੱਕਣ ਲਈ ਪੇਸ਼ਾਵਰ ਆਏ ਸਨ, ਪਰ ਅੰਦਰੂਨੀ ਸਮੱਸਿਆਵਾਂ ਕਾਰਨ ਮੁਹਿੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਵਾਪਸ ਮੁੜਨਾ ਪਿਆ।

## ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਚੜ੍ਹਾਈ ਕੀਤੀ

ਕਾਰੋ ਨੇ ਲਿਖਿਆ ਹੈ, "ਮਹਾਰਾਜਾ ਰਣਜੀਤ ਸਿੰਘ ਨੇ ਅਜ਼ੀਮ ਖ਼ਾਨ ਯਾਰ ਮੁਹੰਮਦ ਖ਼ਾਨ ਤੋਂ ਟੈਕਸ ਦੀ ਮੰਗ ਕੀਤੀ। ਯਾਰ ਮੁਹੰਮਦ ਨੇ ਉਨ੍ਹਾਂ ਨੂੰ ਬੇਸ਼ਕੀਮਤੀ ਘੋੜੇ ਭੇਟ ਕਰਕੇ ਉਨ੍ਹਾਂ ਦੀ ਨਾਰਾਜ਼ਗੀ ਨੂੰ ਫ਼ਿਲਹਾਲ ਲਈ ਟਾਲ ਦਿੱਤਾ।" "ਬਾਅਦ ਵਿੱਚ, ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਅਜ਼ੀਮ ਖ਼ਾਨ ਪੇਸ਼ਾਵਰ ਵਾਪਸ ਆ ਰਹੇ ਹਨ, ਜਦਕਿ ਯਾਰ ਮੁਹੰਮਦ ਨੇ ਮਹਾਰਾਜਾ ਦੇ ਗੁੱਸੇ ਤੋਂ ਬਚਣ ਲਈ ਸਵਾਤ ਵਿੱਚ ਯੂਸੁਫ਼ਜ਼ਈ ਲੋਕਾਂ ਕੋਲ ਸ਼ਰਨ ਲੈ ਲਈ ਹੈ।" ਇਸ ਉੱਤੇ ਮਹਾਰਾਜਾ ਰਣਜੀਤ ਸਿੰਘ ਨੇ ਮਾਰਚ 1823 ਵਿੱਚ ਅਜ਼ੀਮ ਖ਼ਾਨ ਦੇ ਖ਼ਿਲਾਫ਼ ਫਿਰ ਤੋਂ ਚੜ੍ਹਾਈ ਕਰ ਦਿੱਤੀ। ਕਾਰੋ ਲਿਖਦੇ ਹਨ ਕਿ ਕਬਾਇਲੀ ਸਮੂਹ ਸਿੰਧੂ ਦਰਿਆ ਦੇ ਯੂਸੁਫ਼ਜ਼ਈ ਕੰਢੇ ਉੱਤੇ ਇਕੱਠੇ ਹੋਏ ਅਤੇ ਸਿੱਖ ਘੁੜਸਵਾਰਾਂ ਨੂੰ ਚੁਣੌਤੀ ਦਿੰਦਿਆਂ ਨਾਰੇ ਲਗਾਏ। ਇਹ ਸੁਣ ਕੇ ਸਿੱਖ ਸੈਨਿਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਆਪਣੇ ਘੋੜਿਆਂ ਨੂੰ ਦਰਿਆ ਵਿੱਚ ਉਤਾਰ ਦਿੱਤਾ। ਉਹ ਅੱਧਾ ਤੈਰਦੇ ਅਤੇ ਅੱਧਾ ਤੁਰਦੇ ਹੋਏ ਦਰਿਆ ਪਾਰ ਕਰ ਗਏ, ਹਾਲਾਂਕਿ ਕਈ ਸੈਨਿਕ ਅਤੇ ਜਾਨਵਰ ਤੇਜ਼ ਵਹਾਅ ਵਿੱਚ ਰੜ੍ਹ ਗਏ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਆਪਣੀ ਮੁੱਖ ਫ਼ੌਜ ਨਾਲ ਸੰਗਠਿਤ ਢੰਗ ਨਾਲ ਅੱਗੇ ਵਧੇ। ਉਨ੍ਹਾਂ ਨੇ ਬੇੜੀਆਂ ਇਕੱਠੀਆਂ ਕੀਤੀਆਂ ਅਤੇ ਤੋਪਾਂ ਨੂੰ ਹਾਥੀਆਂ ਰਾਹੀ ਦਰਿਆ ਪਾਰ ਕਰਵਾਇਆ। ਇਸੇ ਦੌਰਾਨ ਯੂਸੁਫ਼ਜ਼ਈ ਅਤੇ ਖੱਟਕ ਸੈਨਾਵਾਂ ਵੀ ਲਗਭਗ ਵੀਹ ਹਜ਼ਾਰ ਦੀ ਗਿਣਤੀ ਵਿੱਚ ਇਕੱਠੀਆਂ ਹੋ ਗਈਆਂ। ਉਨ੍ਹਾਂ ਦੀ ਅਗਵਾਈ ਸਈਦ ਅਕਬਰ ਸ਼ਾਹ ਕਰ ਰਹੇ ਸਨ, ਜੋ ਬੁਨੈਰ ਵਿੱਚ ਪੀਰ ਬਾਬਾ ਦੇ ਵੰਸ਼ਜ ਸਨ।

## ਇਤਿਹਾਸਕ ਜੰਗ

ਕਾਰੋ ਲਿਖਦੇ ਹਨ ਕਿ ਅਜ਼ੀਮ ਖ਼ਾਨ ਬਰਾਕਜ਼ਈ ਕਾਬੁਲ ਤੋਂ ਆਪਣੇ ਸੈਨਿਕਾਂ ਨਾਲ ਪੇਸ਼ਾਵਰ ਤੋਂ ਮੁੱਖ ਸੜਕ ਰਾਹੀ ਅੱਗੇ ਵਧੇ ਸਨ। ਪਰ ਦਰਿਆ ਪਾਰ ਕਰਨ ਦੀ ਬਜਾਏ ਉਨ੍ਹਾਂ ਨੇ ਮੁੱਖ ਸੜਕ ਉੱਤੇ ਲਗਭਗ ਪੰਜ ਕਿਲੋਮੀਟਰ ਪੂਰਬ ਵਿੱਚ ਉਸ ਥਾਂ ਡੇਰਾ ਲਾਇਆ ਜੋ ਹੁਣ ਨੌਸ਼ੇਰਾ ਛਾਉਣੀ ਹੈ। "ਇਸ ਲੜਾਈ ਦਾ ਨਾਮ ਮੌਜੂਦਾ ਨੌਸ਼ੇਰਾ ਛਾਉਣੀ ਦੇ ਨਾਮ ਉੱਤੇ ਨਹੀ ਰੱਖਿਆ ਗਿਆ ਸੀ, ਕਿਉਂਕਿ ਉਸ ਵੇਲੇ ਉੱਥੇ ਕੋਈ ਛਾਉਣੀ ਨਹੀ ਸੀ, ਸਗੋਂ ਲਾਂਦਈ ਦਰਿਆ ਦੇ ਉੱਤਰੀ ਕੰਢੇ ਉੱਤੇ ਸਥਿਤ ਨੌਖਰ ਨਾਮ ਦੇ ਪ੍ਰਾਚੀਨ ਪਿੰਡ ਜਾਂ ਕਸਬੇ ਦੇ ਨਾਮ ਉੱਤੇ ਰੱਖਿਆ ਗਿਆ ਸੀ। ਕਿਉਂਕਿ ਇਸ ਲੜਾਈ ਦੀ ਸਭ ਤੋਂ ਭਿਆਨਕ ਝੜਪ ਪੀਰ ਸਾਬ ਦੀ ਪਹਾੜੀ ਦੇ ਆਲੇ ਦੁਆਲੇ ਹੋਈ ਸੀ, ਇਸ ਲਈ ਇਸ ਨੂੰ ਕਈ ਵਾਰ ਉਸ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ।" ਅਲੈਕਜ਼ੈਂਡਰ ਗਾਰਡਨਰ ਨੇ ਆਪਣੀ ਕਿਤਾਬ 'ਸੋਲਜਰ ਐਂਡ ਟ੍ਰੈਵਲਰ: ਮੈਮੋਇਰਜ਼ ਆਫ਼ ਅਲੈਕਜ਼ੈਂਡਰ ਗਾਰਡਨਰ, ਕਰਨਲ ਆਫ਼ ਆਰਟਿਲਰੀ ਇਨ ਦਿ ਸਰਵਿਸ ਆਫ਼ ਮਹਾਰਾਜਾ ਰਣਜੀਤ ਸਿੰਘ' ਵਿੱਚ ਲਿਖਿਆ ਹੈ ਕਿ ਭਾਰੀ ਹਮਲਿਆਂ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਸਿੰਧੂ ਦਰਿਆ ਪਾਰ ਕਰਨ ਵਿੱਚ ਕਾਮਯਾਬ ਰਹੀ। ਇਸ ਤੋਂ ਬਾਅਦ ਕਬਾਇਲੀ ਫ਼ੌਜ ਪੀਰ ਸਾਬ ਪਹਾੜੀ ਉੱਤੇ ਪਿੱਛੇ ਹਟ ਗਈ, ਜਿੱਥੇ ਉਸ ਨੇ ਆਪਣੀ ਤਾਕਤ ਇਕੱਠੀ ਕੀਤੀ। ਉਸ ਨੂੰ ਉਮੀਦ ਸੀ ਕਿ ਅਜ਼ੀਮ ਖ਼ਾਨ ਦੀ ਦੁਰਾਨੀ ਫ਼ੌਜ ਅਤੇ ਤੋਪਖਾਨਾ ਮਦਦ ਲਈ ਪਹੁੰਚੇਗਾ। ਪਰ ਅਣਜਾਣ ਕਾਰਨਾਂ ਕਰਕੇ ਅਜ਼ੀਮ ਖ਼ਾਨ ਨੇ ਤੁਰੰਤ ਕਾਬੁਲ ਦਰਿਆ ਪਾਰ ਕਰਕੇ ਕਬੀਲੇ ਦੇ ਲੋਕਾਂ ਨਾਲ ਮਿਲਣ ਦੀ ਕੋਸ਼ਿਸ਼ ਨਹੀ ਕੀਤੀ। ਉਹ ਅੱਗੇ ਲਿਖਦੇ ਹਨ ਕਿ "ਮਹਾਰਾਜਾ ਰਣਜੀਤ ਸਿੰਘ ਨੇ ਆਪਣੀਆਂ ਤੋਪਾਂ ਅਤੇ ਪੈਦਲ ਫ਼ੌਜ ਨੂੰ ਕਬਾਇਲੀ ਫ਼ੌਜ ਦੇ ਖ਼ਿਲਾਫ਼ ਕੇਂਦਰਿਤ ਕੀਤਾ ਅਤੇ ਇੱਕ ਛੋਟੀ ਟੁਕੜੀ ਨੂੰ ਦਰਿਆ ਦੇ ਸੱਜੇ (ਦੱਖਣੀ) ਕੰਢੇ ਉੱਤੇ ਅਜ਼ੀਮ ਖ਼ਾਨ ਨੂੰ ਰੋਕਣ ਲਈ ਭੇਜਿਆ।"

## ਜਦੋਂ ਮਹਾਰਾਜਾ ਰਣਜੀਤ ਸਿੰਘ ਖ਼ੁਦ ਮੈਦਾਨ ਵਿੱਚ ਉਤਰੇ

ਕਾਰੋ ਲਿਖਦੇ ਹਨ ਕਿ ਕਬਾਇਲੀਆਂ ਅਤੇ ਸਿੱਖ ਅਕਾਲੀਆਂ ਵਿਚਕਾਰ ਭਿਆਨਕ ਆਹਮੋ-ਸਾਹਮਣੇ ਦੀ ਲੜਾਈ ਨਾਲ ਸ਼ੁਰੂਆਤ ਹੋਈ। ਅੰਮ੍ਰਿਤਸਰ ਦੇ ਧਾਰਮਿਕ ਸਮੂਹ ਦੇ ਆਗੂ ਫੂਲਾ ਸਿੰਘ ਮਾਰੇ ਗਏ ਅਤੇ ਸਿੱਖ ਘੁੜਸਵਾਰ ਫ਼ੌਜ ਕਬਾਇਲੀ ਪੈਦਲ ਫ਼ੌਜ ਉੱਤੇ ਵੱਧ ਅਸਰ ਨਹੀ ਪਾ ਸਕੀ, ਕਿਉਂਕਿ ਉਹ ਮੈਦਾਨ ਵਿੱਚ ਵਿਖਰੇ ਹੋਏ ਪੱਥਰੀਲੇ ਟੀਲਿਆਂ ਵਿਚਕਾਰ ਚੰਗੀ ਤਰ੍ਹਾਂ ਤੈਨਾਤ ਸਨ।





"ਲੜਾਈ ਦਾ ਰੁਖ਼ ਸਿੱਖਾਂ ਦੇ ਖ਼ਿਲਾਫ਼ ਮੁੜਨ ਲੱਗਾ। ਯੂਸੁਫ਼ਜ਼ਈ ਅਤੇ ਉਨ੍ਹਾਂ ਦੇ ਲੜਾਕਿਆਂ ਦੇ ਸਮੂਹਾਂ ਨੇ ਅਸਾਧਾਰਨ ਬਹਾਦਰੀ ਦਿਖਾਉਂਦਿਆਂ ਸਿਖਲਾਈ ਲਏ ਸਿੱਖ ਪੈਦਲ ਫ਼ੌਜ ਨੂੰ ਪਿੱਛੇ ਧੱਕ ਦਿੱਤਾ।" ਉਹ ਲਿਖਦੇ ਹਨ ਕਿ "ਕਬਾਇਲੀ ਫ਼ੌਜ ਨੇ ਜੋਸ਼ ਨਾਲ ਅੱਗੇ ਵਧਣਾ ਸ਼ੁਰੂ ਕੀਤਾ, ਪਰ ਮਹਾਰਾਜਾ ਦੀ ਫ਼ੌਜ ਦੀ ਗੋਰਖਾ ਬਟਾਲੀਅਨ ਨੇ ਉਨ੍ਹਾਂ ਨੂੰ ਇੱਕ ਪਾਸੇ ਰੋਕ ਦਿੱਤਾ। ਇਸ ਬਟਾਲੀਅਨ ਨੇ ਸਕਵਾਇਰ ਫ਼ਾਰਮੇਸ਼ਨ ਬਣਾ ਕੇ ਅੱਗੇ ਵਧ ਰਹੇ ਕਬਾਇਲੀ ਸਮੂਹਾਂ ਉੱਤੇ ਲਗਾਤਾਰ ਗੋਲੀਬਾਰੀ ਕੀਤੀ।"

"ਦੂਜੇ ਪਾਸੇ ਸਿੱਖ ਤੋਪਖਾਨੇ ਨੇ ਵੀ ਦਰਿਆ ਦੇ ਉਸ ਪਾਰ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਗੋਲਾਬਾਰੀ ਕੀਤੀ, ਜਿਸ ਨਾਲ ਕਬਾਇਲੀ ਫ਼ੌਜ ਦਾ ਅੱਗੇ ਵਧਣਾ ਰੁਕ ਗਿਆ।" ਕਬਾਇਲੀ ਲੋਕ ਇਨ੍ਹਾਂ ਪਥਰੀਲੀਆਂ ਪਹਾੜੀਆਂ ਵਿਚਕਾਰ ਪਿੱਛੇ ਹਟ ਗਏ ਅਤੇ ਸਿੱਖਾਂ ਨੇ ਫਿਰ ਤੋਂ ਸੰਗਠਿਤ ਹੋ ਕੇ ਪੀਰ ਸਾਬ ਦੀ ਮਹੱਤਵਪੂਰਨ ਚੋਟੀ ਉੱਤੇ ਕਬਜ਼ਾ ਕਰਨ ਦੇ ਤਿੰਨ ਯਤਨ ਕੀਤੇ, ਪਰ ਹਰ ਵਾਰ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ ਗਿਆ। ਕਾਰੋ ਲਿਖਦੇ ਹਨ ਕਿ "ਚੌਥੀ ਕੋਸ਼ਿਸ਼ ਵਿੱਚ ਪਹਾੜੀ ਉੱਤੇ ਜਿੱਤ ਪ੍ਰਾਪਤ ਹੋਈ ਅਤੇ ਉਹ ਵੀ ਕੇਵਲ ਇਸ ਲਈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਖ਼ੁਦ, ਬਚੇ ਹੋਏ ਗੋਰਖਾ ਸੈਨਿਕਾਂ ਅਤੇ ਆਪਣੇ ਘੁੜਸਵਾਰ ਅੰਗਰੱਖਿਅਕਾਂ ਦੀ ਅਗਵਾਈ ਕਰਦੇ ਹੋਏ ਮੈਦਾਨ ਵਿੱਚ ਉਤਰੇ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ।" ਉਹ ਲਿਖਦੇ ਹਨ ਕਿ ਇਸ ਮੌਕੇ ਉੱਤੇ ਕਬਾਇਲੀਆਂ ਨੂੰ ਹੋਏ ਨੁਕਸਾਨ ਦਾ ਅੰਦਾਜ਼ਾ ਨੌਸ਼ੇਰਾ ਦੇ ਨੇੜੇ ਵਿਸ਼ਾਲ ਕਬਰਿਸਤਾਨਾਂ ਨੂੰ ਦੇਖ ਕੇ ਲਾਇਆ ਜਾ ਸਕਦਾ ਹੈ।

## ਮਹਾਰਾਜਾ ਰਣਜੀਤ ਸਿੰਘ ਦਾ ਪੇਸ਼ਾਵਰ ਉੱਤੇ ਕਬਜ਼ਾ

ਕਾਰੋ ਦੇ ਅਨੁਸਾਰ, ਇਸ ਦੌਰਾਨ ਦਰਿਆ ਦੇ ਦੂਜੇ ਪਾਸੇ ਮੌਜੂਦ ਅਜ਼ੀਮ ਖ਼ਾਨ ਨੇ ਨਾ ਤਾਂ ਦਰਿਆ ਪਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਸਿੱਖ ਤੋਪਖਾਨੇ ਦੇ ਪ੍ਰਭਾਵ ਨੂੰ ਘਟਾਉਣ ਲਈ ਕੋਈ ਠੋਸ ਕਦਮ ਚੁੱਕੇ, ਹਾਲਾਂਕਿ ਉਸ ਦੀ ਫ਼ੌਜ ਦੱਖਣੀ ਕੰਢੇ ਉੱਤੇ ਸੀ। ਉਸੇ ਸ਼ਾਮ ਅਜ਼ੀਮ ਖ਼ਾਨ ਪਿੱਛੇ ਹਟ ਗਏ। ਉਹ ਜੰਗ ਵਿੱਚ ਮੁਸ਼ਕਲ ਨਾਲ ਹੀ ਸ਼ਾਮਲ ਹੋਏ ਅਤੇ ਇਸ ਗੱਲ ਦਾ ਕੋਈ ਠੋਸ ਸਪਸ਼ਟੀਕਰਨ ਨਹੀ ਦਿੱਤਾ ਗਿਆ ਹੈ। ਜੋਨਾਥਨ ਐਲ ਲੀ ਆਪਣੀ ਕਿਤਾਬ 'ਅਫ਼ਗ਼ਾਨਿਸਤਾਨ: 1260 ਤੋਂ ਮੌਜੂਦਾ ਸਮੇਂ ਤੱਕ ਦਾ ਇਤਿਹਾਸ' ਵਿੱਚ ਲਿਖਦੇ ਹਨ ਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਅਜ਼ੀਮ ਖ਼ਾਨ ਨੂੰ ਯਕੀਨ ਸੀ ਕਿ ਉਨ੍ਹਾਂ ਦਾ ਭਰਾ ਸਿੱਖਾਂ ਦੇ ਕਹਿਣ ਉੱਤੇ ਪੇਸ਼ਾਵਰ ਉੱਤੇ ਦੁਬਾਰਾ ਕਬਜ਼ਾ ਕਰਨ ਆ ਰਿਹਾ ਸੀ, ਜਦਕਿ ਹੋਰ ਲੋਕ ਇਸ ਨੂੰ ਕਾਇਰਤਾ ਜਾਂ ਸਿੱਖ ਹਮਲੇ ਨਾਲ ਘਿਰ ਜਾਣ ਦੇ ਡਰ ਵਜੋਂ ਦੱਸਦੇ ਹਨ। ਕਾਰੋ ਨੇ ਲਿਖਿਆ, "ਨੌਂ ਸਾਲ ਬਾਅਦ ਅਲੈਕਜ਼ੈਂਡਰ ਬਰਨਜ਼ ਨੂੰ ਪੇਸ਼ਾਵਰ ਵਿੱਚ ਦੱਸਿਆ ਗਿਆ ਕਿ ਅਜ਼ੀਮ ਖ਼ਾਨ ਨੂੰ ਆਪਣੇ ਖ਼ਜ਼ਾਨੇ ਦੀ ਲੁੱਟ ਦਾ ਡਰ ਸੀ ਜਾਂ ਫਿਰ ਉੱਤਰੀ ਕੰਢੇ ਉੱਤੇ ਅਕਾਲੀ ਦਲ ਦੇ ਮੈਂਬਰਾਂ ਦੀਆਂ ਚੀਖਾਂ ਨਾਲ ਉਨ੍ਹਾਂ ਦੇ ਸੈਨਿਕ ਚੌਕਸ ਹੋ ਗਏ ਸਨ। ਉਨ੍ਹਾਂ ਨੇ ਇਨ੍ਹਾਂ ਚੀਖਾਂ ਨੂੰ ਨਵੀਂ ਫ਼ੌਜ ਦਾ ਹਮਲਾ ਸਮਝਿਆ।"

ਅਜ਼ੀਮ ਖ਼ਾਨ ਜੰਗ ਤੋਂ ਕੁਝ ਹੀ ਸਮੇਂ ਬਾਅਦ ਪਰ ਬਿਨਾਂ ਕਿਸੇ ਸੱਟ ਦੇ ਮਰ ਗਏ। ਕਾਰੋ ਲਿਖਦੇ ਹਨ ਕਿ ਇਸ ਮੌਤ ਨਾਲ ਹੀ ਵੀਹ ਜ਼ਿੰਦਾ ਭਰਾਵਾਂ ਵਿਚਕਾਰ ਬਚੀ ਹੋਈ ਏਕਤਾ ਦੀ ਆਖ਼ਰੀ ਡੋਰ ਵੀ ਟੁੱਟ ਗਈ। ਅਜ਼ੀਮ ਦੇ ਸੌਤੇਲੇ ਭਰਾ ਯਾਰ ਮੁਹੰਮਦ ਨੇ ਕਾਬੁਲ ਵਿੱਚ ਅਜ਼ੀਮ ਦੀ ਥਾਂ ਲਈ ਅਤੇ ਬਾਅਦ ਵਿੱਚ 1826 ਵਿੱਚ ਅਫ਼ਗ਼ਾਨਿਸਤਾਨ ਦੇ ਸ਼ਾਸਕ ਬਣੇ ਅਤੇ ਪੇਸ਼ਾਵਰ ਦੇ ਸ਼ਾਸਕ ਵੀ ਬਣੇ। ਅਲੈਕਜ਼ੈਂਡਰ ਗਾਰਡਨਰ ਆਪਣੀ ਕਿਤਾਬ 'ਸੋਲਜਰ ਐਂਡ ਟ੍ਰੈਵਲਰ: ਮੈਮੋਇਰਜ਼ ਆਫ਼ ਅਲੈਕਜ਼ੈਂਡਰ ਗਾਰਡਨਰ, ਕਰਨਲ ਆਫ਼ ਆਰਟਿਲਰੀ ਇਨ ਦਿ ਸਰਵਿਸ ਆਫ਼ ਮਹਾਰਾਜਾ ਰਣਜੀਤ ਸਿੰਘ' ਵਿੱਚ ਲਿਖਦੇ ਹਨ ਕਿ "ਮਹਾਰਾਜਾ ਰਣਜੀਤ ਸਿੰਘ ਨੇ ਦੁਰਾਨੀ ਸੱਤਾ ਦੇ ਬਚੇ-ਖੁਚੇ ਅਵਸ਼ੇਸ਼ਾਂ ਨੂੰ ਨਸ਼ਟ ਕਰਦਿਆਂ ਪੇਸ਼ਾਵਰ ਨੂੰ ਤਬਾਹ ਕਰ ਦਿੱਤਾ ਅਤੇ ਖ਼ੈਬਰ ਦਰਰੇ ਉੱਤੇ ਵੀ ਕਬਜ਼ਾ ਕਰ ਲਿਆ ਤਾਂ ਜੋ ਉਸ ਰਸਤੇ ਤੋਂ ਦੁਰਾਨੀ ਫ਼ੌਜ ਦੀ ਕੋਈ ਮਦਦ ਨਾ ਆ ਸਕੇ।" ਕਾਰੋ ਲਿਖਦੇ ਹਨ ਕਿ ਬਾਲਾ ਹਿਸਾਰ ਦੇ ਕਿਲੇ ਉੱਤੇ ਗੋਲਾਬਾਰੀ ਹੋਈ ਅਤੇ ਉਸ ਦੇ ਅੰਦਰ ਮੌਜੂਦ ਖ਼ੂਬਸੂਰਤ ਮਹਿਲ ਨੂੰ ਲੁੱਟ ਲਿਆ ਗਿਆ। ਕਿਲੇ ਦੇ ਹੇਠਾਂ ਸਥਿਤ ਬਾਗ਼ ਵਿੱਚ ਲੱਗੇ ਦਰੱਖਤਾਂ ਨੂੰ ਕੱਟ ਦਿੱਤਾ ਗਿਆ ਅਤੇ ਕੁੰਡਾਂ ਦਾ ਪਾਣੀ ਗੰਦਾ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਘੁੜਸਵਾਰ ਫ਼ੌਜ ਨੇ ਪੇਸ਼ਾਵਰ ਦੇ ਚਾਰੋਂ ਪਾਸੇ ਮੀਲਾਂ ਤੱਕ ਫੈਲੇ ਬੁਖ਼ਾਰਾ ਬੇਰ, ਆੜੂ, ਖ਼ੁਬਾਨੀ ਅਤੇ ਨਾਸ਼ਪਾਤੀ ਦੇ ਸ਼ਾਨਦਾਰ ਬਾਗ਼ਾਂ ਨੂੰ ਨਸ਼ਟ ਕਰ ਦਿੱਤਾ।

## ਅੰਗਰੇਜ਼ਾਂ ਦਾ ਆਗਮਨ

ਹਾਲਾਂਕਿ ਵੀ. ਨਲਵਾ ਨੇ ਆਪਣੀ ਕਿਤਾਬ 'ਹਰੀ ਸਿੰਘ ਨਲਵਾ' ਵਿੱਚ ਲਿਖਿਆ ਹੈ ਕਿ ਸਿੱਖ ਫ਼ੌਜ ਦੇ ਕਮਾਂਡਰ ਹਰੀ ਸਿੰਘ ਨਲਵਾ ਨੇ ਜਲਦੀ ਹੀ ਇਸ ਕਿਲੇ ਦਾ ਦੁਬਾਰਾ ਨਿਰਮਾਣ ਸ਼ੁਰੂ ਕਰ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਇਹ ਜਿੱਤ ਉਨ੍ਹਾਂ ਦੀਆਂ ਜਿੱਤਾਂ ਦੀ ਸਿਖ਼ਰ ਸਾਬਤ ਹੋਈ। ਉਨ੍ਹਾਂ ਦਾ ਸਮਰਾਜ ਹੁਣ ਪੱਛਮ ਵਿੱਚ ਖ਼ੈਬਰ ਦਰਰੇ ਤੋਂ ਲੈ ਕੇ ਉੱਤਰ ਵਿੱਚ ਕਸ਼ਮੀਰ ਅਤੇ ਦੱਖਣ ਵਿੱਚ ਮੁਲਤਾਨ ਤੱਕ ਫੈਲ ਗਿਆ ਸੀ। ਕਾਰੋ ਦੇ ਅਨੁਸਾਰ, ਮਹਾਰਾਜਾ ਰਣਜੀਤ ਸਿੰਘ ਉੱਥੇ ਜ਼ਿਆਦਾ ਦੇਰ ਨਹੀ ਰਹੇ। ਉਨ੍ਹਾਂ ਨੇ ਯਾਰ ਮੁਹੰਮਦ ਦੀ ਆਪਣੇ ਪੱਖ ਵਿੱਚ ਕੀਤੀ ਆਤਮਸਮਰਪਣ ਦੀ ਅਰਜ਼ੀ ਕਬੂਲ ਕਰ ਲਈ ਅਤੇ ਦੱਖਣ ਵੱਲ ਵਾਪਸ ਮੁੜ ਗਏ। "ਮਹਾਰਾਜਾ ਰਣਜੀਤ ਸਿੰਘ ਹੁਣ ਪੇਸ਼ਾਵਰ ਦੇ ਨਾਲ-ਨਾਲ ਕੋਹਾਟ, ਬੰਨੂ ਅਤੇ ਡੇਰਾ ਜਾਟ ਨੂੰ ਮਾਮੂਲੀ ਕਬਜ਼ੇ ਵਿੱਚ ਲਿਆਉਣ ਵਿੱਚ ਕਾਮਯਾਬ ਹੋ ਗਏ ਸਨ, ਪਰ ਉਨ੍ਹਾਂ ਦੀਆਂ ਫ਼ੌਜਾਂ ਲਗਾਤਾਰ ਕਬਾਇਲੀਆਂ ਦੇ ਖ਼ਿਲਾਫ਼ ਭਿਆਨਕ ਲੜਾਈਆਂ ਵਿੱਚ ਲੱਗੀਆਂ ਰਹਿੰਦੀਆਂ ਸਨ, ਇੱਥੋਂ ਤੱਕ ਕਿ ਉਹਨਾਂ ਖੇਤਰਾਂ ਵਿੱਚ ਵੀ ਜਿੱਥੇ ਦੁਰਾਨੀ ਗਵਰਨਰਾਂ ਨੇ ਉਨ੍ਹਾਂ ਦੀ ਅਧੀਨਤਾ ਮੰਨ ਲਈ ਸੀ।" ਰਾਜਮੋਹਨ ਗਾਂਧੀ ਦੀ ਕਿਤਾਬ 'ਪਸ਼ਤੂਨਾਂ ਦੇ ਅਹਿੰਸਕ ਰਾਜਾ' ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਤੋਂ ਬਾਅਦ ਉੱਤਰੀ ਭਾਰਤ ਦੇ ਧਾਰਮਿਕ ਨੇਤਾ ਸਈਦ ਅਹਿਮਦ ਆਏ। ਉਹ 1827 ਵਿੱਚ ਪੇਸ਼ਾਵਰ ਪਹੁੰਚੇ। ਉਨ੍ਹਾਂ ਦੇ ਅੰਦੋਲਨ ਦਾ ਕੇਂਦਰ ਚਾਰਸੱਦਾ ਸੀ। ਉਨ੍ਹਾਂ ਦੀ ਕਿਤਾਬ ਵਿੱਚ ਲਿਖਿਆ ਹੈ ਕਿ "ਸਈਦ ਅਹਮਦ ਨੇ ਪੇਸ਼ਾਵਰ ਦੇ ਗਵਰਨਰ ਉੱਤੇ ਉਨ੍ਹਾਂ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਦਾ ਇਲਜ਼ਾਮ ਲਗਾਇਆ ਅਤੇ ਖ਼ੁਦ ਪੇਸ਼ਾਵਰ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਯਾਰ ਮੁਹੰਮਦ ਖ਼ਾਨ ਮਾਰੇ ਗਏ।" "ਜੇ ਫ਼ਰਾਂਸੀਸੀ ਜਨਰਲ ਵੈਂਚੂਰਾ ਦੀ ਅਗਵਾਈ ਵਿੱਚ ਸਿੱਖਾਂ ਦੀ ਟੁਕੜੀ ਉੱਥੇ ਮੌਜੂਦ ਨਾ ਹੁੰਦੀ ਤਾਂ ਯਾਰ ਮੁਹੰਮਦ ਦੇ ਛੋਟੇ ਭਰਾ ਸੁਲਤਾਨ ਮੁਹੰਮਦ ਖ਼ਾਨ ਲਈ ਪੇਸ਼ਾਵਰ ਨੂੰ ਬਚਾਉਣਾ ਸੰਭਵ ਨਹੀ ਹੁੰਦਾ।" ਸਈਦ ਅਹਿਮਦ ਨੇ ਇੱਕ ਵਾਰ ਫਿਰ ਪੇਸ਼ਾਵਰ ਉੱਤੇ ਹਮਲਾ ਕੀਤਾ। ਬਰਾਕਜ਼ਈ ਹਾਰ ਗਏ ਅਤੇ ਸਈਦ ਅਹਿਮਦ ਨੇ 1830 ਦੀਆਂ ਗਰਮੀਆਂ ਦੇ ਅੰਤ ਵਿੱਚ ਦੋ ਮਹੀਨੇ ਤੱਕ ਪੇਸ਼ਾਵਰ ਉੱਤੇ ਕਬਜ਼ਾ ਕਾਇਮ ਰੱਖਿਆ, ਪਰ 1831 ਵਿੱਚ ਬਾਲਾਕੋਟ ਵਿੱਚ ਸਿੱਖਾਂ ਦੇ ਹਮਲੇ ਵਿੱਚ ਉਨ੍ਹਾਂ ਦੀ ਮੌਤ ਹੋ ਗਈ। 1849 ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਸਿੱਖਾਂ ਨੂੰ ਹਰਾ ਦਿੱਤਾ ਅਤੇ ਪੇਸ਼ਾਵਰ ਸਮੇਤ ਪੰਜਾਬ ਉੱਤੇ ਕਬਜ਼ਾ ਕਰ ਲਿਆ, ਜੋ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਵਿੱਚ ਸੀ।


**ਪੰਜਾਬ ਐਂਡ ਸਿਧ ਬੈਂਕ**
(ਭਾਰਤ ਸਰਕਾਰ ਦਾ ਅਦਾਰਾ)

ਸ਼ਾਖਾ ਦਫ਼ਤਰ : ਢੋਲੇਵਾਲ, ਲੁਧਿਆਣਾ

ਮੰਗ ਸੂਚਨਾ

**ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 ਦੇ ਲਾਗੂਕਰਨ ਦੀ ਧਾਰਾ 13 (2) ਦੇ ਤਹਿਤ ਨੋਟਿਸ।**

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਕਰਜ਼ਦਾਰ ਬੈਂਕ ਤੋਂ ਪ੍ਰਾਪਤ ਕ੍ਰੈਡਿਟ ਸਹੂਲਤਾਂ ਦੀ ਅਦਾਇਗੀ ਵਿੱਚ ਡਿਫਾਲਟ ਹੋ ਗਏ ਹਨ ਅਤੇ ਉਕਤ ਸਹੂਲਤਾਂ NPA ਹੋ ਗਈਆਂ ਹਨ। ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਸੁਰੱਖਿਆ ਵਿਆਜ ਐਕਟ, 2002 ਦੀ ਧਾਰਾ 13 (2) ਦੇ ਤਹਿਤ ਨੋਟਿਸ ਕਰਜ਼ਦਾਰ/ਜ਼ਾਮਨ ਨੂੰ ਉਨ੍ਹਾਂ ਦੇ ਆਖਰੀ ਜਾਣੇ ਪਤੇ 'ਤੇ ਰਜਿਸਟਰਡ ਡਾਕ ਰਾਹੀਂ ਜਾਰੀ ਕੀਤਾ ਗਿਆ ਸੀ ਹਾਲਾਂਕਿ ਨੋਟਿਸ ਬਿਨਾਂ ਸੇਵਾ ਕੀਤੇ ਵਾਪਸ ਕਰ ਦਿੱਤੇ ਗਏ ਹਨ ਅਤੇ ਅਧਿਕਾਰਤ ਅਧਿਕਾਰੀ ਕੋਲ ਇਹ ਵਿਸ਼ਵਾਸ ਕਰਨ ਦੇ ਕਾਰਨ ਹਨ ਕਿ ਕਰਜ਼ਦਾਰ/ਜ਼ਾਮਨ ਨੋਟਿਸ ਦੀ ਸੇਵਾ ਤੋਂ ਬਚ ਰਹੇ ਹਨ ਕਿਉਂਕਿ ਉਹਨਾਂ ਨੂੰ ਇਸ ਬਾਰੇ ਜਨਤਕ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਮੈਸਰਜ਼ ਐਮਕੇਐਮ ਐਂਟਰਪ੍ਰਾਈਜ਼ਿਜ਼ (ਕਰਜ਼ਦਾਰ) ਆਪਣੇ ਭਾਈਵਾਲ ਸ਼੍ਰੀ ਲਖਨ ਸ਼ਰਮਾ ਪੁੱਤਰ ਸ਼੍ਰੀ ਆਨੰਦ ਸ਼ਰਮਾ ਰਜਿਸਟਰਡ ਦਫ਼ਤਰ : ਮਕਾਨ ਨੰਬਰ 138, ਗਲੀ ਨੰਬਰ 5, ਗ੍ਰੀਨ ਵੈਲੀ, ਮਾਨ ਪੈਲੇਸ ਦੇ ਨੇੜੇ, ਹੈਬੋਵਾਲ ਕਲਾਂ, ਲੁਧਿਆਣਾ, ਵਰਕਸ ਦਫ਼ਤਰ: ਕਾਕੋਵਾਲ ਰੋਡ, ਟਿੱਬਾ ਰੋਡ, ਲੁਧਿਆਣਾ, | ਜਾਇਦਾਦ/ਜ਼ਮੀਨ ਅਤੇ ਇਮਾਰਤ, 300 ਵਰਗ ਗਜ਼ ਮਾਪਣ ਵਾਲੀ, ਜਿਸ ਵਿੱਚ ਦੁਕਾਨ ਨੰਬਰ 1, 2 ਅਤੇ 3 ਹੈਬੋਵਾਲ ਕਲਾਂ ਲੁਧਿਆਣਾ ਦੇ ਮਾਲੀਆ ਰਾਜ ਦੇ ਅੰਦਰ ਸਥਿਤ ਹੈ, ਜਿਸ ਵਿੱਚ ਵਸੀਕਾ ਨੰਬਰ 18534, 18535 ਅਤੇ 18536 ਮਿਤੀ 24.03.2022 ਨੂੰ ਟ੍ਰਾਂਸਫਰ ਡੀਡ ਦੁਆਰਾ, ਜਾਇਦਾਦ ਦੀ ਹੱਦ ਇਸ ਤਰ੍ਹਾਂ ਹੈ: ਪੂਰਬ: ਰੋਡ-36", ਪੱਛਮ: ਰੋਡ-36", ਉੱਤਰ: ਰੋਡ-75", ਦੱਖਣ: ਰੋਡ-75" | 30.10.2023 | 13.03.2026 | ਰੁ. 1,28,07,230.46 (ਇੱਕ ਕਰੋੜ ਅਠਾਈ ਲੱਖ ਸੱਤ ਹਜ਼ਾਰ ਦੋ ਸੌ ਤੀਹ ਅਤੇ ਛਿਆਲੀ ਪੈਸੇ ਸਿਰਫ਼) 30-09-2023 ਤੱਕ ਦੇ ਵਿਆਜ ਸਮੇਤ ਕਾਨੂੰਨੀ ਤੌਰ 'ਤੇ ਬਕਾਇਆ ਹੈ ਅਤੇ ਉਪਰੋਕਤ ਨਾਮਿਤ ਪਤੇਦਾਰਾਂ ਤੋਂ ਵਸੂਲਿਆ ਜਾ ਸਕਦਾ ਹੈ ਅਤੇ ਸਾਰੇ ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ ਬੈਂਕ ਨੂੰ ਵਿਆਜ, ਲਾਗਤ ਅਤੇ ਹੋਰ ਆਮ ਬੈਂਕ ਖਰਚਿਆਂ ਸਮੇਤ ਪੂਰੀ ਅਦਾਇਗੀ ਦੀ ਮਿਤੀ ਤੱਕ ਭੁਗਤਾਨ ਕਰਨ ਲਈ ਜ਼ਿੰਮੇਵਾਰ ਹਨ। |

2. ਮੈਸਰਜ਼ ਐਮਕੇਐਮ ਐਂਟਰਪ੍ਰਾਈਜ਼ਿਜ਼ (ਕਰਜ਼ਦਾਰਜ) ਅਧਿਕਾਰਤ ਭਾਈਵਾਲ ਸਵਰਗੀ ਸ਼੍ਰੀਮਤੀ ਕਿਰਨ ਸ਼ਰਮਾ ਪਤਨੀ ਸ਼੍ਰੀ ਆਨੰਦ ਸ਼ਰਮਾ, a. ਸ਼੍ਰੀ ਆਨੰਦ ਸ਼ਰਮਾ (ਪਤੀ), b. ਸ਼੍ਰੀ ਵੈਭਬ ਸ਼ਰਮਾ (ਨਾਬਾਲਗ ਪੁੱਤਰ) ਆਪਣੇ ਪਿਤਾ ਸ਼੍ਰੀ ਆਨੰਦ ਸ਼ਰਮਾ ਰਾਹੀਂ, c. ਮਿਤਾਲੀ ਸ਼ਰਮਾ (ਨਾਬਾਲਗ ਧੀ) ਆਪਣੇ ਪਿਤਾ ਸ਼੍ਰੀ ਆਨੰਦ ਸ਼ਰਮਾ ਰਾਹੀਂ, d. ਸ਼੍ਰੀ ਲਖਨ ਸ਼ਰਮਾ (ਪੁੱਤਰ) ਰਜਿਸਟਰਡ ਦਫ਼ਤਰ: ਮਕਾਨ ਨੰਬਰ 138, ਗਲੀ ਨੰਬਰ 5, ਗ੍ਰੀਨ ਵੈਲੀ, ਮਾਨ ਪੈਲੇਸ ਦੇ ਨੇੜੇ, ਹੈਬੋਵਾਲ ਕਲਾਂ, ਲੁਧਿਆਣਾ, ਵਰਕਸ ਦਫ਼ਤਰ: ਕਾਕੋਵਾਲ ਰੋਡ, ਟਿੱਬਾ ਰੋਡ, ਲੁਧਿਆਣਾ, 3. ਸ਼੍ਰੀ ਲਖਨ ਸ਼ਰਮਾ ਪੁੱਤਰ ਸ਼੍ਰੀ ਆਨੰਦ ਸ਼ਰਮਾ (ਭਾਈਵਾਲ ਮੈਸਰਜ਼ ਐਮਕੇਐਮ ਐਂਟਰਪ੍ਰਾਈਜ਼ਿਜ਼) (ਕਰਜ਼ਦਾਰ/ਜ਼ਾਮਨ) ਨੰ. 138, ਗਲੀ ਨੰਬਰ 5, ਗ੍ਰੀਨ ਵੈਲੀ, ਮਾਨ ਪੈਲੇਸ ਦੇ ਨੇੜੇ, ਹੈਬੋਵਾਲ ਕਲਾਂ ਲੁਧਿਆਣਾ, 4. ਸਵਰਗੀ ਸ਼੍ਰੀਮਤੀ ਕਿਰਨ ਸ਼ਰਮਾ ਪਤਨੀ ਸ਼੍ਰੀ ਆਨੰਦ ਸ਼ਰਮਾ ਦੇ ਕਾਨੂੰਨੀ ਵਾਰਸ (ਭਾਈਵਾਲ ਮੈਸਰਜ਼ ਐਮਕੇਐਮ ਐਂਟਰਪ੍ਰਾਈਜ਼ਿਜ਼) a. ਸ਼੍ਰੀ ਆਨੰਦ ਸ਼ਰਮਾ (ਪਤੀ), b. ਸ਼੍ਰੀ ਵੈਭਵ ਸ਼ਰਮਾ (ਨਾਬਾਲਗ ਪੁੱਤਰ) ਆਪਣੇ ਪਿਤਾ ਸ਼੍ਰੀ ਆਨੰਦ ਸ਼ਰਮਾ ਰਾਹੀਂ, ਸ. ਮਿਤਾਲੀ ਸ਼ਰਮਾ (ਨਾਬਾਲਗ ਧੀ) ਆਪਣੇ ਪਿਤਾ ਸ਼੍ਰੀ ਆਨੰਦ ਸ਼ਰਮ ਰਾਹੀਂ, ਸ਼੍ਰੀ ਲਖਨ ਸ਼ਰਮਾ (ਪੁੱਤਰ) ਵਾਸੀ ਸਾਰੇ ਮਕਾਨ ਨੰਬਰ 138, ਗਲੀ ਨੰਬਰ 5, ਗ੍ਰੀਨ ਵੈਲੀ, ਮਾਨ ਪੈਲੇਸ ਦੇ ਨੇੜੇ, ਹੈਬੋਵਾਲ ਕਲਾਂ, ਲੁਧਿਆਣਾ ਦੇ ਨਿਵਾਸੀ।

ਉਪਰੋਕਤ ਕਰਜ਼ਦਾਰ/ਗਾਰੰਟਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ, ਨਹੀਂ ਤਾਂ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਸੁਰੱਖਿਆ ਹਿੱਤ ਲਾਗੂ ਕਰਨ ਐਕਟ, 2002 ਦੇ ਉਪਬੰਧਾਂ ਅਨੁਸਾਰ 60 ਦਿਨਾਂ ਦੀ ਮਿਆਦ ਪੁੱਗਣ ਤੋਂ ਬਾਅਦ ਅਗਲੇ ਕਦਮ ਚੁੱਕੇ ਜਾਣਗੇ। ਇਸ ਤੋਂ ਇਲਾਵਾ, ਕਰਜ਼ਦਾਰ/ਗਾਰੰਟਰਾਂ ਨੂੰ ਸਾਡੀ ਪੂਰਵ ਸਹਿਮਤੀ ਤੋਂ ਬਿਨਾਂ ਉਪਰੋਕਤ ਦੱਸੇ ਗਏ ਕਿਸੇ ਵੀ ਸੁਰੱਖਿਅਤ ਸੰਪਤੀਆਂ ਨਾਲ ਕਿਸੇ ਵੀ ਤਰੀਕੇ ਨਾਲ ਨਜਿੱਠਣ ਤੋਂ ਰੋਕਿਆ ਜਾਂਦਾ ਹੈ। ਇਹ ਵਿਸ਼ਾ ਐਕਟ ਅਤੇ/ਜਾਂ ਲਾਗੂ ਕਿਸੇ ਹੋਰ ਕਾਨੂੰਨ ਦੇ ਅਧੀਨ ਸਾਡੇ ਲਈ ਉਪਲਬਧ ਕਿਸੇ ਵੀ ਅਧਿਕਾਰਾਂ ਪ੍ਰਤੀ ਪੱਖਪਾਤ ਤੋਂ ਬਿਨਾਂ ਹੈ।

ਮਿਤੀ : 18.03.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



## ਸਿਹਤ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਚੁਕੰਦਰ ਦੀ ਰੋਟੀ!

ਅੱਜ-ਕੱਲ੍ਹ ਦੀ ਖਰਾਬ ਜੀਵਨ ਸ਼ੈਲੀ ਅਤੇ ਗਲਤ ਖਾਣ-ਪੀਣ ਕਾਰਨ ਬਹੁਤ ਸਾਰੇ ਲੋਕਾਂ 'ਚ ਖ਼ੂਨ ਦੀ ਕਮੀ ਅਤੇ ਕਮਜ਼ੋਰੀ ਵਰਗੀਆਂ ਸਮੱਸਿਆਵਾਂ ਦੇਖਣ ਨੂੰ ਮਿਲ ਰਹੀਆਂ ਹਨ। ਅਜਿਹੇ 'ਚ ਡਾਈਟ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਆਪਣੀ ਰੋਜ਼ਾਨਾ ਦੀ ਖੁਰਾਕ 'ਚ ਸਧਾਰਨ ਰੋਟੀ ਦੀ ਜਗ੍ਹਾ ਚੁਕੰਦਰ ਦੀ ਰੋਟੀ ਸ਼ਾਮਲ ਕਰਦੇ ਹੋ, ਤਾਂ ਇਹ ਤੁਹਾਡੀ ਸਿਹਤ ਲਈ ਕਿਸੇ ਦਵਾਈ ਤੋਂ ਘੱਟ ਨਹੀਂ ਹੈ।



**ਖ਼ੂਨ ਦੀ ਕਮੀ ਨੂੰ ਕਰੇ ਦੂਰ ; -** ਚੁਕੰਦਰ 'ਚ ਆਇਰਨ ਭਰਪੂਰ ਮਾਤਰਾ 'ਚ ਹੁੰਦਾ ਹੈ। ਇਸ ਦੀ ਰੋਟੀ ਖਾਣ ਨਾਲ ਸਰੀਰ ਵਿੱਚ ਹੀਮੋਗਲੋਬਿਨ ਦਾ ਪੱਧਰ ਤੇਜ਼ੀ ਨਾਲ ਵਧਦਾ ਹੈ, ਜੋ ਖ਼ੂਨ ਦੀ ਕਮੀ ਨੂੰ ਦੂਰ ਕਰਨ 'ਚ ਸਭ ਤੋਂ ਵੱਧ ਸਹਾਈ ਹੈ।

**ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰੇ ; -** ਚੁਕੰਦਰ 'ਚ ਕੁਦਰਤੀ ਨਾਈਟ੍ਰੇਟਸ ਹੁੰਦੇ ਹਨ ਜੋ ਖ਼ੂਨ ਦੀਆਂ ਨਾੜੀਆਂ ਨੂੰ ਫੈਲਾਉਣ 'ਚ ਮਦਦ ਕਰਦੇ ਹਨ। ਇਸ ਨਾਲ ਬਲੱਡ ਪ੍ਰੈਸ਼ਰ ਕੰਟਰੋਲ @ਚ ਰਹਿੰਦਾ ਹੈ ਅਤੇ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਘੱਟ ਜਾਂਦਾ ਹੈ।

**ਚਮੜੀ ਅਤੇ ਵਾਲਾਂ ਲਈ ਵਰਦਾਨ ; -** ਇਹ ਸਰੀਰ ਨੂੰ ਅੰਦਰੋਂ ਡਿਟੌਕਸ (ਸਫਾਈ) ਕਰਦੀ ਹੈ। ਇਸ ਦੇ ਨਿਯਮਤ ਸੇਵਨ ਨਾਲ ਚਿਹਰੇ 'ਤੇ ਕੁਦਰਤੀ ਗੁਲਾਬੀ ਨਿਖਾਰ ਆਉਂਦਾ ਹੈ ਅਤੇ ਵਾਲਾਂ ਦਾ ਝੜਨਾ ਵੀ ਘੱਟ ਹੁੰਦਾ ਹੈ।

**ਪਾਚਨ ਸ਼ਕਤੀ ਵਧਾਏ ; -** ਚੁਕੰਦਰ ਦੀ ਰੋਟੀ ਫਾਈਬਰ ਨਾਲ ਭਰਪੂਰ ਹੁੰਦੀ ਹੈ। ਇਹ ਪੇਟ ਨੂੰ ਸਾਫ਼ ਰੱਖਣ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਨਿਜਾਤ ਦਿਵਾਉਣ 'ਚ ਮਦਦਗਾਰ ਹੈ।

**ਊਰਜਾ ਦਾ ਸਰੋਤ ; -** ਜੇਕਰ ਤੁਹਾਨੂੰ ਜਲਦੀ ਥਕਾਵਟ ਮਹਿਸੂਸ ਹੁੰਦੀ ਹੈ, ਤਾਂ ਚੁਕੰਦਰ ਦੀ ਰੋਟੀ ਤੁਹਾਡੇ ਸਰੀਰ 'ਚ ਸਟੈਮਿਨਾ ਅਤੇ ਊਰਜਾ ਨੂੰ ਵਧਾਉਂਦੀ ਹੈ।

## ਸੰਸਦ ਮੈਂਬਰ ਸੰਧੂ ਨੇ ਸੰਸਦ ਵਿੱਚ ਸ਼ਹਿਰੀ ਨੌਜਵਾਨਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਅਤੇ ਕੰਮ ਕਰਨ ਵਾਲੇ ਪੇਸ਼ੇਵਰਾਂ ਲਈ ਕਿਫਾਇਤੀ ਘਰ ਦਾ ਮੁੱਦਾ ਉਠਾਇਆ

ਨਵੀਂ ਦਿੱਲੀ, 18 ਮਾਰਚ (ਅੰਮ੍ਰਿਤਪਾਲ ਸਿੰਘ) : ਕੇਂਦਰ ਸਰਕਾਰ ਨੇ ਦੇਸ਼ ਭਰ ਵਿੱਚ ਯੋਗ ਸ਼ਹਿਰੀ ਲਾਭਪਾਤਰੀਆਂ ਲਈ 1.25 ਕਰੋੜ ਤੋਂ ਵੱਧ ਘਰਾਂ ਨੂੰ ਮਨਜ਼ੂਰੀ ਦਿੱਤੀ ਹੈ, ਜਿਨ੍ਹਾਂ ਵਿੱਚ ਨੌਜਵਾਨ ਅਤੇ ਕੰਮ ਕਰਨ ਵਾਲੇ ਪੇਸ਼ੇਵਰ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 13.67 ਲੱਖ ਘਰ ਪ੍ਰਧਾਨ ਮੰਤਰੀ ਆਵਾਸ ਯੋਜਨਾ - ਸ਼ਹਿਰੀ 2.0 ਅਧੀਨ ਮਨਜ਼ੂਰ ਕੀਤੇ ਗਏ ਹਨ। 1.16 ਕਰੋੜ ਘਰਾਂ 'ਤੇ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਅਤੇ 97.30 ਲੱਖ ਘਰ ਪੂਰੇ ਹੋ ਚੁੱਕੇ ਹਨ ਜਾਂ ਲਾਭਪਾਤਰੀਆਂ ਨੂੰ ਸੌਂਪੇ ਗਏ ਹਨ, ਜਿਨ੍ਹਾਂ ਵਿੱਚ ਨੌਜਵਾਨ ਬਾਲਗ, ਪਹਿਲੀ ਵਾਰ ਘਰ ਖਰੀਦਦਾਰ ਅਤੇ ਕੰਮ ਕਰਨ ਵਾਲੇ ਪੇਸ਼ੇਵਰ ਸ਼ਾਮਲ ਹਨ। ਇਹ ਜਾਣਕਾਰੀ ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਰਾਜ ਮੰਤਰੀ, ਤੋਖਨ ਸਾਹੂ ਨੇ ਸੰਸਦ ਵਿੱਚ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਦੁਆਰਾ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਦਿੱਤੀ। ਸ਼ਹਿਰੀ ਬਾਲਗਾਂ ਲਈ ਰਿਹਾਇਸ਼ ਬਾਰੇ ਆਪਣੇ ਸਵਾਲ ਵਿੱਚ, ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਤੋਂ ਨੌਜਵਾਨਾਂ, ਖਾਸ ਕਰਕੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਕਿਫਾਇਤੀ ਰਿਹਾਇਸ਼ ਯਕੀਨੀ ਬਣਾਉਣ ਲਈ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਮੰਗੀ। ਉਨ੍ਹਾਂ ਨੇ ਨੌਜਵਾਨਾਂ ਅਤੇ ਕੰਮ ਕਰਨ ਵਾਲੇ ਪੇਸ਼ੇਵਰਾਂ ਲਈ ਮੌਜੂਦਾ ਰਿਹਾਇਸ਼ੀ ਯੋਜਨਾਵਾਂ, ਕਰਜ਼ੇ ਅਤੇ ਕਿਰਾਏ ਦੇ ਰਿਹਾਇਸ਼ੀ ਮਾਡਲਾਂ ਤੱਕ ਪਹੁੰਚ ਰਾਹੀਂ ਨੌਜਵਾਨਾਂ ਵਿੱਚ ਵਿੱਤੀ ਸੁਤੰਤਰਤਾ ਨੂੰ ਉਤਸ਼ਾਹਿਤ ਕਰਨ ਲਈ ਚੁੱਕੇ ਗਏ ਉਪਾਵਾਂ ਅਤੇ ਕੇਂਦਰ ਸਰਕਾਰ ਦੁਆਰਾ ਵਿਚਾਰੇ ਜਾ ਰਹੇ ਨੌਜਵਾਨ-ਕੇਂਦ੍ਰਿਤ ਰਿਹਾਇਸ਼ੀ ਨੀਤੀ ਬਾਰੇ ਵੀ ਪੁੱਛਿਆ।



ਆਪਣੇ ਜਵਾਬ ਵਿੱਚ, ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਰਾਜ ਮੰਤਰੀ, ਤੋਖਨ ਸਾਹੂ ਨੇ ਕਿਹਾ ਕਿ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੁਆਰਾ ਪੇਸ਼ ਕੀਤੇ ਗਏ ਪ੍ਰੋਜੈਕਟ ਪ੍ਰਸਤਾਵਾਂ ਦੇ ਅਧਾਰ ਤੇ, ਮੰਤਰਾਲੇ ਨੇ ਦੇਸ਼ ਭਰ ਵਿੱਚ 1.25 ਕਰੋੜ ਤੋਂ ਵੱਧ ਘਰਾਂ ਨੂੰ ਮਨਜ਼ੂਰੀ ਦਿੱਤੀ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਆਵਾਸ ਯੋਜਨਾ 2.0 ਅਧੀਨ ਪ੍ਰਵਾਨਿਤ 13.67 ਲੱਖ ਘਰ ਸ਼ਾਮਲ ਹਨ।

ਕੇਂਦਰੀ ਮੰਤਰੀ ਨੇ ਕਿਹਾ ਕਿ 116.57 ਲੱਖ ਘਰਾਂ ਦਾ ਨਿਰਮਾਣ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਅਤੇ ਇਨ੍ਹਾਂ ਵਿੱਚੋਂ 97.30 ਲੱਖ 2 ਮਾਰਚ, 2026 ਤੱਕ ਪੂਰੇ ਹੋ ਚੁੱਕੇ ਹਨ ਜਾਂ ਲਾਭਪਾਤਰੀਆਂ ਨੂੰ ਸੌਂਪ ਦਿੱਤੇ ਗਏ ਹਨ। ਕੇਂਦਰੀ ਮੰਤਰੀ ਤੋਖਨ ਸਾਹੂ ਨੇ ਕਿਹਾ ਕਿ ਕਿਉਂਕਿ ਜ਼ਮੀਨ ਅਤੇ ਰਿਹਾਇਸ਼ ਰਾਜ ਦਾ ਵਿਸ਼ਾ ਹੈ, ਇਸ ਲਈ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਆਪਣੇ ਨਾਗਰਿਕਾਂ, ਜਿਨ੍ਹਾਂ ਵਿੱਚ ਨੌਜਵਾਨ, ਪਹਿਲੀ ਵਾਰ ਘਰ ਖਰੀਦਦਾਰ ਅਤੇ ਕੰਮ ਕਰਨ ਵਾਲੇ ਪੇਸ਼ੇਵਰ ਸ਼ਾਮਲ ਹਨ, ਲਈ ਰਿਹਾਇਸ਼ੀ ਯੋਜਨਾਵਾਂ ਲਾਗੂ ਕਰਦੇ ਹਨ। ਹਾਲਾਂਕਿ, ਮੰਤਰਾਲਾ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦਾ ਸਮਰਥਨ ਕਰਦਾ ਹੈ। 25 ਜੂਨ, 2015 ਤੋਂ, ਪ੍ਰਧਾਨ ਮੰਤਰੀ ਆਵਾਸ ਯੋਜਨਾ - ਸ਼ਹਿਰੀ ਦੇ ਤਹਿਤ ਦੇਸ਼ ਭਰ ਦੇ ਸ਼ਹਿਰੀ ਖੇਤਰਾਂ ਵਿੱਚ ਯੋਗ ਲਾਭਪਾਤਰੀਆਂ, ਜਿਨ੍ਹਾਂ ਵਿੱਚ ਨੌਜਵਾਨ ਅਤੇ ਕੰਮ ਕਰਨ ਵਾਲੇ ਪੇਸ਼ੇਵਰ ਸ਼ਾਮਲ ਹਨ, ਨੂੰ ਪੱਕੇ ਘਰ ਅਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਕੇਂਦਰੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ PMAY-U ਦੇ ਲਾਗੂਕਰਨ ਦੇ ਤਜ਼ਰਬਿਆਂ ਦੇ ਆਧਾਰ 'ਤੇ, ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਨੇ ਇਸ ਯੋਜਨਾ ਨੂੰ ਨਵਾਂ ਰੂਪ ਦਿੱਤਾ ਹੈ ਅਤੇ ÷ਸਭ ਲਈ ਘਰ÷ ਮਿਸ਼ਨ, PMAY-U 2.0 ਸ਼ੁਰੂ ਕੀਤਾ ਹੈ, ਜੋ 1 ਸਤੰਬਰ, 2024 ਤੋਂ ਲਾਗੂ ਹੈ। ਇਹ ਮਿਸ਼ਨ ਅਗਲੇ ਪੰਜ ਸਾਲਾਂ ਵਿੱਚ 10 ਮਿਲੀਅਨ ਵਾਧੂ ਯੋਗ ਲਾਭਪਾਤਰੀਆਂ ਨੂੰ ਕਿਫਾਇਤੀ ਘਰ ਬਣਾਉਣ, ਖਰੀਦਣ ਅਤੇ ਕਿਰਾਏ 'ਤੇ ਲੈਣ ਵਿੱਚ ਸਹਾਇਤਾ ਕਰੇਗਾ। ਇਹ ਯੋਜਨਾ ਚਾਰ ਥੰਮ੍ਹਾਂ - ਲਾਭਪਾਤਰੀ-ਅਗਵਾਈ ਵਾਲੀ ਉਸਾਰੀ (BLC), ਭਾਈਵਾਲੀ ਵਿੱਚ ਕਿਫਾਇਤੀ ਰਿਹਾਇਸ਼ (AHP), ਕਿਫਾਇਤੀ ਕਿਰਾਏ ਦੀ ਰਿਹਾਇਸ਼ (ARH) ਅਤੇ ਵਿਆਜ ਸਬਸਿਡੀ ਯੋਜਨਾ ਰਾਹੀਂ ਲਾਗੂ ਕੀਤੀ ਜਾ ਰਹੀ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ISS ਵਰਟੀਕਲ ਦੇ ਤਹਿਤ, 9 ਲੱਖ ਰੁਪਏ ਦੀ ਸਾਲਾਨਾ ਪਰਿਵਾਰਕ ਆਮਦਨ ਵਾਲੇ ਸਾਰੇ ਯੋਗ ਲਾਭਪਾਤਰੀ, ਜਿਨ੍ਹਾਂ ਵਿੱਚ ਨੌਜਵਾਨ ਅਤੇ ਕੰਮ ਕਰਨ ਵਾਲੇ ਪੇਸ਼ੇਵਰ ਸ਼ਾਮਲ ਹਨ, 25 ਲੱਖ ਰੁਪਏ ਤੱਕ ਦੇ ਰਿਹਾਇਸ਼ੀ ਕਰਜ਼ਿਆਂ 'ਤੇ 4% ਵਿਆਜ ਸਬਸਿਡੀ ਪ੍ਰਾਪਤ ਕਰ ਸਕਦੇ ਹਨ, ਬਸ਼ਰਤੇ ਘਰ ਦੀ ਕੀਮਤ 35 ਲੱਖ ਰੁਪਏ ਤੱਕ ਹੋਵੇ।

ਉਨ੍ਹਾਂ ਕਿਹਾ ਕਿ ਇਸ ਯੋਜਨਾ ਤੋਂ ਇਲਾਵਾ, MoHUA ਨੇ ਜੁਲਾਈ 2020 ਵਿੱਚ PMAY-U ਅਧੀਨ ਇੱਕ ਉਪ-ਯੋਜਨਾ, ਕਿਫਾਇਤੀ ਰੈਂਟਲ ਹਾਊਸਿੰਗ ਕੰਪਲੈਕਸਸ਼ੁਰੂ ਕੀਤੀ ਸੀ, ਤਾਂ ਜੋ ਸ਼ਹਿਰੀ ਪ੍ਰਵਾਸੀਆਂ, ਵਿਦਿਆਰਥੀਆਂ ਅਤੇ ਨੌਜਵਾਨ ਪੇਸ਼ੇਵਰਾਂ ਨੂੰ ਕਿਫਾਇਤੀ ਕਿਰਾਏ ਦੇ ਘਰ ਪ੍ਰਦਾਨ ਕੀਤੇ ਜਾ ਸਕਣ। ਕੇਂਦਰੀ ਰਾਜ ਮੰਤਰੀ ਤੋਖਨ ਸਾਹੂ ਨੇ ਕਿਹਾ ਕਿ ARHCs ਤੋਂ ਸਿੱਖਿਆ ਦੇ ਅਧਾਰ 'ਤੇ, PMAY-U 2.0 ਅਧੀਨ ਇੱਕ ਕਿਫਾਇਤੀ ਰੈਂਟਲ ਹਾਊਸਿੰਗ ਵਰਟੀਕਲ ਬਣਾਇਆ ਗਿਆ ਹੈ। ਮੁੱਖ ਉਦੇਸ਼ ਯਾਤਰਾ ਦੇ ਸਮੇਂ ਅਤੇ ਲਾਗਤਾਂ ਨੂੰ ਘਟਾਉਣਾ, ਉਤਪਾਦਕਤਾ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ, ਅਤੇ ਲਾਭਪਾਤਰੀਆਂ ਦੇ ਕਾਰਜ ਸਥਾਨਾਂ ਅਤੇ ਰੁਜ਼ਗਾਰ ਖੇਤਰਾਂ ਦੇ ਨੇੜੇ ਕਿਰਾਏ ਦੇ ਘਰ ਵਧਾ ਕੇ ਵਧੇਰੇ ਸਮਾਵੇਸ਼ੀ ਅਤੇ ਟਿਕਾਊ ਸ਼ਹਿਰੀ ਭਾਈਚਾਰਿਆਂ ਨੂੰ ਬਣਾਉਣਾ ਹੈ। ਇਸ ਦੌਰਾਨ, ਸੰਸਦ ਮੈਂਬਰ ਸੰਧੂ ਨੇ ਕਿਹਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਸਭ ਲਈ ਘਰ' ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਨੇ 2015 ਤੋਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 1.25 ਕਰੋੜ ਤੋਂ ਵੱਧ ਘਰਾਂ ਨੂੰ ਮਨਜ਼ੂਰੀ ਦੇ ਕੇ ਇਸ ਵਾਅਦੇ ਨੂੰ ਪੂਰਾ ਕੀਤਾ ਹੈ।

### ਗੁ. ਸ਼ਹੀਦ ਬਾਬਾ ਫੂਲਾ ਸਿੰਘ ਵਿਖੇ ਅਜਾਇਬ ਘਰ ਦਾ ਉਦਘਾਟਨ ਅੱਜ

ਪਟਿਆਲਾ, 18 ਮਾਰਚ (ਚ.ਨ.ਸ.) : ਸਿੰਘ ਸਾਹਿਬ ਸ਼ਹੀਦ ਬਾਬਾ ਫੂਲਾ ਸਿੰਘ ਜੀ ਦਾ ਜੀਵਨ ਇਤਿਹਾਸ ਅਤੇ ਸੰਤ ਮਹਾਂਪੁਰਸ਼ ਗਿਆਨੀ ਸੀਤਲ ਸਿੰਘ ਜਿੰਨਾ ਗੁਰਦੁਆਰਾ ਸ਼ਹੀਦ ਅਕਾਲੀ ਫੂਲਾ ਸਿੰਘ ਨੂੰ ਪ੍ਰਗਟ ਕੀਤਾ ਦਾ, (ਜੀਵਨ ਤੋਂ ਲੈ ਕੇ ਸ਼ਹੀਦੀ ਤੱਕ) ਦੇ ਵਿਸਥਾਰ ਸਹਿਤ ਸਰੂਪ ਤਿਆਰ ਕੀਤੇ ਗਏ। ਉਨ੍ਹਾਂ ਨੂੰ ਗੁਰੂ ਘਰ 'ਚ ਬਣ ਰਹੇ ਅਜਾਇਬ ਘਰ ਵਿਚ ਉਪਸਥਿਤ ਕੀਤਾ ਜਾਵੇਗਾ। ਜਿਸਦਾ ਉਦਘਾਟਨ ਅੱਜ 19 ਮਾਰਚ ਨੂੰ ਸ਼ਾਮ 6 ਵਜੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ, ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ ਆਪਣੇ ਕਰ ਕਮਲਾਂ ਨਾਲ ਕਰਨਗੇ। ਸਭ ਨੂੰ ਸਨਿਮਰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

## ਡੀ.ਏ.ਵੀ. ਗੁਰਭਜਨ ਗਿੱਲ ਦੀ ਗ਼ਜ਼ਲ - ਪੁਸਤਕ 'ਮਿਰਗਾਵਲੀ' ਲੋਕ-ਅਰਪਣ

ਬਟਾਲਾ, 18 ਮਾਰਚ (ਚ.ਨ.ਸ.) : 18 ਮਾਰਚ ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ . ਲ. ਬਾਵਾ ਡੀ.ਏ.ਵੀ. ਕਾਲਜ, ਬਟਾਲਾ ਵਿਖੇ ਪੰਜਾਬੀ ਮਾਂ-ਬੋਲੀ ਦੇ ਪ੍ਰਸਿੱਧ ਸ਼ਾਇਰ ਅਤੇ ਚਿੰਤਕ ਗੁਰਭਜਨ ਗਿੱਲ ਦੀ ਗ਼ਜ਼ਲ ਪੁਸਤਕ 'ਮਿਰਗਾਵਲੀ' ਦੇ ਤੀਸਰੇ ਐਡੀਸ਼ਨ ਦਾ ਲੋਕ-ਅਰਪਣ ਵਿਸ਼ੇਸ਼ ਸਾਹਿਤਕ ਸਮਾਗਮ ਵਿੱਚ ਕਰਵਾਇਆ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪ੍ਰੋ. (ਡਾ.) ਵਰਿੰਦਰ ਭਾਟੀਆ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਵੰਤ ਸਿੰਘ ਨੇ ਸਾਂਝੇ ਰੂਪ ਵਿੱਚ ਪੁਸਤਕ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ। ਪੁਸਤਕ ਬਾਰੇ ਵਿਚਾਰ ਸਾਂਝੇ ਕਰਦਿਆਂ ਪ੍ਰਿੰਸੀਪਲ ਡਾ. ਵਰਿੰਦਰ ਭਾਟੀਆ ਨੇ ਕਿਹਾ ਕਿ ਬਟਾਲਾ ਇਲਾਕੇ ਦੇ ਪਿੰਡ ਬਸੰਤਕੋਟ ਦੇ ਜੰਮਪਲ ਅਤੇ ਲੰਮੇ ਸਮੇਂ ਤੋਂ ਲੁਧਿਆਣਾ ਵੱਸਦੇ ਗੁਰਭਜਨ ਗਿੱਲ ਦੀ ਇਹ ਗ਼ਜ਼ਲ ਪੁਸਤਕ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਮਹੱਤਵਪੂਰਨ ਦਸਤਾਵੇਜ਼ ਹੈ। ਉਨ੍ਹਾਂ ਕਿਹਾ, ਇਹ ਕਿਤਾਬ ਮਿਰਗਾਵਲੀਪਾਠਕਾਂ ਨੂੰ ਪੰਜਾਬ ਦੇ ਅਮੀਰ ਸਮਾਜਿਕ, ਸੱਭਿਆਚਾਰਕ ਇਤਿਹਾਸ ਅਤੇ ਰਾਜਨੀਤੀ ਦੀਆਂ ਪਰਤਾਂ ਫਰੋਲਣ ਦੇ ਨਾਲ-ਨਾਲ ਰਵਾਇਤੀ ਸ਼ਬਦਾਵਲੀ ਰਾਹੀਂ ਇਸ਼ਕ-ਮਜ਼ਾਜੀ ਦੀਆਂ ਵਲਗਣਾਂ ਵਿੱਚੋਂ ਕੱਢ ਕੇ ਬ੍ਰਹਿਮੰਡੀ ਸਰੋਕਾਰਾਂ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਵਿਸ਼ਾਲ ਪਾਸਾਰਾਂ ਨਾਲ ਜੋੜਦੀ ਹੈ। ਉਨ੍ਹਾਂ ਗੁਰਭਜਨ ਗਿੱਲ ਦੀਆਂ ਲਿਖਤਾਂ ਦੀ ਸ਼ਲਾਘਾ ਕਰਦਿਆਂ ਇਸ ਨੂੰ ਮਨੁੱਖੀ ਸੰਵੇਦਨਾਵਾਂ ਦੀ ਪੁਸਤਕ ਦੱਸਿਆ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਵੰਤ ਸਿੰਘ ਨੇ 'ਮਿਰਗਾਵਲੀ' ਦੇ ਸਾਹਿਤਕ ਮਹੱਤਵ @ਤੇ ਚਰਚਾ ਕਰਦਿਆਂ ਇਸ ਨੂੰ ਅਜੋਕੇ ਦੌਰ ਦੀ ਇੱਕ ਲੋੜੀਂਦੀ ਵੱਖਰੀ ਤੇ ਵਿਸ਼ੇਸ਼ ਰਚਨਾ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਦਾ ਮੁੱਖ ਬੰਦ ਸੁਰਤਿ ਮੈਗਜ਼ੀਨ ਦੇ ਸੰਪਾਦਕ ਡਾ. ਗੁਰਬੀਰ ਸਿੰਘ ਬਰਾੜ ਨੇ ਲਿਖਿਆ ਹੈ ਅਤੇ ਅੰਤਿਕਾ ਵਿੱਚ ਪ੍ਰਬੁੱਧ ਲੇਖਕ ਵਵਦੀਪ ਸਿੰਘ ਗਿੱਲ ਨੇ ਲੇਖਕ ਦੀਆਂ ਪਿਛਲੇ ਪਚਵੰਜਾ ਸਾਲ ਦੀਆਂ ਸਾਹਿੱਤਕ ਤੇ ਸੱਭਿਆਚਾਰਕ ਪ੍ਰਾਪਤੀਆਂ ਦਾ ਲੇਖਾ ਜੋਖਾ ਪੇਸ਼ ਕੀਤਾ ਹੈ। ਸਮਾਗਮ ਦੌਰਾਨ ਵਾਇਸ ਪ੍ਰਿੰਸੀਪਲ ਡਾ. ਦਿਨੇਸ਼ ਕੁਮਾਰ ਤੋਂ ਇਲਾਵਾ ਕਾਲਿਜ ਦੇ ਸਟਾਫ ਵਿੱਚੋਂ ਡਾ. ਮੁਨੀਸ਼ ਯਾਦਵ, ਪ੍ਰੋ. ਪਵਨ ਮਲਿਕ, ਡਾ. ਨਵੀਨ ਚੰਦ, ਡਾ. ਸਰੋਜ ਅਤੇ ਪ੍ਰੋ. ਕੁਲਵਿੰਦਰ ਕੌਰ ਨੇ ਵੀ ਪੁਸਤਕ ਦੀ ਆਮਦ @ਤੇ ਲੇਖਕ ਨੂੰ ਵਧਾਈ ਦਿੱਤੀ। ਬੁਲਾਰਿਆਂ ਨੇ ਕਿਹਾ ਕਿ ਅਜਿਹੀਆਂ ਪੁਸਤਕਾਂ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਵਿੱਚ ਸਹਾਈ ਹੁੰਦੀਆਂ ਹਨ। ਅੰਤ ਵਿੱਚ ਸਮੂਹ ਸਟਾਫ਼ ਵੱਲੋਂ ਪਾਠਕਾਂ ਨੂੰ ਇਸ ਬੇਸ਼ਕੀਮਤੀ ਪੁਸਤਕ ਨੂੰ ਪੜ੍ਹਨ ਦੀ ਅਪੀਲ ਕੀਤੀ।



## ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਸਕੂਲ ਫੀਸਾਂ ਨਿਯਮਬੱਧ ਕਰਨ ਲਈ ਵਿਧੀ ਦੀ ਮੰਗ ਕੀਤੀ

ਨਵੀਂ ਦਿੱਲੀ, 18 ਮਾਰਚ (ਅੰਮ੍ਰਿਤਪਾਲ ਸਿੰਘ) : ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਦੇਸ਼ ਭਰ ਵਿੱਚ ਸਕੂਲ ਫੀਸਾਂ ਨੂੰ ਤੁਰੰਤ ਅਤੇ ਸਮਾਂਬੱਧ ਵਿਧੀ ਰਾਹੀਂ ਤਰਕ ਸੰਗਤ ਬਣਾਉਣ ਦੀ ਮੰਗ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ ਮਨਮਾਨੇ ਅਤੇ ਗੈਰ-ਪਾਰਦਰਸ਼ੀ ਫੀਸ ਢਾਂਚੇ ਮੱਧ ਵਰਗ ਦੇ ਮਾਪਿਆਂ ਨੂੰ ਗੰਭੀਰ ਵਿੱਤੀ ਸੰਕਟ ਵਿੱਚ ਧੱਕ ਰਹੇ ਹਨ। ਨਿੱਜੀ ਵਿਦਿਅਕ ਸੰਸਥਾਵਾਂ ਵਿੱਚ ਫੀਸਾਂ ਦੇ ਨਿਯਮਨ ਸੰਬੰਧੀ ਆਪਣੇ ਸਵਾਲ "ਤੇ ਸੰਸਦ ਵਿੱਚ ਸਿੱਖਿਆ ਰਾਜ ਮੰਤਰੀ ਸ਼੍ਰੀ ਜਯੰਤ ਚੌਧਰੀ ਦੁਆਰਾ ਦਿੱਤੇ ਗਏ ਜਵਾਬ ਦਾ ਹਵਾਲਾ ਦਿੰਦਿਆਂ , ਉਨ੍ਹਾਂ ਕਿਹਾ ਕਿ ਹਾਲਾਂਕਿ ਸਿੱਖਿਆ ਸਾਂਝੀ ਸੂਚੀ ਵਿੱਚ ਹੈ ਅਤੇ ਫੀਸਾਂ ਨਿਯਮਬੱਧ ਕਰਨ ਦਾ ਕੰਮ ਰਾਜ ਸਰਕਾਰਾਂ 'ਤੇ ਛੱਡ ਦਿੱਤਾ ਗਿਆ ਹੈ, ਫੇਰ ਵੀ ਬਹੁਤ ਜ਼ਿਆਦਾ ਅਤੇ ਆਵਰਤੀ ਖਰਚਿਆਂ ਜਿਵੇਂ ਕਿ ਸਾਲਾਨਾ ਫੀਸਾਂ, ਰੀਡਮਿਸ਼ਨ ਫੀਸਾਂ ਅਤੇ ਟਿਊਸ਼ਨ ਫੀਸਾਂ ਤੋਂ ਇਲਾਵਾ ਲੁਕਵੇਂ ਲੇਵੀ ਨੂੰ ਰੋਕਣ ਲਈ ਕੋਈ ਇਕਸਾਰ ਰਾਸ਼ਟਰੀ ਢਾਂਚਾ ਨਹੀਂ ਬਣਾਇਆ ਗਿਆ ਹੈ। ਡਾ. ਸਾਹਨੀ ਨੇ ਕਿਹਾ ਕਿ ਪ੍ਰੀ-ਨਰਸਰੀ ਪਲੇ ਸਕੂਲ ਸਮਾਜ ਦੇ ਵੱਡੇ ਵਰਗ ਤੋਂ ਬਹੁਤ ਜ਼ਿਆਦਾ ਫੀਸਾਂ ਵਸੂਲ ਰਹੇ ਹਨ ਜੋ ਕਿ ਦੇਣ ਤੋਂ ਅਸਮਰੱਥ ਹਨ। ਡਾ. ਸਾਹਨੀ ਨੇ ਕਿਹਾ ਕਿ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ, 2009 , 6 ਤੋਂ 14 ਸਾਲ ਦੇ ਹਰ ਬੱਚੇ ਨੂੰ ਮੁਫ਼ਤ ਸਿੱਖਿਆ ਦੀ ਗਰੰਟੀ ਦਿੰਦਾ ਹੈ ਅਤੇ ਇਹ ਹੁਕਮ ਦਿੰਦਾ ਹੈ ਕਿ ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਕੂਲ ਕਮਜ਼ੋਰ ਵਰਗਾਂ ਅਤੇ ਪਛੜੇ ਸਮੂਹਾਂ ਦੇ ਬੱਚਿਆਂ ਲਈ ਦਾਖਲਾ ਪੱਧਰ @ਤੇ ਕੈਪੀਟਲ ਫ਼ੀਸ ਤੇ ਸਪਸ਼ਟ ਪਾਬੰਦੀ ਦੇ ਨਾਲ ਘੱਟੋ-ਘੱਟ 25% ਸੀਟਾਂ ਰਾਖਵੀਆਂ ਰੱਖਣ। ਫਿਰ ਵੀ, ਹਾਲੀਆ ਅਧਿਐਨ ਅਤੇ ਨਿਆਂਇਕ ਜਾਂਚ ਦਰਸਾਉਂਦੇ ਹਨ ਕਿ ਇਹ ਵਾਅਦਾ ਜ਼ਮੀਨੀ ਪੱਧਰ 'ਤੇ ਪੂਰਾ ਨਹੀਂ ਹੋ ਰਿਹਾ ਹੈ: ਨੀਤੀ ਆਯੋਗ ਦੇ ਇੱਕ ਤਾਜ਼ਾ ਸਰਵੇਖਣ ਅਧਿਐਨ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਪ੍ਰਾਈਵੇਟ ਸਕੂਲ ਪੂਰਾ 25% ਕੋਟਾ ਨਹੀਂ ਭਰ ਰਹੇ ਹਨ, ਮਾਪੇ ਆਪਣੇ ਅਧਿਕਾਰਾਂ ਤੋਂ ਅਣਜਾਣ ਹਨ, ਅਤੇ ਪ੍ਰਕਿਰਿਆਤਮਕ ਰੁਕਾਵਟਾਂ ਅਤੇ ਦੇਰੀ ਨਾਲ ਅਦਾਇਗੀ ਹਜ਼ਾਰਾਂ ਯੋਗ ਬੱਚਿਆਂ ਨੂੰ ਉਨ੍ਹਾਂ ਦੀਆਂ ਕਾਨੂੰਨੀ ਸੀਟਾਂ ਤੋਂ ਵਾਂਝਾ ਰੱਖ ਰਹੀ ਹੈ।



## ਆਰ.ਈ.ਸੀ. ਲਿਮਟਿਡ ਵੱਲੋਂ ਆਰ.ਡੀ.ਐਸ.ਐਸ. ਅਧੀਨ ਗੁਣਵੱਤਾ ਭਰੋਸਾ ਨੂੰ ਮਜ਼ਬੂਤ ਕਰਨ ਲਈ ਨੈਸ਼ਨਲ ਟੈਸਟ ਹਾਊਸ ਨਾਲ ਸਮਝੌਤਾ

ਨਵੀਂ ਦਿੱਲੀ, 18 ਮਾਰਚ (ਚ.ਨ.ਸ.) : ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਅਧੀਨ ਇੱਕ ਮਹਾਰਤਨ ਕੰਪਨੀ, ਆਰ.ਈ.ਸੀ. ਲਿਮਟਿਡ, ਅਤੇ ਭਾਰਤ ਸਰਕਾਰ ਦੇ ਖਪਤਕਾਰ ਮਾਮਲਿਆਂ ਦੇ ਵਿਭਾਗ ਅਧੀਨ ਕੰਮ ਕਰਨ ਵਾਲੇ ਨੈਸ਼ਨਲ ਟੈਸਟ ਹਾਊਸ (ਐਨ.ਟੀ.ਐਚ.) ਨੇ ਬੁੱਧਵਾਰ ਨੂੰ ਨਵੀਂ ਦਿੱਲੀ ਦੇ ਕ੍ਰਿਸ਼ੀ ਭਵਨ ਵਿਖੇ ਇੱਕ ਸਮਝੌਤਾ ਪੱਤਰ (ਐਮ.ਓ.ਯੂ.) 'ਤੇ ਦਸਤਖਤ ਕੀਤੇ ਤਾਂ ਜੋ ਸੁਧਾਰੀ ਵੰਡ ਖੇਤਰ ਯੋਜਨਾ (ਆਰ.ਡੀ.ਐਸ.ਐਸ.) ਅਧੀਨ ਵਰਤੀਆਂ ਜਾਣ ਵਾਲੀਆਂ ਸਮੱਗਰੀਆਂ ਲਈ ਗੁਣਵੱਤਾ ਜਾਂਚ ਅਤੇ ਭਰੋਸਾ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕੇ।ਇਸ ਸਮਝੌਤੇ 'ਤੇ ਸ਼੍ਰੀ ਪ੍ਰਭਾਤ ਕੁਮਾਰ ਸਿੰਘ, ਕਾਰਜਕਾਰੀ ਨਿਰਦੇਸ਼ਕ (ਆਰ.ਡੀ.ਐਸ.ਐਸ.), ਆਰ.ਈ.ਸੀ. ਲਿਮਟਿਡ, ਅਤੇ ਡਾ. ਆਲੋਕ ਕੁਮਾਰ ਸ਼੍ਰੀਵਾਸਤਵ, ਡਾਇਰੈਕਟਰ ਜਨਰਲ, ਐਨ.ਟੀ.ਐਚ. ਦੁਆਰਾ ਹਸਤਾਖਰ ਕੀਤੇ ਗਏ। ਦਸਤਖਤ ਸਮਾਰੋਹ ਵਿੱਚ ਸ਼੍ਰੀਮਤੀ ਨਿਧੀ ਖੇਰ, ਆਈ.ਏ.ਐਸ., ਸਕੱਤਰ, ਖਪਤਕਾਰ ਮਾਮਲਿਆਂ ਦੇ ਵਿਭਾਗ; ਸ਼੍ਰੀ ਭਰਤ ਖੇੜਾ, ਆਈ.ਏ.ਐਸ., ਵਧੀਕ ਸਕੱਤਰ, ਖਪਤਕਾਰ ਮਾਮਲਿਆਂ ਦੇ ਵਿਭਾਗ; ਅਤੇ ਸ਼੍ਰੀ ਪ੍ਰਿੰਸ ਧਵਨ, ਆਈ.ਏ.ਐਸ., ਕਾਰਜਕਾਰੀ ਨਿਰਦੇਸ਼ਕ (ਪੀ.ਐਮ.ਡੀ.), ਆਰ.ਈ.ਸੀ. ਲਿਮਟਿਡ ਸ਼ਾਮਲ ਹੋਏ।ਇਹ ਸਮਝੌਤਾ REC ਦੇ PMD - ਕੁਆਲਿਟੀ ਅਸ਼ੋਰੈਂਸ ਡਿਵੀਜ਼ਨ ਦੇ ਨਿਰੰਤਰ ਯਤਨਾਂ ਦਾ ਨਤੀਜਾ ਸੀ, ਜਿਸਦੀ ਅਗਵਾਈ ਸ਼੍ਰੀ ਯੋਗੇਂਦਰ ਸਿੰਘ ਅਤੇ HOD ਕਰ ਰਹੇ ਸਨ, ਜਿਨ੍ਹਾਂ ਨੇ RDSS ਸਮੱਗਰੀ ਦੀ ਖਰੀਦ ਅਤੇ ਸਥਾਪਨਾ ਵਿੱਚ ਗੁਣਵੱਤਾ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਇੱਕ ਰਣਨੀਤਕ ਪਹੁੰਚ ਵਜੋਂ ਇਸ ਸਾਂਝੇਦਾਰੀ ਦੀ ਅਗਵਾਈ ਕੀਤੀ ਸੀ।



## ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਵੱਲੋਂ 2026-27 ਲਈ 50 ਕਰੋੜ ਤੋਂ ਵੱਧ ਦਾ ਬਜਟ ਪਾਸ



ਯਮੁਨਾਨਗਰ /ਪਟਨਾ ਸਾਹਿਬ , 18 ਮਾਰਚ: (ਜਗਜੀਤ ਸਿੰਘ) : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੀ ਅਹਿਮ ਮੀਟਿੰਗ ਅੱਜ ਸਰਬਸੰਮਤੀ ਨਾਲ ਸੰਪੰਨ ਹੋਈ, ਜਿਸ ਵਿੱਚ ਸਾਲ 2026-27 ਲਈ 50 ਕਰੋੜ ਰੁਪਏ ਤੋਂ ਵੱਧ ਦੇ ਬਜਟ ਨੂੰ ਮਨਜ਼ੂਰੀ ਦਿੱਤੀ ਗਈ। ਇਹ ਮੀਟਿੰਗ ਤਖ਼ਤ ਸਾਹਿਬ ਦੇ ਮੀਟਿੰਗ ਹਾਲ ਵਿੱਚ ਹੋਈ ਜਿਸਦੀ ਸ਼ੁਰੂਆਤ ਜਥੇਦਾਰ ਗਿਆਨੀ ਬਲਦੇਵ ਸਿੰਘ ਜੀ ਵੱਲੋਂ ਅਰਦਾਸ ਨਾਲ ਕੀਤੀ ਗਈ।ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਅਤੇ ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਪਿਛਲੀ ਮੀਟਿੰਗ ਦੀ ਪੁਸ਼ਟੀ ਤੋਂ ਬਾਅਦ ਸਾਰੇ ਮੈਂਬਰਾਂ ਨੇ ਇਕਮਤ ਹੋ ਕੇ ਪ੍ਰਸਤਾਵਿਤ ਬਜਟ ਨੂੰ ਪਾਸ ਕਰ ਦਿੱਤਾ। ਬਜਟ ਵਿੱਚ ਧਾਰਮਿਕ, ਸ਼ਿਕਸ਼ਣਕ ਅਤੇ ਪ੍ਰਬੰਧਕੀ ਕਾਰਜਾਂ ਨੂੰ ਹੋਰ ਮਜ਼ਬੂਤ ਬਣਾਉਣ @ਤੇ ਜ਼ੋਰ ਦਿੱਤਾ ਗਿਆ ਹੈ। ਮੀਟਿੰਗ ਵਿੱਚ ਇੱਕ ਹੋਰ ਮਹੱਤਵਪੂਰਨ ਫੈਸਲਾ ਲੈਂਦਿਆਂ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਤੋਂ ਪ੍ਰਾਪਤ ਸੁਝਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਤਖ਼ਤ ਸਾਹਿਬ ਚੋਣਾਂ ਲਈ ਵੋਟਰ ਸੂਚੀ ਵਿੱਚ ਮੌਜੂਦ ਗਲਤੀਆਂ ਨੂੰ ਠੀਕ ਕਰਨ ਲਈ ਤਿੰਨ ਮਹੀਨੇ ਦੀ ਸਮਾਂ ਸੀਮਾ ਨਿਰਧਾਰਤ ਕੀਤੀ ਗਈ ਹੈ। ਇਸ ਦੇ ਨਾਲ ਹੀ, ਤਖ਼ਤ ਸਾਹਿਬ ਨਾਲ ਸੰਬੰਧਿਤ ਵਿਵਾਦਿਤ ਜ਼ਮੀਨਾਂ ਦੇ ਆਲੇ-ਦੁਆਲੇ ਚਾਰਦੀਵਾਰੀ ਬਣਾਉਣ ਦਾ ਫੈਸਲਾ ਵੀ ਲਿਆ ਗਿਆ। ਕਮੇਟੀ ਨੇ ਸਟਾਫ ਦੀ ਹਾਜ਼ਰੀ ਨੂੰ ਪਾਰਦਰਸ਼ੀ ਅਤੇ ਸੁਚਾਰੂ ਬਣਾਉਣ ਲਈ ਔਨਲਾਈਨ ਹਾਜ਼ਰੀ ਸਿਸਟਮ ਲਾਗੂ ਕਰਨ ਲਈ ਨਵੀਂ ਸਾਫਟਵੇਅਰ ਮਸ਼ੀਨ ਲਗਾਉਣ 'ਤੇ ਵੀ ਵਿਚਾਰ ਕੀਤਾ। ਇਸ ਤੋਂ ਇਲਾਵਾ, ਤਖ਼ਤ ਸਾਹਿਬ ਕਮੇਟੀ ਅਧੀਨ ਚੱਲ ਰਹੇ ਸਕੂਲਾਂ ਵਿੱਚ ਖਾਲੀ ਅਸਾਮੀਆਂ ਨੂੰ ਜਲਦ ਭਰਨ ਲਈ ਤੁਰੰਤ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ, ਤਾਂ ਜੋ ਸ਼ਿਕਸ਼ਾ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਮੀਟਿੰਗ ਵਿੱਚ ਜਗਜੋਤ ਸਿੰਘ ਸੋਹੀ, ਇੰਦਰਜੀਤ ਸਿੰਘ, ਹਰਬੰਸ ਸਿੰਘ, ਲਖਵਿੰਦਰ ਸਿੰਘ, ਗੁਰਵਿੰਦਰ ਸਿੰਘ, ਡਾ. ਗੁਰਮੀਤ ਸਿੰਘ, ਮਹਿੰਦਰਪਾਲ ਸਿੰਘ ਢਿੱਲੋਂ, ਰਾਜਾ ਸਿੰਘ, ਹਰਪਾਲ ਸਿੰਘ ਜੌਹਲ ਅਤੇ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਹੋਰ ਮੈਂਬਰ ਮੌਜੂਦ ਰਹੇ।

## ਹਾਕੀ ਵਿਸ਼ਵ ਕੱਪ 2026: ਭਾਰਤ ਅਤੇ ਪਾਕਿ ਵਿਚਾਲੇ ਭਿੜੰਤ ਤੈਅ

ਨੀਦਰਲੈਂਡ, 18 ਮਾਰਚ (ਚ.ਨ.ਸ.) : ਹਾਕੀ ਪ੍ਰੇਮੀਆਂ ਲਈ ਵੱਡੀ ਖ਼ਬਰ ਸਾਹਮਣੇ ਆਈ ਹੈ। ਸਾਲ 2026 ਵਿੱਚ ਹੋਣ ਵਾਲੇ ਹਾਕੀ ਵਿਸ਼ਵ ਕੱਪ ਲਈ ਪੁਰਸ਼ ਅਤੇ ਮਹਿਲਾ ਟੀਮਾਂ ਦੇ ਗਰੁੱਪਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਵਾਰ ਪ੍ਰਸ਼ੰਸਕਾਂ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਜ਼ਬਰਦਸਤ ਮੁਕਾਬਲਾ ਦੇਖਣ ਨੂੰ ਮਿਲੇਗਾ ਕਿਉਂਕਿ ਦੋਵਾਂ ਟੀਮਾਂ ਨੂੰ ਪੂਲ-ਡੀ ਵਿੱਚ ਰੱਖਿਆ ਗਿਆ ਹੈ।ਇਹ ਮੈਗਾ ਟੂਰਨਾਮੈਂਟ 15 ਤੋਂ 30 ਅਗਸਤ ਤੱਕ ਨੀਦਰਲੈਂਡ ਅਤੇ ਬੈਲਜੀਅਮ ਦੀ ਸਾਂਝੀ ਮੇਜ਼ਬਾਨੀ ਵਿੱਚ ਖੇਡਿਆ ਜਾਵੇਗਾ। ਐਮਸਟਰਡਮ ਦੇ ਵੈਗੇਨਰ ਸਟੇਡੀਅਮ ਵਿੱਚ ਹੋਈ ਡਰਾਅ ਸੈਰੇਮਨੀ ਵਿੱਚ ਗਰੁੱਪਾਂ ਦੀ ਵੰਡ ਕੀਤੀ ਗਈ। ਭਾਰਤੀ ਪੁਰਸ਼ ਟੀਮ ਆਪਣੇ ਸਾਰੇ ਮੁਕਾਬਲੇ ਨੀਦਰਲੈਂਡ ਵਿੱਚ ਖੇਡੇਗੀ।

ਪੁਰਸ਼ ਵਰਗ: ਭਾਰਤ-ਪਾਕਿਸਤਾਨ ਦਾ ਰਿਕਾਰਡ ; ਵਿਸ਼ਵ ਕੱਪ ਦੇ ਇਤਿਹਾਸ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੁਣ ਤੱਕ 5 ਮੁਕਾਬਲੇ ਹੋਏ ਹਨ, ਜਿਨ੍ਹਾਂ ਵਿੱਚੋਂ ਭਾਰਤ ਨੇ 3 ਅਤੇ ਪਾਕਿਸਤਾਨ ਨੇ 2 ਮੈਚ ਜਿੱਤੇ ਹ। ਆਖਰੀ ਵਾਰ ਦੋਵੇਂ ਟੀਮਾਂ 2010 ਦੇ ਵਿਸ਼ਵ ਕੱਪ ਵਿੱਚ ਦਿੱਲੀ ਵਿਖੇ ਭਿੜੀਆਂ ਸਨ, ਜਿੱਥੇ ਭਾਰਤ ਨੇ 4-1 ਨਾਲ ਜਿੱਤ ਦਰਜ ਕੀਤੀ ਸੀ।




ਪੁਰਸ਼ਾਂ ਦੇ ਗਰੁੱਪ (Pools):
ਪੂਲ-ਡੀ: ਭਾਰਤ, ਪਾਕਿਸਤਾਨ, ਇੰਗਲੈਂਡ ਅਤੇ ਵੇਲਜ਼।
ਪੂਲ-ਏ: ਨੀਦਰਲੈਂਡ, ਅਰਜਨਟੀਨਾ, ਨਿਊਜ਼ੀਲੈਂਡ, ਜਾਪਾਨ।
ਪੂਲ-ਬੀ: ਬੈਲਜੀਅਮ, ਜਰਮਨੀ (ਡਿਫੈਂਡਿੰਗ ਚੈਂਪੀਅਨ), ਫਰਾਂਸ, ਮਲੇਸ਼ੀਆ।
ਪੂਲ-ਸੀ: ਆਸਟ੍ਰੇਲੀਆ, ਸਪੇਨ, ਆਇਰਲੈਂਡ, ਦੱਖਣੀ ਅਫਰੀਕਾ।

ਮਹਿਲਾ ਟੀਮ ਵੀ ਪੂਲ-ਡੀ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਨੂੰ ਵੀ ਵਿਸ਼ਵ ਕੱਪ ਲਈ ਪੂਲ-ਡੀ ਵਿੱਚ ਜਗ੍ਹਾ ਮਿਲੀ ਹੈ। ਭਾਰਤ ਦੇ ਨਾਲ ਇਸ ਗਰੁੱਪ ਵਿੱਚ ਚੀਨ, ਇੰਗਲੈਂਡ ਅਤੇ ਦੱਖਣੀ ਅਫਰੀਕਾ ਦੀਆਂ ਟੀਮਾਂ ਸ਼ਾਮਲ ਹਨ।

ਮਹਿਲਾਵਾਂ ਦੇ ਗਰੁੱਪ (Pools):
ਪੂਲ-ਏ: ਨੀਦਰਲੈਂਡ, ਆਸਟ੍ਰੇਲੀਆ, ਚਿਲੀ, ਜਾਪਾਨ।
ਪੂਲ-ਬੀ: ਅਰਜਨਟੀਨਾ, ਜਰਮਨੀ, ਅਮਰੀਕਾ, ਸਕਾਟਲੈਂਡ।
ਪੂਲ-ਸੀ: ਬੈਲਜੀਅਮ, ਸਪੇਨ, ਨਿਊਜ਼ੀਲੈਂਡ, ਆਇਰਲੈਂਡ।
ਪੂਲ-ਡੀ: ਚੀਨ, ਇੰਗਲੈਂਡ, ਭਾਰਤ, ਦੱਖਣੀ ਅਫਰੀਕਾ।

ਜ਼ਿਕਰਯੋਗ ਹੈ ਕਿ ਜਰਮਨੀ ਦੀ ਪੁਰਸ਼ ਟੀਮ ਮੌਜੂਦਾ ਚੈਂਪੀਅਨ ਹੈ, ਜਿਸ ਨੇ 2023 ਵਿੱਚ ਭੁਵਨੇਸ਼ਵਰ ਵਿਖੇ ਹੋਏ ਫਾਈਨਲ ਵਿੱਚ ਬੈਲਜੀਅਮ ਨੂੰ ਹਰਾ ਕੇ ਖ਼ਿਤਾਬ ਜਿੱਤਿਆ ਸੀ। ਮੈਚਾਂ ਦੇ ਪੂਰੇ ਸ਼ਡਿਊਲ ਦਾ ਐਲਾਨ ਜਲਦ ਹੋਣ ਦੀ ਉਮੀਦ ਹੈ।

## ਮੰਧਾਨਾ ਮਹਿਲਾ ਵਨ ਡੇ ਰੈਂਕਿੰਗ 'ਚ ਚੋਟੀ 'ਤੇ ਬਰਕਰਾਰ, ਹਰਮਨਪ੍ਰੀਤ 7ਵੇਂ ਸਥਾਨ 'ਤੇ ਪਹੁੰਚੀ

ਦੁਬਈ, 18 ਮਾਰਚ (ਚ.ਨ.ਸ.) : ਭਾਰਤੀ ਕਪਤਾਨ ਹਰਮਨਪ੍ਰੀਤ ਕੌਰ ਆਈ. ਸੀ. ਸੀ. ਮਹਿਲਾ ਵਨ ਡੇ ਰੈਂਕਿੰਗ 'ਚ ਇਕ ਸਥਾਨ ਦੇ ਸੁਧਾਰ ਨਾਲ 7ਵੇਂ ਸਥਾਨ 'ਤੇ ਪਹੁੰਚ ਗਈ ਹੈ ਜਦਕਿ ਉਪ ਕਪਤਾਨ ਸਮ੍ਰਿਤੀ ਮੰਧਾਨਾ ਚੋਟੀ ਦੇ ਸਥਾਨ 'ਤੇ ਕਾਇਮ ਹੈ। ਰੈਂਕਿੰਗ 'ਚ ਇਹ ਬਦਲਾਅ ਨਿਊਜ਼ੀਲੈਂਡ ਦੀ ਧਾਕੜ ਖਿਡਾਰਨ ਸੋਫੀ ਡਿਵਾਈਨ ਦੇ 2 ਸਥਾਨ ਹੇਠਾਂ ਖਿਸਕ ਕੇ 9ਵੇਂ ਨੰਬਰ 'ਤੇ ਆਉਣ ਤੋਂ ਬਾਅਦ ਹੋਇਆ। ਭਾਰਤ ਦੀ ਜੇਮਿਮਾ ਰੌਡ੍ਰਿਗਜ਼ 12ਵੇਂ ਸਥਾਨ 'ਤੇ ਬਰਕਰਾਰ ਹੈ।ਨਿਊਜ਼ੀਲੈਂਡ ਦੀ ਬੱਲੇਬਾਜ਼ ਮੈਡੀ ਗ੍ਰੀਨ ਨੇ ਜ਼ਿੰਬਾਬਵੇ ਵਿਰੁੱਧ 'ਆਈ. ਸੀ. ਸੀ. ਮਹਿਲਾ ਚੈਂਪੀਅਨਸ਼ਿਪ ਸੀਰੀਜ਼' ਦੇ ਆਖਰੀ ਮੈਚ 'ਚ 94 ਦੌੜਾਂ ਦੀ ਸ਼ਾਨਦਾਰ ਪਾਰੀ ਖੇਡ ਕੇ ਰੈਂਕਿੰਗ 'ਚ ਵੱਡੀ ਛਾਲ ਲਗਾਈ ਹੈ। 33 ਸਾਲਾ ਗ੍ਰੀਨ ਦੀ ਡੂਨੇਡਿਨ 'ਚ ਖੇਡੀ ਗਈ 73 ਗੇਂਦਾਂ ਦੀ ਪਾਰੀ ਦੀ ਬਦੌਲਤ ਉਸ ਦੀ ਟੀਮ ਨੇ 200 ਦੌੜਾਂ ਨਾਲ ਜਿੱਤ ਦਰਜ ਕਰਦੇ ਹੋਏ ਲੜੀ 'ਚ 3-0 ਨਾਲ ਸੂਪੜਾ ਸਾਫ ਕੀਤਾ। ਇਸ ਪ੍ਰਦਰਸ਼ਨ ਨਾਲ ਉਹ 5 ਸਥਾਨ ਉੱਪਰ ਚੜ੍ਹ ਕੇ 610 ਰੇਟਿੰਗ ਅੰਕਾਂ ਨਾਲ 17ਵੇਂ ਸਥਾਨ 'ਤੇ ਪਹੁੰਚ ਗਈ ਹੈ, ਜਿਹੜੀ ਉਸ ਦੇ ਕਰੀਅਰ ਦੀ ਸਰਵੋਤਮ ਰੈਂਕਿੰਗ ਹੈ।



## ਵਿਸ਼ਵ ਕੱਪ ਤੋਂ ਪਹਿਲਾਂ ਦੋਸਤਾਨਾ ਮੈਚਾਂ ਲਈ ਨੇਮਾਰ ਬ੍ਰਾਜ਼ੀਲ ਦੀ ਫੁੱਟਬਾਲ ਟੀਮ 'ਚੋਂ ਬਾਹਰ

ਰੀਓ ਡੀ ਜੇਨੇਰੀਓ, 18 ਮਾਰਚ (ਚ.ਨ.ਸ.) : ਸਟਾਰ ਸਟ੍ਰਾਈਕਰ ਨੇਮਾਰ ਨੂੰ ਇਸ ਮਹੀਨੇ ਅਮਰੀਕਾ 'ਚ ਹੋਣ ਵਾਲੇ ਦੋਸਤਾਨਾ ਮੈਚਾਂ ਲਈ ਬ੍ਰਾਜ਼ੀਲ ਦੀ ਫੁੱਟਬਾਲ ਟੀਮ 'ਚ ਨਹੀਂ ਚੁਣਿਆ ਗਿਆ ਹੈ ਜਿਸ ਨਾਲ ਉਸ ਦੇ ਵਿਸ਼ਵ ਕੱਪ 'ਚ ਖੇਡਣ ਨੂੰ ਲੈ ਕੇ ਸ਼ੱਕ ਪੈਦਾ ਹੋ ਗਿਆ ਹੈ। ਬ੍ਰਾਜ਼ੀਲ ਦਾ ਸਾਬਕਾ ਕਪਤਾਨ 34 ਸਾਲਾ ਨੇਮਾਰ ਅਕਤੂਬਰ 2023 'ਚ ਜ਼ਖ਼ਮੀ ਹੋਣ ਤੋਂ ਬਾਅਦ ਪੂਰੀ ਫਿਟਨੈੱਸ ਹਾਸਲ ਕਰਨ ਲਈ ਸੰਘਰਸ਼ ਕਰ ਰਿਹਾ ਹੈ।ਬ੍ਰਾਜ਼ੀਲ 26 ਮਾਰਚ ਨੂੰ ਬੋਸਟਨ 'ਚ ਫਰਾਂਸ ਵਿਰੁੱਧ ਤੇ 4 ਦਿਨ ਬਾਅਦ ਓਰਲੈਂਡੋ 'ਚ ਕਰੋਏਸ਼ੀਆ ਵਿਰੁੱਧ ਦੋਸਤਾਨਾ ਮੈਚ ਖੇਡੇਗਾ। ਬ੍ਰਾਜ਼ੀਲੀ ਲੀਗ 'ਚ ਸੈਂਟੋਸ ਤੇ ਕੋਰਿਨਥੀਅਨਸ ਵਿਚਾਲੇ 1-1 ਨਾਲ ਡਰਾਅ ਰਹੇ ਮੈਚ 'ਚ ਨੇਮਾਰ ਦਾ ਪ੍ਰਦਰਸ਼ਨ ਚੰਗਾ ਨਹੀਂ ਰਿਹਾ ਸੀ।ਨੇਮਾਰ ਨੇ ਕਿਹਾ ਕਿ ਦੋ ਦੋਸਤਾਨਾ ਮੈਚਾਂ ਲਈ ਬ੍ਰਾਜ਼ੀਲ ਦੀ ਟੀਮ 'ਚ ਸ਼ਾਮਲ ਨਾ ਹੋਣ ਤੋਂ ਉਹ "ਦੁਖੀ ਤੇ ਨਿਰਾਸ਼" ਹੈ ਪਰ ਉਸ ਨੂੰ ਅਜੇ ਉਮੀਦ ਹੈ ਕਿ ਉਹ ਵਿਸ਼ਵ ਕੱਪ ਲਈ ਟੀਮ 'ਚ ਜਗ੍ਹਾ ਬਣਾਉਣ '@ਚ ਸਫਲ ਰਹੇਗਾ।"ਉਸ ਨੇ ਕਿਹਾ, "ਮੇਰਾ ਪੂਰਾ ਧਿਆਨ ਹਰ ਅਭਿਆਸ ਸੈਸ਼ਨ ਤੇ ਹਰ ਮੈਚ 'ਚ ਚੰਗਾ ਪ੍ਰਦਰਸ਼ਨ ਕਰਨ 'ਤੇ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਸੀਂ ਆਪਣਾ ਟੀਚਾ ਹਾਸਲ ਕਰਾਂਗੇ। ਅਜੇ ਆਖਰੀ ਟੀਮ ਦੀ ਚੋਣ ਹੋਣੀ ਬਾਕੀ ਹੈ।"



## ਬਰਫ਼ੀਲੇ ਤੂਫ਼ਾਨ ਮਗਰੋਂ ਉੱਤਰੀ-ਪੂਰਬੀ ਓਨਟਾਰਿਓ 'ਚ ਸਫਾਈ ਕੰਮ ਜਾਰੀ



ਵੈਨਕੂਵਰ , 18 ਮਾਰਚ (ਚ.ਨ.ਸ.) : ਕੈਨੇਡਾ ਦੇ ਓਨਟਾਰਿਓ ਸੂਬੇ ਦੇ ਉੱਤਰੀ-ਪੂਰਬੀ ਖੇਤਰ ਵਿੱਚ ਭਿਆਨਕ ਬਰਫ਼ੀਲੇ ਤੂਫ਼ਾਨ ਤੋਂ ਬਾਅਦ ਸਫਾਈ ਅਤੇ ਮੁੜ-ਬਹਾਲੀ ਦੇ ਕੰਮ ਜਾਰੀ ਹਨ। ਇਸ ਤੂਫ਼ਾਨ ਕਾਰਨ ਕਈ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰੇਟਰ ਸਡਬਰੀ ਖੇਤਰ ਵਿੱਚ ਕਈ ਸੰਸਥਾਵਾਂ ਅਤੇ ਸੰਗਠਨ ਅਜੇ ਵੀ ਬੰਦ ਹਨ ਜਾਂ ਬਦਲੇ ਹੋਏ ਸਮੇਂ ਅਨੁਸਾਰ ਕੰਮ ਕਰ ਰਹੇ ਹਨ। ਅਜਿਹੀ ਸਥਿਤੀ ਐਤਵਾਰ ਰਾਤ ਨੂੰ ਆਏ ਤੂਫ਼ਾਨ ਤੋਂ ਬਾਅਦ ਬਣੀ ਹੋਈ ਹੈ।ਸਡਬਰੀ ਸ਼ਹਿਰ ਵਿੱਚ ਮਿਊਂਸਪਲ ਸੇਵਾਵਾਂ ਨੂੰ ਮੰਗਲਵਾਰ ਨੂੰ ਅਸਥਾਈ ਤੌਰ 'ਤੇ ਬੰਦ ਕਰਨਾ ਪਿਆ, ਜਿਸ ਨਾਲ ਲੋਕਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।ਸਥਾਨਕ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਬਰਫ਼ ਹਟਾਉਣ ਅਤੇ ਸੜਕਾਂ ਨੂੰ ਸਾਫ਼ ਕਰਨ ਲਈ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ ਤਾਂ ਜੋ ਆਮ ਜ਼ਿੰਦਗੀ ਨੂੰ ਜਲਦੀ ਪਟੜੀ 'ਤੇ ਲਿਆਂਦਾ ਜਾ ਸਕੇ।




# ਖ਼ਾਲਸਾ ਕਾਲਜ ਵਿਖੇ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਇਆ ਵਿਸ਼ੇਸ਼ ਲੈਕਚਰ



ਅੰਮ੍ਰਿਤਸਰ, 18 ਮਾਰਚ (ਬਬਲੂ ਮਹਾਜਨ) : ਸਥਾਨਕ ਤ੍ਰੈ ਸ਼ਤਾਬਦੀ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਪ੍ਰਿੰਸੀਪਲ ਡਾਕਟਰ ਕੁਲਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਧਰਮ ਅਧਿਐਨ ਵਿਭਾਗ ਵੱਲੋਂ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਜੀਵਨ, ਦਰਸ਼ਨ ਅਤੇ ਸਿੱਖੀ ਪ੍ਰਚਾਰ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਤੋਂ ਜਾਣੂ ਕਰਵਾਉਣਾ ਸੀ।ਇਸ ਮੌਕੇ ਕਾਲਜ ਦੇ ਪ੍ਰੋਫੈਸਰ ਹਰਪ੍ਰੀਤ ਸਿੰਘ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਮੁੱਢਲੇ ਜੀਵਨ ਤੋਂ ਲੈ ਕੇ ਜੋਤੀ ਜੋਤ ਸਮਾਉਣ ਤੱਕ ਦੇ ਇਤਿਹਾਸ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸਾਖੀਆਂ ਸਹਿਤ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਉਨ੍ਹਾਂ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਕਿ ਗੁਰੂ ਸਾਹਿਬ ਨੇ ਉਸ ਸਮੇਂ ਇੱਕ ਅਜਿਹਾ ਆਯੁਰਵੈਦਿਕ ਦਵਾਖਾਨਾ ਸਥਾਪਿਤ ਕੀਤਾ ਸੀ, ਜੋ ਪੂਰੇ ਏਸ਼ੀਆ ਵਿੱਚ ਆਪਣੀ ਵਿਲੱਖਣਤਾ ਲਈ ਜਾਣਿਆ ਜਾਂਦਾ ਸੀ। ਇਸੇ ਦਵਾਖਾਨੇ ਤੋਂ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੇ ਪੁੱਤਰ ਦਾਰਾ ਸ਼ਿਕੋਹ ਦੇ ਇਲਾਜ ਲਈ ਦੁਰਲੱਭ ਦਵਾਈਆਂ ਪ੍ਰਾਪਤ ਹੋਈਆਂ ਸਨ, ਜੋ ਗੁਰੂ ਸਾਹਿਬ ਦੀ ਪਰਉਪਕਾਰੀ ਸ਼ਖਸੀਅਤ ਦਾ ਪ੍ਰਤੀਕ ਹੈ।ਕਾਲਜ ਦੇ ਪ੍ਰਿੰਸੀਪਲ ਡਾਕਟਰ ਕੁਲਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜੀਵਨ ਸਾਨੂੰ ਨਿਮਰਤਾ ਧਾਰਨ ਕਰਨ ਅਤੇ ਸਮੁੱਚੀ ਮਨੁੱਖਤਾ ਨੂੰ ਪਿਆਰ ਕਰਨ ਦੀ ਸਿੱਖਿਆ ਦਿੰਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਜਿੱਥੇ ਜੀਵ-ਜੰਤੂਆਂ 'ਤੇ ਦਇਆ ਕਰਨ ਦਾ ਉਪਦੇਸ਼ ਦਿੱਤਾ, ਉੱਥੇ ਹੀ ਵਾਤਾਵਰਨ ਨੂੰ ਸ਼ੁੱਧ ਰੱਖਣ ਦਾ ਮਾਰਗ ਵੀ ਦਿਖਾਇਆ। ਅਜੋਕੇ ਸਮੇਂ ਵਿੱਚ ਗੁਰੂ ਸਾਹਿਬ ਦੀਆਂ ਇਨ੍ਹਾਂ ਸਿੱਖਿਆਵਾਂ ਦੀ ਬਹੁਤ ਵੱਡੀ ਲੋੜ ਹੈ।ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ, ਜਿਨ੍ਹਾਂ ਨੇ ਬੜੀ ਸ਼ਰਧਾ ਨਾਲ ਗੁਰੂ ਸਾਹਿਬ ਦੇ ਇਤਿਹਾਸਿਕ ਜੀਵਨ ਬਾਰੇ ਜਾਣਕਾਰੀ ਹਾਸਲ ਕੀਤੀ।

# ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਵੱਲੋਂ ਪ੍ਰੈੱਸ ਕਲੱਬ ਦੀ ਚੋਣ ਸਬੰਧੀ ਪੱਤਰਕਾਰਾਂ ਨਾਲ ਮੀਟਿੰਗ

## ਪ੍ਰੈੱਸ ਕਲੱਬ ਦੀਆਂ ਵੋਟਾਂ ਬਣਾਉਣ ਲਈ 11 ਮੈਂਬਰੀ ਕਮੇਟੀ ਗਠਿਤ ਨਵੀਆਂ ਵੋਟਾਂ ਬਣਾਉਣ ਲਈ ਸਮਾਂ ਸਾਰਣੀ (ਸ਼ਡਿਊਲ) ਜਾਰੀ

ਅੰਮ੍ਰਿਤਸਰ, 18 ਮਾਰਚ ( ਬਬਲੂ ਮਹਾਜਨ): ਸ੍ਰੀ ਦਲਵਿੰਦਰਜੀਤ ਸਿੰਘ, ਆਈ.ਏ.ਐੱਸ. ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੀਆਂ ਹਦਾਇਤਾਂ ਤਹਿਤ ਪ੍ਰੈੱਸ ਕਲੱਬ ਅੰਮ੍ਰਿਤਸਰ ਦੀ ਚੋਣ ਕਰਵਾਉਣ ਸਬੰਧੀ ਬਣਾਏ ਜਾਣ ਵਾਲੇ ਚੋਣ ਨਿਯਮਾਂ ਅਤੇ ਪੱਤਰਕਾਰਾਂ ਦੀ ਵੋਟਰ ਸੂਚੀ ਬਣਾਉਣ ਸਬੰਧੀ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਅੰਮ੍ਰਿਤਸਰ ਇੰਦਰਜੀਤ ਸਿੰਘ ਅਤੇ ਸਹਾਇਕ ਲੋਕ ਸੰਪਰਕ ਅਫ਼ਸਰ ਯੋਗੇਸ਼ ਸ਼ਰਮਾ ਵੱਲੋਂ ਅੱਜ ਜ਼ਿਲ੍ਹਾ ਅੰਮ੍ਰਿਤਸਰ ਦੇ ਸਮੂਹ ਪੱਤਰਕਾਰਾਂ ਅਤੇ ਪੱਤਰਕਾਰ ਐਸੋਸੀਏਸ਼ਨ/ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਪ੍ਰੈੱਸ ਕਲੱਬ ਅੰਮ੍ਰਿਤਸਰ ਵਿਖੇ ਕੀਤੀ ਗਈ।ਇਸ ਮੀਟਿੰਗ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਸਮੂਹ ਪੱਤਰਕਾਰਾਂ ਅਤੇ ਪੱਤਰਕਾਰ ਐਸੋਸੀਏਸ਼ਨ/ਯੂਨੀਅਨਾਂ ਦੇ ਨੁਮਾਇੰਦਿਆਂ ਨੇ ਆਪਸੀ ਸਹਿਮਤੀ ਨਾਲ ਪ੍ਰੈੱਸ ਕਲੱਬ ਦੀਆਂ ਚੋਣਾਂ ਸਬੰਧੀ ਨਿਯਮਾਂ ਅਤੇ ਪੱਤਰਕਾਰਾਂ ਦੀ ਵੋਟਰ ਸੂਚੀ ਬਣਾਉਣ ਸਬੰਧੀ ਆਪਣੀ ਸਹਿਮਤੀ ਦਿੱਤੀ ਹੈ। ਇਸ ਮੌਕੇ ਸਰਬਸੰਮਤੀ ਨਾਲ ਪੱਤਰਕਾਰਾਂ ਦੀ ਇੱਕ 11 ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ ਜੋ ਤਹਿ ਨਿਯਮਾਂ ਅਨੁਸਾਰ ਪ੍ਰੈੱਸ ਕਲੱਬ ਦੀਆਂ ਚੋਣਾਂ ਲਈ ਪੱਤਰਕਾਰਾਂ ਦੀ ਵੋਟਰ ਸੂਚੀ ਤਿਆਰ ਕਰੇਗੀ।ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਇੰਦਰਜੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਜ਼ਿਲ੍ਹਾ ਦਫ਼ਤਰ ਅੰਮ੍ਰਿਤਸਰ ਵੱਲੋਂ ਜਾਰੀ ਪ੍ਰੈੱਸ ਸ਼ਨਾਖ਼ਤੀ ਕਾਰਡ (ਪੀਲੇ ਕਾਰਡ) ਧਾਰਕ ਸਾਰੇ ਪੱਤਰਕਾਰ/ਪ੍ਰੈੱਸ ਫੋਟੋਗ੍ਰਾਫਰ ਪ੍ਰੈੱਸ ਕਲੱਬ ਦੀਆਂ ਚੋਣਾਂ ਵਿੱਚ ਭਾਗ ਲੈ ਸਕਦੇ ਹਨ। ਇਸ ਤੋਂ ਇਲਾਵਾ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਜਿਨ੍ਹਾਂ ਪੱਤਰਕਾਰਾਂ ਨੂੰ ਐਕਰੀਡੇਸ਼ਨ ਕਾਰਡ (ਪਿੰਕ ਕਾਰਡ) ਅਤੇ ਵੈਟਰਨ ਐਕਰੀਡੇਸ਼ਨ ਕਾਰਡ ਜਾਰੀ ਕੀਤੇ ਗਏ ਹਨ ਉਹ ਸਾਰੇ ਵੀ ਪ੍ਰੈੱਸ ਕਲੱਬ ਦੀਆਂ ਚੋਣਾਂ ਵਿੱਚ ਭਾਗ ਲੈ ਸਕਦੇ ਹਨ। ਜ਼ਿਲ੍ਹਾ ਅੰਮ੍ਰਿਤਸਰ ਦੇ ਜਿਨ੍ਹਾਂ ਪੱਤਰਕਾਰਾਂ/ਪ੍ਰੈੱਸ ਫੋਟੋਗ੍ਰਾਫਰਾਂ ਦੇ ਲੋਕ ਸੰਪਰਕ ਵਿਭਾਗ ਵੱਲੋਂ ਕਾਰਡ ਜਾਰੀ ਨਹੀਂ ਹੋਏ ਹਨ ਪਰ ਉਨ੍ਹਾਂ ਦੀ ਅਖ਼ਬਾਰ ਪੰਜਾਬ ਅਤੇ ਚੰਡੀਗੜ੍ਹ ਵਿੱਚ ਛੱਪਦੀ ਹੈ ਅਤੇ ਉਹ ਅਖ਼ਬਾਰ ਭਾਰਤ ਸਰਕਾਰ ਕੋਲ ਆਰ.ਐੱਨ.ਆਈ. ਰਜਿਸਟਰਡ ਹੈ ਉਸ ਦੇ ਪੱਤਰਕਾਰ ਵੀ ਵੋਟ ਪਾਉਣ ਅਤੇ ਚੋਣ ਪ੍ਰੀਕ੍ਰਿਆ ਵਿੱਚ ਹਿੱਸਾ ਲੈਣ ਦੇ ਯੋਗ ਹੋਣਗੇ। ਸਾਰੇ ਰਾਸ਼ਟਰੀ ਅਤੇ ਪੰਜਾਬੀ ਦੇ ਖੇਤਰੀ ਸੈਟੇਲਾਈਟ ਨਿਊਜ਼ ਚੈਨਲ ਜੋ ਡੀ.ਏ.ਵੀ.ਪੀ. ਦੀ ਲਿਸਟ ਵਿੱਚ ਦਰਜ ਹਨ ਦੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧਿਤ ਪੱਤਰਕਾਰ/ਪ੍ਰੈੱਸ ਫੋਟੋਗ੍ਰਾਫਰ ਵੋਟਰ ਸੂਚੀ ਵਿੱਚ ਸ਼ਾਮਲ ਹੋਣਗੇ। ਜਿਹੜੇ ਵੈੱਬ ਪੋਰਟਲ ਪੰਜਾਬ ਸਰਕਾਰ ਵੱਲੋਂ ਇੰਮਪੈਨਲਡ ਕੀਤੇ ਗਏ ਹਨ ਉਨ੍ਹਾਂ ਦੇ ਪੱਤਰਕਾਰ ਵੀ ਵੋਟਰ ਸੂਚੀ ਵਿੱਚ ਸ਼ਾਮਲ ਹੋਣਗੇ। ਵੋਟ ਬਣਾਉਣ ਲਈ ਪੱਤਰਕਾਰ ਕੋਲ ਆਪਣੇ ਅਦਾਰੇ/ਮੀਡੀਆ ਹਾਊਸ ਦਾ ਘੱਟੋ-ਘੱਟ 6 ਮਹੀਨੇ ਪੁਰਾਣਾ ਅਥਾਰਿਟੀ ਲੈਟਰ/ਕਾਰਡ ਹੋਣਾ ਲਾਜ਼ਮੀ ਹੈ। ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਦਲਵਿੰਦਰਜੀਤ ਸਿੰਘ ਦੀਆਂ ਹਦਾਇਤਾਂ ਤਹਿਤ ਪ੍ਰੈੱਸ ਕਲੱਬ ਦੀਆਂ ਚੋਣਾਂ ਲਈ ਵੋਟਰ ਸੂਚੀ ਬਣਾਉਣ ਦਾ ਸ਼ਡਿਊਲ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀ ਲਈ ਨਵੀਆਂ ਵੋਟਾਂ ਬਣਾਉਣ ਲਈ ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਕਮਰਾ ਨੰਬਰ 216, ਦੂਸਰੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੰਮ੍ਰਿਤਸਰ ਵਿਖੇ ਅਪਲਾਈ ਕੀਤਾ ਜਾ ਸਕਦਾ ਹੈ। ਨਵੀਂ ਵੋਟ ਬਣਾਉਣ ਲਈ ਕਰਨ ਦਾ ਸਮਾਂ 18 ਮਾਰਚ ਤੋਂ 25 ਮਾਰਚ 2026 (ਦਫ਼ਤਰੀ ਕੰਮ ਵਾਲੇ ਦਿਨ) ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਹੋਵੇਗਾ। ਉਨ੍ਹਾਂ ਦੱਸਿਆ ਕਿ ਮਿਤੀ 27 ਮਾਰਚ 2026 ਨੂੰ ਡਰਾਫ਼ਟ ਵੋਟਰ ਸੂਚੀ ਜਾਰੀ ਕੀਤੀ ਜਾਵੇਗੀ। ਮਿਤੀ 30 ਮਾਰਚ ਤੋਂ 2 ਅਪ੍ਰੈਲ 2026 ਤੱਕ ਦਾਅਵੇ ਤੇ ਇਤਰਾਜ਼ ਲਏ ਜਾਣਗੇ ਅਤੇ ਇਤਰਾਜਾਂ ਨੂੰ ਦੂਰ ਕਰਨ ਤੋਂ ਬਾਅਦ ਮਿਤੀ 6 ਅਪ੍ਰੈਲ 2026 ਨੂੰ ਫਾਈਨਲ ਵੋਟਰ ਸੂਚੀ ਜਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪੱਤਰਕਾਰਾਂ ਨੂੰ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਵੱਲੋਂ ਪ੍ਰੈੱਸ ਸ਼ਨਾਖਤੀ ਕਾਰਡ (ਯੈਲੋ ਕਾਰਡ), ਐਕਰੀਡੇਸ਼ਨ ਕਾਰਡ ਅਤੇ ਵੈਟਰਨ ਐਕਰੀਡੇਸ਼ਨ ਕਾਰਡ ਜਾਰੀ ਕੀਤੇ ਗਏ ਹਨ ਉਨ੍ਹਾਂ ਨੂੰ ਵੋਟ ਸੂਚੀ ਵਿੱਚ ਆਪਣਾ ਨਾਮ ਸ਼ਾਮਲ ਕਰਵਾਉਣ ਅਪਲਾਈ ਕਰਨ ਦੀ ਕੋਈ ਲੋੜ ਨਹੀਂ ਹੈ।



# ਭਾਜਪਾ ਕਰ ਰਹੀ ਹੈ ਪੰਜਾਬ ਦਾ ਨੁਕਸਾਨ, ਗੱਠਜੋੜ ਦੀਆਂ ਸੰਭਾਵਨਾ ਨਹੀਂ : ਭੂੰਦੜ

ਅੰਮ੍ਰਿਤਸਰ: 18 ਮਾਰਚ (ਬਬਲੂ ਮਹਾਜਨ) :ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਨਤਮਸਤਕ ਹੋਏ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਅਤੇ ਪਾਰਟੀ ਦੀ ਰਣਨੀਤੀ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਭੂੰਦੜ ਨੇ ਆਪਣੇ ਲੰਬੇ ਸਿਆਸੀ ਸਫਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ 1972 ਤੋਂ ਚੋਣਾਂ ਲੜ ਰਹੇ ਹਨ। ਉਨ੍ਹਾਂ ਅਨੁਸਾਰ ਅੱਜ ਪੰਜਾਬ ਵਿਚ ਹਾਲਾਤ ਬਿਲਕੁਲ 1977 ਦੀ ਐਮਰਜੈਂਸੀ ਤੋਂ ਬਾਅਦ ਦੇ ਸਮੇਂ ਵਰਗੇ ਬਣ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਵਿਚ ਮੌਜੂਦਾ ਸਰਕਾਰ ਪ੍ਰਤੀ ਭਾਰੀ ਰੋਸ ਹੈ ਅਤੇ ਜਨਤਾ ਇਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਨੂੰ ਸੱਤਾ ਵਿਚ ਵਾਪਸ ਲਿਆਉਣ ਲਈ ਉਤਾਵਲੀ ਹੈ। ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਸਿੱਧੀ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ, ਪਰ ਇਹ ਜ਼ਰੂਰ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਦੇ ਵਿਕਾਸ ਲਈ ਵੱਡੇ ਯਤਨ ਕੀਤੇ ਜਾਣਗੇ। ਉਨ੍ਹਾਂ ਪਾਰਟੀ ਦੀ ਅਗਵਾਈ ਵਿਚ ਪੂਰਨ ਭਰੋਸਾ ਪ੍ਰਗਟਾਇਆ। ਗੈਂਗਸਟਰਾਂ ਨੂੰ ਪਾਰਟੀ ਟਿਕਟਾਂ ਦੇਣ ਦੇ ਦੋਸ਼ਾਂ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆ ਭੂੰਦੜ ਨੇ ਕਿਹਾ ਕਿ ਜਿਹੜੀ ਪਾਰਟੀ ਖੁਦ ਗੋਲੀਆਂ ਦਾ ਸਾਹਮਣਾ ਕਰ ਚੁੱਕੀ ਹੋਵੇ, ਉਹ ਕਦੇ ਵੀ ਅਪਰਾਧਿਕ ਅਨਸਰਾਂ ਦਾ ਸਮਰਥਨ ਨਹੀਂ ਕਰ ਸਕਦੀ। ਵਿਰੋਧੀ ਧਿਰ ਅਜਿਹੇ ਇਲਜ਼ਾਮ ਸਿਰਫ ਸਿਆਸੀ ਲਾਭ ਲਈ ਲਗਾ ਰਹੀ ਹੈ। ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਦੇ ਸਵਾਲ ਨੂੰ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਖਾਰਜ ਕਰਦਿਆ ਕਿਹਾ ਕਿ ਮੌਜੂਦਾ ਹਾਲਾਤ ਵਿਚ ਭਾਜਪਾ ਨਾਲ ਗੱਠਜੋੜ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂ ਕਿ ਭਾਜਪਾ ਵੀ ਕਾਂਗਰਸ ਦੀ ਰਾਹ 'ਤੇ ਚੱਲ ਕੇ ਪੰਜਾਬੀ ਦਾ ਨੁਕਸਾਨ ਕਰ ਰਹੀ ਹੈ। ਪਾਰਟੀ ਦੇ ਅੰਦਰੂਨੀ ਕਲੇਸ਼ ਬਾਰੇ ਬੋਲਦਿਆ ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਪਾਰਟੀ ਵਿਚੋਂ ਕੱਢਿਆ ਨਹੀਂ ਗਿਆ ਅਤੇ ਪੁਰਾਣੇ ਆਗੂਆਂ ਲਈ ਵਾਪਸੀ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ।

# ਵਿਧਾਇਕ ਗੁਪਤਾ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ



ਅੰਮ੍ਰਿਤਸਰ, 18 ਮਾਰਚ (ਬਬਲੂ ਮਹਾਜਨ )ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਅੱਜ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ 47 ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਬੋਲਦਿਆਂ ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਸਾਰੇ ਸ਼ਰਧਾਲੂ ਸ੍ਰੀ ਆਨੰਦਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨਗੇ ਅਤੇ ਮੱਥਾ ਟੇਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਉਨ੍ਹਾਂ ਦੇ ਧਾਰਮਿਕ ਵਿਰਸੇ ਨਾਲ ਜੋੜ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਭਾਈਚਾਰਾ ਆਪਣੀ ਧਾਰਮਿਕ ਵਿਰਾਸਤ ਨਾਲ ਜੁੜਿਆ ਰਹਿੰਦਾ ਹੈ, ਉਹ ਹਮੇਸ਼ਾ ਸਫਲ ਹੁੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਿਕਾਸ ਕਾਰਜ ਕਰ ਰਹੀ ਹੈ। ਇਸ ਦੇ ਨਾਲ ਹੀ, ਇਹ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਵੀ ਪ੍ਰਦਾਨ ਕਰ ਰਹੀ ਹੈ, ਜਿਸ ਵਿੱਚ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਮੁਫ਼ਤ ਸਹੂਲਤਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅੱਜ ਕੇਂਦਰੀ ਵਿਧਾਨ ਸਭਾ ਹਲਕੇ ਦੇ 47 ਸ਼ਰਧਾਲੂਆਂ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਭੇਜਿਆ ਗਿਆ।ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਉਹ ਸਾਰੇ ਸ਼ਰਧਾਲੂਆਂ ਦੀ ਭਲਾਈ ਦੀ ਕਾਮਨਾ ਕਰਦੇ ਹਨ। ਉਨ੍ਹਾਂ ਸਾਰੇ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਤੇ ਮੱਥਾ ਟੇਕਣ ਅਤੇ ਕੇਂਦਰੀ ਵਿਧਾਨ ਸਭਾ ਹਲਕੇ ਦੇ ਸਾਰੇ ਲੋਕਾਂ ਦੀ ਭਲਾਈ ਲਈ ਆਸ਼ੀਰਵਾਦ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਵੱਖ-ਵੱਖ ਤੀਰਥ ਸਥਾਨਾਂ ਤੇ ਭੇਜਿਆ ਜਾਂਦਾ ਰਹੇਗਾ। ਇਸ ਮੌਕੇ ਕਰਨੇਸ਼ ਮਹਾਜਨ, ਲੱਖਾ ਡੀਜੇ, ਰਾਹੁਲ ਮੱਟੂ, ਰਿਤੂ ਮਹਾਜਨ, ਚਿਰਾਗ ਮਹਿਰਾ, ਮੈਡਮ ਰੁਚੀ, ਮਨਜੀਤ ਸਿੰਘ, ਸੌਰਭ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।

# ਡਾ. ਗੁਪਤਾ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ

ਅੰਮ੍ਰਿਤਸਰ,18 ਮਾਰਚ ( ਬਬਲੂ ਮਹਾਜਨ) : ਪੰਜਾਬ ਰਾਜ ਵਪਾਰ ਕਮਿਸ਼ਨ ਨੇ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਵਿਧਾਇਕ ਡਾ. ਅਜੇ ਗੁਪਤਾ ਦੀ ਪ੍ਰਧਾਨਗੀ ਹੇਠ ਪਟੇਲ ਚੌਕ ਗੁਰੂ ਬਾਜ਼ਾਰ ਹਲਕੇ ਵਿੱਚ ਇੱਕ ਕੈਂਪ ਲਗਾਇਆ। ਵਿਧਾਇਕ ਡਾ. ਗੁਪਤਾ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਸੁਣੀਆਂ ਅਤੇ ਉਨ੍ਹਾਂ ਨੂੰ ਮੌਕੇ ਤੇ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਵਿਧਾਇਕ ਡਾ. ਗੁਪਤਾ ਨੇ ਮਜ਼ਬੂਤ ਵਪਾਰੀ - ਖੁਸ਼ਹਾਲ ਪੰਜਾਬ ਅਤੇ ਵਪਾਰੀਆਂ ਦੀ ਤਰੱਕੀ, ਪੰਜਾਬ ਦੀ ਤਰੱਕੀ ਦਾ ਨਾਅਰਾ ਦਿੱਤਾ। ਉਨ੍ਹਾਂ ਸਾਰੇ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਸੀਵਰੇਜ, ਪਾਣੀ ਸਪਲਾਈ, ਸਟਰੀਟ ਲਾਈਟਾਂ ਅਤੇ ਸੜਕ ਨਿਰਮਾਣ ਨਾਲ ਸਬੰਧਤ ਸਾਰੀਆਂ ਸਮੱਸਿਆਵਾਂ ਦਾ ਵੱਡੇ ਪੱਧਰ ਤੇ ਹੱਲ ਹੋ ਗਿਆ ਹੈ। ਆਉਣ ਵਾਲੇ ਦਿਨਾਂ ਵਿੱਚ ਬਾਕੀ ਰਹਿੰਦੇ ਮੁੱਦਿਆਂ ਨੂੰ ਹੱਲ ਕੀਤਾ ਜਾਵੇਗਾ।ਵਿਧਾਇਕ ਡਾ. ਗੁਪਤਾ ਨੇ ਇਹ ਵੀ ਐਲਾਨ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਕਟੜਾ ਜੈਮਲ ਸਿੰਘ, ਗੁਰੂ ਬਾਜ਼ਾਰ, ਸ਼ਾਸਤਰੀ ਮਾਰਕੀਟ, ਟੈਲੀਫੋਨ



ਐਕਸਚੇਂਜ ਅਤੇ ਹੋਰ ਵਪਾਰਕ ਖੇਤਰਾਂ ਵਿੱਚ ਪੁਲਿਸ ਪੀਸੀਆਰ ਦੀ ਗਿਣਤੀ ਵਧਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵਾਲਡ ਸਿਟੀ ਦੇ ਵਪਾਰੀਆਂ ਲਈ ਨਵੇਂ ਬਿਜਲੀ ਮੀਟਰ ਲਗਾਉਣ ਜਾਂ ਲੋਡ ਵਧਾਉਣ ਲਈ ਨਗਰ ਨਿਗਮ ਦੇ ਐਮਟੀਪੀ ਵਿਭਾਗ ਤੋਂ ਐਨਓਸੀ ਲੈਣ ਦੀ ਜ਼ਰੂਰਤ ਨੂੰ ਪਹਿਲਾਂ ਹੀ ਹਟਾ ਦਿੱਤਾ ਹੈ, ਜਿਸ ਨਾਲ ਵਪਾਰੀਆਂ ਨੂੰ ਕਾਫ਼ੀ ਫਾਇਦਾ ਹੋ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਬਿਜਲੀ ਅਧਿਕਾਰੀਆਂ ਨੂੰ ਬਾਜ਼ਾਰਾਂ ਵਿੱਚ ਲਟਕਦੀਆਂ ਬਿਜਲੀ ਲਾਈਨਾਂ ਦਾ ਧਿਆਨ ਰੱਖਣ ਲਈ ਪਹਿਲਾਂ ਹੀ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ।ਇਸ ਮੌਕੇ ਵਿਧਾਇਕ ਡਾ. ਅਜੇ ਗੁਪਤਾ ਨੇ ਪਿਛਲੇ 4 ਸਾਲਾਂ ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਦੱਸਿਆ।ਐਸਡੀਐਮ ਅਲਕਾ, ਏਸੀਪੀ ਜਸਪਾਲ ਸਿੰਘ, ਪਾਵਰ ਐਗਜ਼ੀਕਿਊਟਿਵ ਸਿਮਰਪਾਲ ਸਿੰਘ, ਕੋਤਵਾਲੀ ਥਾਣਾ ਇੰਚਾਰਜ ਹਰਮਨਜੀਤ ਸਿੰਘ ਬੱਲ, ਡੀ ਡਿਵੀਜ਼ਨ ਥਾਣਾ ਇੰਚਾਰਜ ਸਮਿੰਦਰ ਘੁੰਮਣ, ਸਾਰੇ ਵਪਾਰ ਕਮਿਸ਼ਨ ਬਲਾਕ ਪ੍ਰਧਾਨ, ਹਲਕਾ ਕੇਂਦਰੀ ਕੋਆਰਡੀਨੇਟਰ ਸੰਜੀਵ ਕੁਮਾਰ ਲਾਲੀ, ਪੰਜਾਬ ਰਾਜ ਵਪਾਰ ਕਮਿਸ਼ਨ ਮੈਂਬਰ ਸ਼ੀਤਲ ਜੁਨੇਜਾ, ਵਪਾਰਕ ਸੰਗਠਨਾਂ ਦੇ ਅਹੁਦੇਦਾਰ, ਨਗਰ ਨਿਗਮ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਵੀ ਇਸ ਮੌਕੇ ਮੌਜੂਦ ਸਨ।

# ਪੰਜਾਬ ਰਾਜ ਵਪਾਰ ਕਮਿਸ਼ਨ ਨੇ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਇੱਕ ਕੈਂਪ ਲਗਾਇਆ

ਅੰਮ੍ਰਿਤਸਰ, 18 ਮਾਰਚ, (ਗੁਰਦਿਆਲ ਸਿੰਘ) : ਪੰਜਾਬ ਰਾਜ ਵਪਾਰ ਕਮਿਸ਼ਨ ਨੇ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਵਿਧਾਇਕ ਡਾ. ਅਜੇ ਗੁਪਤਾ ਦੀ ਪ੍ਰਧਾਨਗੀ ਹੇਠ ਪਟੇਲ ਚੌਕ ਗੁਰੂ ਬਾਜ਼ਾਰ ਹਲਕੇ ਵਿੱਚ ਇੱਕ ਕੈਂਪ ਲਗਾਇਆ। ਵਿਧਾਇਕ ਡਾ. ਗੁਪਤਾ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਸੁਣੀਆਂ ਅਤੇ ਉਨ੍ਹਾਂ ਨੂੰ ਮੌਕੇ ਤੇ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਵਿਧਾਇਕ ਡਾ. ਗੁਪਤਾ ਨੇ ਮਜ਼ਬੂਤ ਵਪਾਰੀ - ਖੁਸ਼ਹਾਲਪੰਜਾਬ ਅਤੇ ਵਪਾਰੀਆਂਦੀਤਰੱਕੀ, ਪੰਜਾਬ ਦੀ ਤਰੱਕੀ ਦਾ ਨਾਅਰਾ ਦਿੱਤਾ। ਉਨ੍ਹਾਂ ਸਾਰੇ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਸੀਵਰੇਜ, ਪਾਣੀ ਸਪਲਾਈ, ਸਟਰੀਟ ਲਾਈਟਾਂ ਅਤੇ ਸੜਕ ਨਿਰਮਾਣ ਨਾਲ ਸਬੰਧਤ ਸਾਰੀਆਂ ਸਮੱਸਿਆਵਾਂ ਦਾ ਵੱਡੇ ਪੱਧਰ ਤੇ ਹੱਲ ਹੋ ਗਿਆ ਹੈ।



ਆਉਣ ਵਾਲੇ ਦਿਨਾਂ ਵਿੱਚ ਬਾਕੀ ਰਹਿੰਦੇ ਮੁੱਦਿਆਂ ਨੂੰ ਹੱਲ ਕੀਤਾ ਜਾਵੇਗਾ।ਵਿਧਾਇਕ ਡਾ. ਗੁਪਤਾ ਨੇ ਇਹ ਵੀ ਐਲਾਨ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਕਟੜਾ ਜੈਮਲ ਸਿੰਘ, ਗੁਰੂ ਬਾਜ਼ਾਰ, ਸ਼ਾਸਤਰੀ ਮਾਰਕੀਟ, ਟੈਲੀਫੋਨ ਐਕਸਚੇਂਜ ਅਤੇ ਹੋਰ ਵਪਾਰਕ ਖੇਤਰਾਂ ਵਿੱਚ ਪੁਲਿਸ ਪੀਸੀਆਰ ਦੀ ਗਿਣਤੀ ਵਧਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵਾਲਡ ਸਿਟੀ ਦੇ ਵਪਾਰੀਆਂ ਲਈ ਨਵੇਂ ਬਿਜਲੀ ਮੀਟਰ ਲਗਾਉਣ ਜਾਂ ਲੋਡ ਵਧਾਉਣ ਲਈ ਨਗਰ ਨਿਗਮ ਦੇ ਐਮਟੀਪੀ ਵਿਭਾਗ ਤੋਂ ਐਨਓਸੀ ਲੈਣ ਦੀ ਜ਼ਰੂਰਤ ਨੂੰ ਪਹਿਲਾਂ ਹੀ ਹਟਾ ਦਿੱਤਾ ਹੈ, ਜਿਸ ਨਾਲ ਵਪਾਰੀਆਂ ਨੂੰ ਕਾਫ਼ੀ ਫਾਇਦਾ ਹੋ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਬਿਜਲੀ ਅਧਿਕਾਰੀਆਂ ਨੂੰ ਬਾਜ਼ਾਰਾਂ ਵਿੱਚ ਲਟਕਦੀਆਂ ਬਿਜਲੀ ਲਾਈਨਾਂ ਦਾ ਧਿਆਨ ਰੱਖਣ ਲਈ ਪਹਿਲਾਂ ਹੀ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ।ਇਸ ਮੌਕੇ ਵਿਧਾਇਕ ਡਾ. ਅਜੇ ਗੁਪਤਾ ਨੇ ਪਿਛਲੇ 4 ਸਾਲਾਂ ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਦੱਸਿਆ।ਐਸਡੀਐਮ ਅਲਕਾ, ਏਸੀਪੀ ਜਸਪਾਲ ਸਿੰਘ, ਪਾਵਰ ਐਗਜ਼ੀਕਿਊਟਿਵ ਸਿਮਰਪਾਲ ਸਿੰਘ, ਕੋਤਵਾਲੀ ਥਾਣਾ ਇੰਚਾਰਜ ਹਰਮਨਜੀਤ ਸਿੰਘ ਬੱਲ, ਡੀ ਡਿਵੀਜ਼ਨ ਥਾਣਾ ਇੰਚਾਰਜ ਸਮਿੰਦਰ ਘੁੰਮਣ, ਸਾਰੇ ਵਪਾਰ ਕਮਿਸ਼ਨ ਬਲਾਕ ਪ੍ਰਧਾਨ, ਹਲਕਾ ਕੇਂਦਰੀ ਕੋਆਰਡੀਨੇਟਰ ਸੰਜੀਵ ਕੁਮਾਰ ਲਾਲੀ, ਪੰਜਾਬ ਰਾਜ ਵਪਾਰ ਕਮਿਸ਼ਨ ਮੈਂਬਰ ਸ਼ੀਤਲ ਜੁਨੇਜਾ, ਵਪਾਰਕ ਸੰਗਠਨਾਂ ਦੇ ਅਹੁਦੇਦਾਰ, ਨਗਰ ਨਿਗਮ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਵੀ ਇਸ ਮੌਕੇ ਮੌਜੂਦ ਸਨ।

# ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਅੰਮ੍ਰਿਤ ਵੇਲੇ ਸਮਾਗਮ



ਅੰਮ੍ਰਿਤਸਰ 18 ਮਾਰਚ (ਬਬਲੂ ਮਹਾਜਨ )ਬੀਬੀ ਕੌਲਾ ਜੀ ਚੈਰੀਟੇਬਲ ਹੋਸਪਿਟਲ ਵੱਲੋਂ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਅਗਵਾਈ ਹੇਠ ਅੰਮ੍ਰਿਤ ਵੇਲੇ ਸਮਾਗਮ ਗੰਡਾ ਸਿੰਘ ਕਲੋਨੀ ਵਿਖੇ ਕਰਵਾਇਆ ਗਿਆ ਇਸ ਮੌਕੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਰਸਭਰੀ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਨਾਲ ਜੋੜਿਆ। ਉਨ੍ਹਾਂ ਨੇ ਗੁਰਬਾਣੀ ਦੇ ਅਰਥ ਸਮਝਾਉਂਦੇ ਹੋਏ ਜੀਵਨ ਵਿੱਚ ਨਾਮ ਸਿਮਰਨ, ਸੇਵਾ ਅਤੇ ਸਤਸੰਗ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਦੀ ਸੁਰੀਲੀ ਬਾਣੀ ਨੇ ਹਾਜ਼ਰ ਸੰਗਤ ਨੂੰ ਨਿਹਾਲ ਕਰ ਦਿੱਤਾ ਤੇ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਹਰ ਵੀਰਵਾਰ ਹਫਤਾਵਰੀ ਕੀਰਤਨ ਸਮਾਗਮ ਬੀਬੀ ਕੌਲਾ ਜੀ ਭਲਾਈ ਕੇਂਦਰ ਵਿਖੇ ਸ਼ਾਮ 4ਤੋਂ 8 ਵਜੇ ਤੱਕ ਕੀਤੇ ਜਾਂਦੇ ਹਨ ਇਸ ਮੌਕੇ ਤੇ ਭਾਈ ਸਾਹਿਬ ਭਾਈ ਗੁਰਕਬਾਲ ਸਿੰਘ ਜੀ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ਉਹਨਾਂ ਸਮੂਹ ਸੰਗਤ ਨੂੰ ਅਪੀਲ ਕੀਤੀ ਵੱਧ ਚੜ ਕੇ ਸਮਗਮੀ ਤੇ ਹਿੱਸਾ ਲੈ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਵੱਲੋਂ ਸੋਸ਼ਲ ਮੀਡੀਆ 'ਤੇ ਗ਼ਲਤ ਅਫ਼ਵਾਹਾਂ ਫੈਲਾਉਣ ਵਾਲਿਆਂ ਨੂੰ ਸਖ਼ਤ ਤਾੜਨਾ

ਅੰਮ੍ਰਿਤਸਰ, 18 ਮਾਰਚ (ਗੁਰਦਿਆਲ ਸਿੰਘ ) : ਸ੍ਰੀ ਅਮਰਦੀਪ ਸਿੰਘ ਬੈਂਸ, ਸਿਵਲ ਜੱਜ (ਸੀਨੀਅਰ ਡਿਵਿਜ਼ਨ)-ਕਮ-ਸੈਕਟਰੀ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ ਵੱਲੋਂ ਸੋਸ਼ਲ ਮੀਡੀਆ ਤੇ ਫੈਲ ਰਹੀ ਗਲਤ ਅਤੇ ਧੋਖੇਬਾਜ਼ ਜਾਣਕਾਰੀ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰੈੱਸ ਬਿਆਨ ਜਾਰੀ ਕਰਕੇ ਇਹ ਸਪੱਸ਼ਟ ਕੀਤਾ ਹੈ ਕਿ ਕੁਝ ਵੀਡੀਓਜ਼ ਅਤੇ ਸੁਨੇਹੇ ਜਿਨ੍ਹਾਂ ਵਿੱਚ ਲੋਕ ਅਦਾਲਤਾਂ ਵਿੱਚ ਬਿਜਲੀ ਬਿੱਲਾਂ ਦੀ ਪੂਰੀ ਛੂਟ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਉਹ ਨਕਲੀ, ਗੁੰਮਰਾਹ ਕਰਨ ਵਾਲੇ ਅਤੇ ਬੇਬੁਨਿਆਦ ਹਨ।ਉਨ੍ਹਾਂ ਇਹ ਵੀ ਦੱਸਿਆ ਕਿ 14 ਮਾਰਚ 2026 ਨੂੰ ਦੇਸ਼ ਭਰ ਵਿੱਚ, ਸਮੇਤ ਅੰਮ੍ਰਿਤਸਰ ਵਿੱਚ, ਰਾਸ਼ਟਰੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ ਸੀ, ਜਿੱਥੇ ਵੱਡੀ ਗਿਣਤੀ ਵਿੱਚ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ। ਕੁਝ ਬਿਜਲੀ ਬਿੱਲਾਂ ਨਾਲ ਸੰਬੰਧਤ ਮਾਮਲਿਆਂ ਵਿੱਚ ਸੀਮਿਤ ਰਾਹਤ ਜਿਵੇਂ ਸਮਝੌਤੇ ਜਾਂ ਛੋਟੀਆਂ ਛੂਟਾਂ ਦਿੱਤੀਆਂ ਗਈਆਂ ਸਨ, ਪਰ



ਕਿਸੇ ਵੀ ਮਾਮਲੇ ਵਿੱਚ ਬਿਜਲੀ ਬਿੱਲਾਂ ਦੀ ਪੂਰੀ ਛੂਟ ਨਾ ਤਾਂ ਐਲਾਨੀ ਗਈ ਅਤੇ ਨਾ ਹੀ ਦਿੱਤੀ ਗਈ।ਸ੍ਰੀ ਅਮਰਦੀਪ ਸਿੰਘ ਬੈਂਸ, ਸਿਵਲ ਜੱਜ (ਸੀਨੀਅਰ ਡਿਵਿਜ਼ਨ)-ਕਮ-ਸੈਕਟਰੀ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ ਨੇ ਕਿਹਾ ਕਿ ਇਸ ਦੇ ਬਾਵਜੂਦ, ਕੁਝ ਗਲਤ ਤੱਤ ਨਕਲੀ ਵੀਡੀਓਜ਼ ਅਤੇ ਪੋਸਟਾਂ ਰਾਹੀਂ ਝੂਠੇ ਦਾਅਵੇ ਕਰ ਰਹੇ ਹਨ, ਨਕਲੀ ਲੋਗੋ ਅਤੇ ਪਹਿਚਾਣਾਂ ਦੀ ਵਰਤੋਂ ਕਰਦੇ ਹੋਏ ਲੋਕਾਂ ਨੂੰ ਫਾਰਮ ਭਰਨ ਜਾਂ ਪੈਸੇ ਟ੍ਰਾਂਸਫਰ ਕਰਨ ਲਈ ਕਹਿ ਰਹੇ ਹਨ। ਇਹ ਸਾਰੇ ਦਾਅਵੇ ਪੂਰੀ ਤਰ੍ਹਾਂ ਝੂਠੇ ਹਨ ਅਤੇ ਲੋਕਾਂ ਨਾਲ ਧੋਖਾਧੜੀ ਕਰਨ ਦੇ ਉਦੇਸ਼ ਨਾਲ ਕੀਤੇ ਜਾ ਰਹੇ ਹਨ।ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਨਾ ਤਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਅਤੇ ਨਾ ਹੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ (ਪੀ.ਐੱਸ.ਪੀ.ਸੀ.ਐੱਲ.) ਵੱਲੋਂ ਕੋਈ ਇਸ ਤਰ੍ਹਾਂ ਦੀ ਘੋਸ਼ਣਾ ਕੀਤੀ ਗਈ ਹੈ। ਨਾਗਰਿਕਾਂ ਨੂੰ ਸੁਚੇਤ ਕੀਤਾ ਕਿ ਇਸ ਤਰ੍ਹਾਂ ਦੀਆਂ ਧੋਖਾਧੜੀ ਵਾਲੀਆਂ ਗਤੀਵਿਧੀਆਂ ਦਾ ਮਕਸਦ ਲੋਕਾਂ ਤੋਂ ਪੈਸੇ ਅਤੇ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਪ੍ਰਾਪਤ ਕਰਨਾ ਹੈ।ਸਿਵਲ ਜੱਜ ਸੀਨੀਅਰ ਡਿਵੀਜ਼ਨ ਨੇ ਸਖ਼ਤ ਚੇਤਾਵਨੀ ਜਾਰੀ ਕਰਦਿਆਂ ਕਿਹਾ ਕਿ ਕੋਈ ਵੀ ਵਿਅਕਤੀ ਜੋ ਇਸ ਤਰ੍ਹਾਂ ਦੀ ਨਕਲੀ ਸਮੱਗਰੀ ਤਿਆਰ ਕਰਦਾ ਜਾਂ ਫੈਲਾਉਂਦਾ ਪਾਇਆ ਗਿਆ, ਉਸ ਦੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਗ੍ਰਿਫ਼ਤਾਰੀ, ਜੁਰਮਾਨੇ ਅਤੇ ਮੁਕੱਦਮਾ ਸ਼ਾਮਲ ਹਨ।ਉਨ੍ਹਾਂ ਜਨਤਾ ਲਈ ਸਲਾਹ ਜਾਰੀ ਕਰਦਿਆਂ ਕਿਹਾ ਕਿ ਸਿਰਫ਼ ਸਰਕਾਰੀ ਸਰੋਤਾਂ ਤੋਂ ਮਿਲਣ ਵਾਲੀ ਜਾਣਕਾਰੀ ਤੇ ਹੀ ਭਰੋਸਾ ਕਰੋ। ।

# ਕਾਦੀਆਂ ਵਿੱਚ ਸ਼ੁੱਕਰਵਾਰ ਨੂੰ ਈਦ-ਉਲ-ਫ਼ਿਤਰ ਮਨਾਇਆ ਜਾਵੇਗਾ

ਕਾਦੀਆਂ, 18 ਮਾਰਚ (ਤਾਰੀ/ਸੰਧੂ) : ਅਹਿਮਦੀਆ ਮੁਸਲਿਮ ਜਮਾਤ ਇੰਡੀਆ ਦੇ ਬੁਲਾਰੇ ਕੇ. ਤਾਰਿਕ ਅਹਿਮਦ ਨੇ ਕਿਹਾ ਹੈ ਕਿ ਈਦ-ਉਲ-ਫਿਤਰ ਦਾ ਚੰਨ ਦਿਖਾਈ ਦੇਣ ਤੇ ਸ਼ੁੱਕਰਵਾਰ ਨੂੰ ਈਦ-ਉਲ-ਫਿਤਰ ਮਨਾਇਆ ਜਾਵੇਗਾ। ਮਸਜਿਦਾਂ ਵਿੱਚ ਈਦ ਦੀ ਨਮਾਜ਼ ਸਵੇਰੇ 8:30 ਵਜੇ ਅਦਾ ਕੀਤੀ ਜਾਵੇਗੀ। ਔਰਤਾਂ ਲਈ ਪਰਦਾ ਪਾ ਕੇ ਨਮਾਜ਼ ਅਦਾ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੇ ਵਾਹਨ ਨਿਰਧਾਰਤ ਥਾਵਾਂ ਤੇ ਪਾਰਕ ਕਰਨੇ ਚਾਹੀਦੇ ਹਨ। ਈਦ ਦੀ ਨਮਾਜ਼ ਅਤੇ ਖੁਤਬਾ (ਉਪਦੇਸ਼) ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਮਹਿਮਾਨਾਂ ਦੇ ਘਰ ਵਾਪਸ ਆਉਣ ਤੇ ਦਾਅਵਤ ਲਈ ਪ੍ਰਬੰਧ ਕੀਤੇ ਗਏ ਹਨ।ਈਦ ਦੇ ਜਸ਼ਨ ਖਤਮ ਹੋਣ ਤੋਂ ਬਾਅਦ, ਆਪਣੇ ਰਿਸ਼ਤੇਦਾਰਾਂ, ਗਰੀਬਾਂ ਅਤੇ ਅਨਾਥਾਂ ਨੂੰ ਕੱਪੜੇ ਜਾਂ ਪੈਸੇ ਦਾਨ ਕਰਕੇ ਮਦਦ ਕਰੋ। ਬਿਮਾਰਾਂ ਦੀ ਦੇਖਭਾਲ ਕਰੋ। ਈਦ ਦੇ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ। ਸੁਰੱਖਿਆ ਅਤੇ ਸਫਾਈ ਵੱਲ ਵਿਸ਼ੇਸ਼ ਧਿਆਨ ਦਿਓ।ਕਾਦੀਆਂ ਵਿੱਚ ਅਲ-ਅਕਸਾ ਮਸਜਿਦ ਜਿੱਥੇ ਈਦ-ਉਲ-ਫਿਤਰ ਮਨਾਇਆ ਜਾ ਰਿਹਾ ਹੈ।

# ਨਵੀਆਂ ਵਿਕਸਿਤ ਹੋ ਰਹੀਆਂ ਅਣ-ਅਧਿਕਾਰਿਤ ਕਲੋਨੀਆਂ ਉੱਪਰ ਚੱਲਿਆ ਪੀਲਾ ਪੰਜਾ



ਅੰਮ੍ਰਿਤਸਰ, 18 ਮਾਰਚ (ਗੁਰਦਿਆਲ ਸਿੰਘ ) - ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਏਡੀਏ ਦੇ ਮੁੱਖ ਪ੍ਰਸ਼ਾਸਕ ਨਿਤੇਸ਼ ਕੁਮਾਰ ਜੈਨ, ਆਈ.ਏ.ਐੱਸ ਅਤੇ ਵਧੀਕ ਮੁੱਖ ਪ੍ਰਸ਼ਾਸਕ ਸ੍ਰੀਮਤੀ ਇਨਾਯਤ ਪੀ.ਸੀ.ਐਸ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ) ਵਿੰਗ ਵੱਲੋਂ ਥਾਣਾ ਕੰਬੋਅ ਦੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਅੰਮ੍ਰਿਤਸਰ-ਰਾਮਤੀਰਥ ਰੋਡ ਉੱਪਰ ਬਣ ਰਹੀਆਂ ਅਣ-ਅਧਿਕਾਰਤ ਕਲੋਨੀਆਂ ਵਿਰੁੱਧ ਕਾਰਵਾਈ ਕਰਦੇ ਹੋਏ ਕਲੋਨੀਆਂ ਨੂੰ ਢਾਹ ਦਿੱਤਾ ਗਿਆ। ਰੈਗੂਲੇਟਰੀ ਵਿੰਗ ਵੱਲੋਂ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਟਾਊਨ ਪਲਾਨਰ ਸ. ਅਮਰਿੰਦਰਜੀਤ ਸਿੰਘ (ਰੈਗੂਲੇਟਰੀ) ਵਿੰਗ ਨੇ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਣ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਮਤੀਰਥ ਰੋਡ ਉੱਪਰ ਪੈਂਦੇ ਪਿੰਡ ਧੌਲਕਲਾਂ ਵਿੱਚ ਸ਼ਿਵਾ ਪੈਰਾਡਾਈਜ਼ ਦੇ ਨਾਮ ਹੇਠ ਅਤੇ ਪਿੰਡ ਵਡਾਲਾ ਭਿੱਟੇਵੱਡ ਵਿੱਚ ਮਧੂਬਨ ਅਸਟੇਟ (ਐਕਸਟੈਂਸ਼ਨ) ਦੇ ਨਾਮ ਹੇਠ ਅਣ-ਅਧਿਕਾਰਤ ਕਲੋਨੀ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਅੱਜ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਜੋ ਉਕਤ ਅਣ-ਅਧਿਕਾਰਤ ਕਲੋਨੀਆਂ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ ਜਿਸ ਕਰਕੇ ਉਕਤ ਕਲੋਨੀ ਅਧੀਨ ਆਉਂਦੀ ਜ਼ਮੀਨ ਦੇ ਮਾਲਕਾਂ ਅਤੇ ਕਲੋਨੀ ਵਿਕਸਿਤ ਕਰਨ ਵਾਲਿਆਂ ਖ਼ਿਲਾਫ਼ ਲੋੜੀਂਦੀ ਕਾਰਵਾਈ ਕਰਨ ਲਈ ਪੁਲਿਸ ਵਿਭਾਗ ਨੂੰ ਵੀ ਰੈਵੇਨਿਊ ਰਿਕਾਰਡ ਦੇ ਆਧਾਰ ਲਿਖਿਆ ਜਾ ਰਿਹਾ ਹੈ। ਏਡੀਏ ਦੇ ਰੈਗੂਲੇਟਰੀ ਵਿੰਗ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਪੁੱਡਾ ਵਿਭਾਗ ਤੋਂ ਮੰਜ਼ੂਰ ਸ਼ੁਦਾ ਨਹੀਂ ਹਨ, ਉਹਨਾਂ ਵਿੱਚ ਪੈਂਦੇ ਪਲਾਟਾਂ ਦੀ ਵਿਕਰੀ ਸਬੰਧੀ ਕਿਸੇ ਵੀ ਇਸ਼ਤਿਹਾਰ ਅਨੁਸਾਰ ਪਲਾਟ ਖਰੀਦਣ ਤੋਂ ਪਹਿਲਾਂ ਉਸ ਕਲੋਨੀ ਸਬੰਧੀ ਪੁੱਡਾ ਵੱਲੋਂ ਜਾਰੀ ਕੀਤੀ ਗਈ ਮੰਜ਼ੂਰੀ ਦੀ ਮੰਗ ਜ਼ਰੂਰ ਕਰਨ ਅਤੇ ਅੰਮ੍ਰਿਤਸਰ ਵਿਕਾਸ ਅਥਾਰਿਟੀ ਦੀ ਵੈਬਸਾਈਟ ਉਪਰ ਉਪਲਬਧ ਅਣਅਧਿਕਾਰਿਤ ਕਲੋਨੀਆਂ ਸਬੰਧੀ ਵੇਰਵਿਆਂ ਨੂੰ ਜ਼ਰੂਰ ਵਾਚ ਲਿਆ ਜਾਵੇ ਤਾਂ ਜੋ ਉਨ੍ਹਾਂ ਦੇ ਧਨ ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਉਨ੍ਹਾਂ ਲਈ ਪਰੇਸ਼ਾਨੀ ਦਾ ਕਾਰਨ ਨਾ ਬਣੇ। ਇਸ ਤੋ ਇਲਾਵਾ ਉਹਨਾਂ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਜ਼ਿਲੇ ਅੰਦਰ ਕਿਸੇ ਵੀ ਜਗ੍ਹਾ ਉੱਪਰ ਕਿਸੇ ਵੀ ਪ੍ਰਕਾਰ ਦੀ ਉਸਾਰੀ ਕਰਨ ਤੋਂ ਪਹਿਲਾਂ ਪੁੱਡਾ ਵਿਭਾਗ ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਉਪਰੰਤ ਹੀ ਉਸਾਰੀ ਕੀਤੀ ਜਾਵੇ।

==-

# ਤਨੋਤਰਾ ਸੈਣੀ ਬਿਰਾਦਰੀ ਦੀ ਮੇਲ ਦਬੁਰਜੀ ਸ਼ਾਮ ਸਿੰਘ ਵਿਖੇ 22 ਨੂੰ ਮਨਾਈ ਜਾਵੇਗੀ।

ਦੀਨਾਨਗਰ 18 ਮਾਰਚ (ਡਾ.ਰਮੇਸ਼ ਸਰੰਗਲ ) ਤਨੋਤਰਾ ਸੈਣੀ ਬਰਾਦਰੀ ਦੀ ਮੇਲ 22 ਮਾਰਚ ਨੂੰ ਬੜੇ ਹੀ ਧੂਮ ਧਾਮ ਨਾਲ ਪਿੰਡ ਦਬੁਰਜੀ ਸ਼ਾਮ ਸਿੰਘ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ ਜਿਸ ਵਿੱਚ ਸਮੂਹ ਤਨੋਤਰਾ ਬਰਾਦਰੀ ਨੂੰ ਸੱਦਾ ਦਿੱਤਾ ਜਾ ਰਿਹਾ ਹੈ। 22 ਮਾਰਚ ਦਿਨ ਐਤਵਾਰ ਨੂੰ ਪਿੰਡ ਦਬੁਰਜੀ ਸ਼ਾਮ ਸਿੰਘ ਵਿੱਚ ਬਾਬਾ ਨੰਦ ਜੀ ਦੇ ਅਸ਼ੀਰਵਾਦ ਨਾਲ ਪਹਿਲਾਂ ਹਵਨ ਯੱਗ ਕੀਤਾ ਜਾਏਗਾ ਜਿਸਦੇ ਲਈ ਸਾਰੇ ਤਨੋਤਰਾ ਬਰਾਦਰੀ ਨੂੰ ਅਮੰਤਰਿਤ ਕੀਤਾ ਜਾਂਦਾ ਹੈ ਅਤੇ ਸਮੇਂ ਸਿਰ ਪਹੁੰਚ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰੋ। ਇਸ ਮੌਕੇ ਤੇ ਸਮੂਹ ਸੈਣੀ ਪਰਿਵਾਰ ਰਾਜ ਸੈਣੀ, ਰੂਪ ਲਾਲ ਸੈਣੀ, ਸ਼ੋਪਾ ਸੈਣੀ, ਬਸੰਤ ਸਿੰਘ, ਮਾਸਟਰ ਗੁਰਜੀਤ ਸੈਣੀ, ਮਾਸਟਰ ਨਰਿੰਦਰ ਸੈਣੀ, ਮੀਤੂ, ਬੰਟੀ, ਲਵਲੀ ਆਦਿ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਏਆਈ ਦ ਦੁਰਵਰਤੋਂ 'ਤੇ ਚਿੰਤਾ ਪ੍ਰਗਟਾਈ

ਅੰਮ੍ਰਿਤਸਰ, 18 ਮਾਰਚ (ਬਬਲੂ ਮਹਾਜਨ ) :ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤਕਨੀਕ ਦੀ ਦੁਰਵਰਤੋਂ ਕਰਕੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੇ ਮਾਮਲਿਆਂ ਉੱਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਸਿੱਖ ਕੌਮ ਅਤੇ ਨੌਜਵਾਨਾਂ ਦੇ ਨਾਮ ਵਿਸ਼ੇਸ਼ ਸੰਦੇਸ਼ ਜਾਰੀ ਕੀਤਾ ਹੈ। ਉਨ੍ਹਾਂ ਕੌਮ ਨੂੰ ਆਗਾਹ ਕਰਦਿਆਂ ਕਿਹਾ ਕਿ ਜਦੋਂ ਵੀ ਏਆਈ ਨਾਲ ਬਣੀ ਕੋਈ ਇਤਰਾਜ਼ਯੋਗ ਵੀਡੀਓ, ਫੋਟੋ ਆਦਿ ਸਾਹਮਣੇ ਆਵੇ ਤਾਂ ਉਸ ਨੂੰ ਅਗਾਂਹ ਸਾਂਝੀ ਕਰਨ ਦੀ ਬਜਾਏ ਸਬੰਧਤ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਤੁਰੰਤ ਹੀ ਇਤਰਾਜ਼ਯੋਗ ਸਮੱਗਰੀ ਵਜੋਂ ਰਿਪੋਰਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਅਕਸਰ ਹੀ ਜਦੋਂ ਕੋਈ ਏਆਈ ਨਾਲ ਬਣੀ ਇਤਰਾਜ਼ਯੋਗ ਵੀਡੀਓ, ਫੋਟੋ ਆਦਿ ਸਾਹਮਣੇ ਆਉਂਦੀ ਹੈ ਤਾਂ ਸਾਡੇ



ਲੋਕ ਉਸ ਸਮੱਗਰੀ ਨੂੰ ਆਪਣੇ ਸੋਸ਼ਲ ਮੀਡੀਆ ਮੰਚਾਂ ਉੱਤੇ ਅਪਲੋਡ ਜਾਂ ਸਾਂਝਾ ਕਰਕੇ ਹੋਰ ਵੀ ਅਗਾਂਹ ਫੈਲਾ ਦਿੰਦੇ ਹਨ, ਜਿਸ ਨਾਲ ਸ਼ਰਾਰਤੀ ਅਨਸਰਾਂ ਦਾ ਮੰਤਵ ਪੂਰਾ ਹੁੰਦਾ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਹੋਰ ਵੀ ਸੱਟ ਵੱਜਦੀ ਹੈ। ਇਸ ਦੀ ਬਜਾਏ ਵੀਡੀਓ, ਫੋਟੋ ਨੂੰ ਤੁਰੰਤ ਰਿਪੋਰਟ ਕੀਤਾ ਜਾਵੇ ਅਤੇ ਉਸ ਨੂੰ ਕਿਤੇ ਵੀ ਸਾਂਝਾ ਨਾ ਕੀਤਾ ਜਾਵੇ ਤਾਂ ਜੋ ਉਹ ਸਮੱਗਰੀ ਖਤਮ ਹੋ ਸਕੇ। ਉਨ੍ਹਾਂ ਕਿਹਾ ਕਿ ਮੀਡੀਆ, ਸੋਸ਼ਲ ਮੀਡੀਆ ਅਤੇ ਵੈੱਬ ਚੈਨਲਾਂ ਨੂੰ ਵੀ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਏਆਈ ਸਮੱਗਰੀ ਨੂੰ ਡਾਊਨਲੋਡ ਕਰਕੇ ਆਪਣੇ ਮੰਚਾਂ ਉੱਤੇ ਅਪਲੋਡ ਨਾ ਕਰਨ, ਇਸ ਨਾਲ ਭਾਵਨਾਵਾਂ ਨੂੰ ਹੋਰ ਵੀ ਸੱਟ ਵੱਜਦੀ ਹੈ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਵੀ ਹਦਾਇਤ ਕੀਤੀ ਕਿ ਅਜਿਹੇ ਮਾਮਲਿਆਂ ਵਿੱਚ ਸਖਤੀ ਵਰਤੀ ਜਾਵੇ ਅਤੇ ਆਪਣੇ ਆਪ ਨੋਟਿਸ ਲੈ ਕਿ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਇਹ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਏਆਈ ਤਕਨੀਕ ਦੀ ਦੁਰਵਰਤੋਂ ਕਰਕੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਵਰਤਾਰੇ ਨੂੰ ਠੱਲ੍ਹਣ। ਇਸ ਨੂੰ ਰੋਕਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਠੋਸ ਏਆਈ ਨੀਤੀ ਬਣਾਈ ਜਾਵੇ ਜਿਸ ਅਨੁਸਾਰ ਕਿਸੇ ਵੀ ਏਆਈ ਟੂਲ/ਸਾਫ਼ਟਵੇਅਰ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਸਮੱਗਰੀ ਨਾ ਬਣਾਈ ਜਾ ਸਕੇ ਅਤੇ ਨਾ ਹੀ ਅਪਲੋਡ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਹੈ ਕਿ ਜੇਕਰ ਅਜਿਹੀ ਇਤਰਾਜ਼ਯੋਗ ਸਮੱਗਰੀ ਦੀ ਪਛਾਣ ਜਨਤਕ ਹੋਣ ਤੋਂ ਪਹਿਲਾਂ ਹੀ ਹੋ ਜਾਵੇ ਤਾਂ ਇਸ ਨਾਲ ਇਹ ਵਰਤਾਰਾ ਕਾਫੀ ਹੱਦ ਤੱਕ ਠੱਲ੍ਹਿਆ ਜਾ ਸਕਦਾ ਹੈ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਏਆਈ ਤਕਨਾਲੋਜੀ ਮਾੜੀ ਨਹੀਂ ਅਤੇ ਜੇਕਰ ਤਕਨੀਕ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਇਸ ਨਾਲ ਚੰਗਾ ਸਮਾਜ ਸਿਰਜਿਆ ਜਾ ਸਕਦਾ ਹੈ ਪਰ ਜਦੋਂ ਧਰਮਾਂ ਦੇ ਸਿਧਾਂਤਾਂ, ਪਰੰਪਰਾਵਾਂ ਅਤੇ ਇਤਿਹਾਸ ਆਦਿ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਹ ਆਧੁਨਿਕ ਤਕਨੀਕ ਵੀ ਸਵਾਲਾਂ ਦੇ ਘੇਰੇ ਵਿੱਚ ਆਉਂਦੀ ਹੈ। ਉਨ੍ਹਾਂ ਕਿਹਾ ਕਿ ਇਸ ਵਰਤਾਰੇ ਨੂੰ ਰੋਕਣ ਲਈ ਸੰਗਤ ਇੱਕ ਲਹਿਰ ਵਜੋਂ ਵੱਧ ਤੋਂ ਵੱਧ ਸ਼ਮੂਲੀਅਤ ਕਰੇ ਅਤੇ ਸੰਜੀਦਗੀ ਨਾਲ ਇਸ ਦੇ ਵਿਰੁੱਧ ਠੋਸ ਕਾਰਜ ਕੀਤੇ ਜਾਣ।

# ਵਿਸ਼ਵਾਸਘਾਤ! ਬਜ਼ੁਰਗ ਮਾਤਾ ਦੀ ਸੇਵਾ ਲਈ ਰੱਖੀ ਕੇਅਰ ਟੇਕਰ ਨੇ ਉਡਾਏ 19 ਤੋਲੇ ਸੋਨੇ ਦੇ ਗਹਿਣੇ ਅਤੇ ਨਕਦੀ



ਬਰਨਾਲਾ, 18 ਮਾਰਚ (ਬਘੇਲ ਸਿੰਘ ਧਾਲੀਵਾਲ) : ਸ਼ਹਿਰ ਦੇ ਬੱਸ ਸਟੈਂਡ ਨੇੜੇ ਸਥਿਤ ਭਾਰਤ ਕੰਪਿਊਟਰ ਸੈਂਟਰ ਵਿਖੇ ਇੱਕ ਦਿਲ ਕੰਬਾਊ ਅਤੇ ਵਿਸ਼ਵਾਸਘਾਤ ਦੀ ਘਟਨਾ ਸਾਹਮਣੇ ਆਈ ਹੈ। ਇੱਥੇ ਇੱਕ ਘਰ ਵਿੱਚ ਬਜ਼ੁਰਗ ਮਾਤਾ ਦੀ ਦੇਖਭਾਲ ਲਈ ਰੱਖੀ ਗਈ ਕੇਅਰ ਟੇਕਰ ਨੇ ਹੀ ਮੌਕਾ ਪਾ ਕੇ ਘਰ ਵਿੱਚੋਂ ਲੱਖਾਂ ਰੁਪਏ ਦੇ ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਕਰ ਲਈ। ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਕੇਅਰ ਟੇਕਰ ਵਿਰੁੱਧ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਥਾਣਾ ਸਿਟੀ-1 ਬਰਨਾਲਾ ਵਿਖੇ ਦਰਜ ਕਰਵਾਏ ਗਏ ਬਿਆਨਾਂ ਵਿੱਚ ਮੁੱਦਈ ਪ੍ਰਵੀਨ ਗਰਗ ਪੁੱਤਰ ਸੁਰਿੰਦਰ ਪਾਲ ਗਰਗ ਨੇ ਦੱਸਿਆ ਕਿ ਬੀਤੀ 15 ਮਾਰਚ 2026 ਨੂੰ ਉਹ ਆਪਣੇ ਪੂਰੇ ਪਰਿਵਾਰ ਸਮੇਤ ਸ਼ਹਿਰ ਵਿੱਚ ਆਯੋਜਿਤ ਇੱਕ ਸਤਿਸੰਗ ਸੁਣਨ ਲਈ ਗਏ ਹੋਏ ਸਨ। ਘਰ ਵਿੱਚ ਉਸ ਦੀ ਬਜ਼ੁਰਗ ਪਿਤਾ ਇੱਕ ਕਮਰੇ ਵਿੱਚ ਪਏ ਸਨ, ਜਿੰਨਾਂ ਨੂੰ ਅੱਖਾਂ ਤੋਂ ਦਿਖਾਈ ਨਹੀਂ ਦਿੰਦਾ ਅਤੇ ਸੂਗਰ ਦੇ ਮਰੀਜ਼ ਹੋਣ ਕਰਕੇ ਉਨ੍ਹਾਂ ਦੇ ਪੈਰ ਦੀਆਂ ਉਂਗਲਾਂ ਵੀ ਬਹੁਤ ਖਰਾਬ ਉਹ ਅਰਾਮ ਕਰ ਰਹੇ ਸਨ। ਜਦੋਂ ਪਰਿਵਾਰ ਸਤਸੰਗ ਤੋਂ ਵਾਪਸ ਘਰ ਪਰਤਿਆ ਤਾਂ ਉਨ੍ਹਾਂ ਦੇ ਹੋਸ਼ ਉੱਡ ਗਏ। ਘਰ ਦੇ ਅੰਦਰ ਅਲਮਾਰੀ ਖੁੱਲ੍ਹੀ ਪਈ ਸੀ ਅਤੇ ਸਾਮਾਨ ਖਿੱਲਰਿਆ ਹੋਇਆ ਸੀ। ਜਦੋਂ ਉਨ੍ਹਾਂ ਨੇ ਅਲਮਾਰੀ ਦੀ ਜਾਂਚ ਕੀਤੀ ਤਾਂ ਉਸ ਵਿੱਚੋਂ ਸੋਨੇ ਦੇ ਗਹਿਣੇ ਅਤੇ ਨਕਦੀ ਗਾਇਬ ਸੀ। ਸ਼ੱਕ ਹੋਣ 'ਤੇ ਜਦੋਂ ਪ੍ਰਵੀਨ ਗਰਗ ਨੇ ਘਰ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਤਾਂ ਸਾਰੀ ਸੱਚਾਈ ਸਾਹਮਣੇ ਆ ਗਈ। ਫੁਟੇਜ ਵਿੱਚ ਸਾਫ਼ ਦਿਖਾਈ ਦੇ ਰਿਹਾ ਸੀ ਕਿ ਕੇਅਰ ਟੇਕਰ ਸਰਬਜੀਤ ਕੌਰ ਪਤਨੀ ਪ੍ਰੇਮ ਸਿੰਘ ਵਾਸੀ ਜੋਧਪੁਰ ਨੇ ਹੀ ਅਲਮਾਰੀ ਵਿੱਚੋਂ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਪਰਿਵਾਰ ਦੇ ਬਾਹਰ ਜਾਂਦੇ ਹੀ ਉਸ ਨੇ ਮੌਕੇ ਦਾ ਫ਼ਾਇਦਾ ਉਠਾਇਆ ਅਤੇ ਕੀਮਤੀ ਸਾਮਾਨ ਸਮੇਟ ਕੇ ਫਰਾਰ ਹੋ ਗਈ। ਪੀੜਤ ਪਰਿਵਾਰ ਅਨੁਸਾਰ ਚੋਰੀ ਹੋਏ ਗਹਿਣਿਆਂ ਦੀ ਕੁੱਲ ਮਾਤਰਾ ਕਰੀਬ 19 ਤੋਲੇ ਹੈ। ਇਸ ਤੋਂ ਇਲਾਵਾ ਅਲਮਾਰੀ ਵਿੱਚ ਰੱਖੀ 5000 ਰੁਪਏ ਦੀ ਨਕਦੀ ਵੀ ਚੋਰੀ ਹੋ ਗਈ ਹੈ।

ਭਾਵੁਕ ਹੋਈ ਬਜ਼ੁਰਗ ਮਾਤਾ: 'ਧੀਆਂ ਦੇ ਵਿਆਹ ਲਈ ਜੋੜਿਆ ਸੀ ਸੋਨਾ' ਇਸ ਘਟਨਾ ਨੇ ਬਜ਼ੁਰਗ ਮਾਤਾ ਤੀਰਥਾ ਦੇਵੀ ਨੂੰ ਡੂੰਘਾ ਸਦਮਾ ਪਹੁੰਚਾਇਆ ਹੈ। ਉਨ੍ਹਾਂ ਭਰੇ ਮਨ ਨਾਲ ਦੱਸਿਆ ਕਿ ਇਹ ਸਾਰਾ ਸੋਨਾ ਉਨ੍ਹਾਂ ਦੇ ਆਪਣੇ ਵਿਆਹ ਦਾ ਸੀ, ਜਿਸ ਨੂੰ ਉਨ੍ਹਾਂ ਨੇ ਪਿਛਲੇ ਕਈ ਦਹਾਕਿਆਂ ਤੋਂ ਆਪਣੀਆਂ ਚਾਰ ਧੀਆਂ ਲਈ ਸੰਭਾਲ ਕੇ ਰੱਖਿਆ ਹੋਇਆ ਸੀ। ਉਨ੍ਹਾਂ ਕਿਹਾ, 'ਮੈਂ ਆਪਣੀਆਂ ਧੀਆਂ ਦੇ ਕਾਰਜ (ਵਿਆਹ) ਲਈ ਇਹ ਗਹਿਣੇ ਬਣਾ ਕੇ ਰੱਖੇ ਸਨ ਤਾਂ ਜੋ ਉਨ੍ਹਾਂ ਦੇ ਭਵਿੱਖ ਵਿੱਚ ਕੰਮ ਆ ਸਕਣ, ਪਰ ਘਰ ਦੀ ਭੇਤੀ ਨੇ ਹੀ ਸਭ ਕੁਝ ਲੁੱਟ ਲਿਆ।'ਥਾਣਾ ਸਿਟੀ-1 ਬਰਨਾਲਾ ਦੇ ਮੁਖੀ ਨੇ ਦੱਸਿਆ ਕਿ ਪ੍ਰਵੀਨ ਗਰਗ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਮਹਿਲਾ ਸਰਬਜੀਤ ਕੌਰ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਇਸ ਘਟਨਾ ਨੇ ਸ਼ਹਿਰ ਵਿੱਚ ਨੌਕਰਾਂ ਅਤੇ ਕੇਅਰ ਟੇਕਰਾਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਦੀ ਲੋੜ ਨੂੰ ਮੁੜ ਤੋਂ ਉਭਾਰ ਦਿੱਤਾ ਹੈ।

# ਸੱਤ ਰੋਜ਼ਾ ਐੱਨ.ਐੱਸ.ਐੱਸ. ਕੈਂਪ: ਵਿਦਿਆਰਥੀਆਂ ਵੱਲੋਂ ਸਫ਼ਾਈ ਅਭਿਆਨ, ਸਮਾਜ ਸੇਵਾ ਅਤੇ ਨੈਤਿਕ ਮੁੱਲਾਂ ਦੀ ਪ੍ਰੇਰਣਾ




ਬਰਨਾਲਾ, 18 ਮਾਰਚ (ਹਮੀਰ ਸਿੰਘ) : ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਵਿੱਚ ਸੱਤ ਰੋਜ਼ਾ ਐੱਨ.ਐੱਸ.ਐੱਸ. ਕੈਂਪ ਦੇ ਦੂਜੇ ਦਿਨ ਵਲੰਟੀਅਰ ਦੀ ਕਸਰਤ ਤੋਂ ਸ਼ੁਰੂ ਕਰਦੇ ਹੋਏ ਵਲੰਟੀਅਰ ਨੇ ਸਫਾਈ ਅਭਿਆਨ ਅਤੇ ਹੋਰ ਕਾਰਜਾਂ ਦੇ ਨਾਲ ਨਾਲ ਚਲਦੇ ਆਪਣਾ ਬਣਦਾ ਯੋਗਦਾਨ ਪਾਇਆ। ਦੁਪਹਿਰ ਤੋਂ ਬਾਅਦ ਵਲੰਟੀਅਰ ਸਾਇੰਸ ਵਿਭਾਗ ਦੇ ਮੈਡਮ ਪ੍ਰਭਜੋਤ ਕੌਰ ਨੇ ਏਡਜ਼ ਸਬੰਧੀ ਉਹਨਾਂ ਨੂੰ ਜਾਗਰੂਕ ਕੀਤਾ ਅਤੇ ਇਸ ਤੋਂ ਹੋਣ ਵਾਲੇ ਕਾਰਨਾਂ, ਸਾਵਧਾਨੀਆਂ ਅਤੇ ਰੋਕਥਾਮ ਬਾਰੇ ਜਾਣੂ ਕਰਵਾਇਆ। ਸੱਤ ਰੋਜ਼ਾ ਐੱਨ.ਐੱਸ.ਐੱਸ. ਕੈਂਪ ਦੇ ਤੀਜੇ ਦਿਨ ਸਵੇਰ ਦੇ ਨਾਸ਼ਤੇ ਤੋਂ ਬਾਅਦ ਵਲੰਟੀਅਰ ਨੇ ਭਗਤ ਸਿੰਘ ਪਾਰਕ ਵਿੱਚ ਜਾ ਕੇ ਸਫਾਈ ਅਭਿਆਨ ਸ਼ੁਰੂ ਕੀਤਾ। ਉੱਥੇ ਪੌਦਿਆਂ ਵਿੱਚ ਪਏ ਕੂੜੇ ਕਰਕਟ ਨੂੰ ਚੁੱਕ ਕੇ ਕੂੜੇਦਾਨ ਵਿੱਚ ਪਾਇਆ। ਪਾਰਕ ਵਿੱਚ ਵਲੰਟੀਅਰ ਨੇ ਝੂਟੇ ਵੀ ਲਏ ਅਤੇ ਬਹੁਤ ਮਜ਼ਾ ਕੀਤਾ। ਪਾਰਕ ਵਿੱਚ ਬੈਠੇ ਬਜ਼ੁਰਗਾਂ ਨਾਲ ਗੱਲਾਂ ਵੀ ਕੀਤੀਆਂ ਅਤੇ ਬਜ਼ੁਰਗਾਂ ਨੇ ਵੀ ਵਲੰਟੀਅਰ ਨਾਲ ਗੱਲਬਾਤ ਕਰਕੇ ਚੰਗਾ ਮਹਿਸੂਸ ਕੀਤਾ।ਇਸ ਤੋਂ ਬਾਅਦ ਦੁਪਹਿਰ ਦਾ ਖਾਣਾ ਤਿਆਰ ਕੀਤਾ ਅਤੇ ਸਭ ਨੇ ਮਿਲ ਕੇ ਖਾਧਾ। ਬਾਅਦ ਦੁਪਹਿਰ ਪ੍ਰਿੰਸੀਪਲ ਮੈਡਮ ਡਾਕਟਰ ਸ੍ਰੀਮਤੀ ਸੁਸ਼ੀਲ ਬਾਲਾ ਜੀ ਨੇ ਵਲੰਟੀਅਰ ਨੂੰ ਨੈਤਿਕ ਕਦਰਾਂ ਕੀਮਤਾਂ ਤੇ ਲੈਕਚਰ ਦਿੱਤਾ। ਉਹਨਾਂ ਨੇ ਦੱਸਿਆ ਕਿ ਇੱਕ ਦੂਜੇ ਵਿੱਚ ਸੇਵਾ ਦੀ ਭਾਵਨਾ ਦਾ ਅਹਿਸਾਸ ਹੋਣਾ ਚਾਹੀਦਾ ਹੈ ਅਤੇ ਹਮੇਸ਼ਾ @ਮੈਂ ਨਹੀਂ ਤੁਸੀਂ@ ਐੱਨ.ਐੱਸ.ਐੱਸ. ਲੋਗੋ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਮੌਕੇ ਵਲੰਟੀਅਰ ਨੇ ਪ੍ਰਿੰਸੀਪਲ ਮੈਡਮ ਨੂੰ ਪੌਦਾ ਦੇ ਕੇ ਸਨਮਾਨਿਤ ਕੀਤਾ ਅਤੇ ਮੈਡਮ ਵੀ ਵਲੰਟੀਅਰ ਨੂੰ ਮਿਲ ਕੇ ਬਹੁਤ ਖੁਸ਼ ਹੋਏ।

# ਭਦੌੜ ਤੋਂ ਛੰਨਾ ਤੱਕ ਸੜਕ ਨਾ ਬਣਨ ਕਾਰਨ ਲੋਕ ਧਰਨਾ ਦੇਣ ਲਈ ਹੋਏ ਮਜਬੂਰ



ਭਦੌੜ, 18 ਮਾਰਚ (ਸੁਖਵਿੰਦਰ ਪਲਾਹਾ) : ਭਦੌੜ ਤੋਂ ਛੰਨਾ ਗੁਲਾਬ ਸਿੰਘ ਵਾਲਾ ਸੜਕ ਦੇ ਇੱਕ ਸਾਲ ਤੋਂ ਲਗਾਤਾਰ ਕੰਮ ਅੱਧ ਵਿਚਕਾਰ ਲਟਕਣ ਦੇ ਰੋਸ ਵਜੋਂ ਅੱਜ ਰੋਹ ਵਿੱਚ ਆਏ ਲੋਕਾਂ ਵੱਲੋਂ ਛੰਨਾ ਰੋਡ 'ਤੇ ਧਰਨਾ ਦਿੱਤਾ ਗਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਮਾਨ ਨੇ ਕਿਹਾ ਕਿ ਵਾਰ ਵਾਰ ਜ਼ਿਲ੍ਹੇ ਬਰਨਾਲੇ ਦੇ ਉਚ ਅਧਿਕਾਰੀਆਂ ਨੂੰ ਇਸ ਮਸਲੇ ਨੂੰ ਧਿਆਨ ਵਿੱਚ ਲਿਆਂਦਾ ਗਿਆ ਸੀ , ਪਰ ਲੋਕਾਂ ਦੇ ਪੱਲੇ ਨਿਰਾਸ਼ਤਾ ਪੈਂਦੀ ਰਹੀ। ਉਹਨਾਂ ਕਿਹਾ ਕਿ ਲੋਕਾਂ ਦੀ ਆਵਾਜਾਈ ਵਿੱਚ ਅਤੇ ਹਾੜ੍ਹੀ ਦੀ ਫ਼ਸਲ ਨੂੰ ਸਾਂਭਣ ਲਈ ਰਸਤੇ ਦੀ ਆ ਰਹੀ ਵੱਡੀ ਸਮੱਸਿਆ ਨੂੰ ਧਿਆਨ ਵਿੱਚ ਰੱਖਦਿਆਂ ਅੱਜ ਵੱਖ ਵੱਖ ਜਥੇਬੰਦੀਆਂ ਪਿੰਡ ਛੰਨਾ ਗੁਲਾਬ ਸਿੰਘ ਵਾਲਾ ਅਤੇ ਭਦੌੜ ਦੀਆਂ ਪੰਚਾਇਤਾਂ, ਬਾਜਾਖਾਨਾ ਰੋਡ ਭਦੌੜ ਅਤੇ ਭਦੌੜ ਦੇ ਆਸ ਪਾਸ ਦੇ ਪਿੰਡਾਂ ਦੇ ਜੱਥੇਬੰਦੀਆ ਨਾਲ ਜੁੜੇ ਲੋਕਾਂ ਨੇ ਇਸ ਧਰਨੇ ਵਿੱਚ ਸਹਿਯੋਗ ਦਿੱਤਾ। ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਮਾਨ, ਬਲਾਕ ਪ੍ਰਧਾਨ ਭੋਲਾ ਸਿੰਘ ਛੰਨਾ,ਕਾਲਾ ਜੈਦ, ਰਾਮ ਸਿੰਘ ਸ਼ਹਿਣਾ, ਸੁਖਦੇਵ ਪੱਪੂ ਜੰਗੀਆਣਾ, ਗੁਰਜੀਤ ਸਿੱਘ ਤੋਤਾ ਦੀਪਗੜ੍ਹ, ਅਮਨਦੀਪ ਟਿੰਕਾਂ, ਧੀਰਜ ਸਿੰਘ, ਲੱਖਾਂ ਧਾਲੀਵਾਲ, ਲਛਮਣ ਸਿੰਘ ਮਾਨ, ਜੰਗ ਸਿੰਘ ਮਾਨ, ਹਰਦੀਪ ਸਿੰਘ ਮਾਨ, ਲੀਲਾ ਮੌੜ,ਪੱਪਾ ਕੋਠੇ ਖਿਉਣ ਸਿੰਘ ਭਦੌੜ, ਜਤਿੰਦਰ ਸਿੰਘ ਡਾਲੇ ਵਾਲੇ, ਜੱਗਾਂ ਸਿੰਘ ਮਾਨ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬੁਰਜਗਿੱਲ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਕਰਮਜੀਤ ਸਿੰਘ ਮਾਨ, ਇਕਾਈ ਪ੍ਰਧਾਨ ਵਿਸਾਖਾ ਸਿੰਘ ਭਦੌੜ, ਛਿੰਦਾ ਸਿੰਘ, ਕਾਲੂ ਗਿੱਲ, ਕਾਕਾ ਜੰਗੀਆਣਾ, ਗੁਰਚਰਨ ਜੰਗੀਆਣਾ, ਪਿਆਰਾ ਸਿੰਘ ਮੱਝੂਕੇ, ਹਰਦੀਪ ਸਿੰਘ, ਸੁਖਦੇਵ ਸਿੰਘ, ਭਗਵੰਤ ਸਿੰਘ ਚੁੰਘਾ ਵਾਲੇ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਗੁਰਚਰਨ ਸਿੰਘ ਧਾਲੀਵਾਲ, ਮਿਸਤਰੀ ਕਰਮ ਸਿੰਘ ਭਦੌੜ, ਨਿਰਮਲ ਸਿੰਘ, ਬਾਬੂ ਸਿੰਘ, ਕਿਸਾਨ ਯੂਨੀਅਨ ਉਗਰਾਹਾਂ ਦੇ ਜ਼ਿਲ੍ਹਾ ਆਗੂ ਭੈਣ ਬਿੰਦਰਪਾਲ ਕੌਰ, ਹਰਦੇਵ ਕੌਰ, ਸੁਖਦੇਵ ਕੌਰ, ਗੁਰਮੇਲ ਕੌਰ, ਮੌਜੂਦਾ ਸਰਪੰਚ ਬਸੰਤ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਮਾਨ ਦੇ ਸਰਕਲ ਪ੍ਰਧਾਨ ਅਜ਼ੀਤ ਸਿੰਘ ਗਰੇਵਾਲ, ਕਾਮਰੇਡ ਹਰਨੇਕ ਸਿੰਘ ਮਾਨ ਆਦਿ ਹਾਜ਼ਿਰ ਸਨ। ਇਸ ਮੌਕੇ ਐਕਸੀਅਨ ਕੁਲਦੀਪ ਸਿੰਘ, ਪ੍ਰਦੀਪ ਸਿੰਘ ਐਸ ਡੀ ਓ, ਅਮਰਪਾਲ ਸਿੰਘ ਜੇ ,ਈ ਨੇ ਸਬੰਧਿਤ ਠੇਕੇਦਾਰ ਨੂੰ ਮੌਕੇ ਤੇ ਬੁਲਾ ਕੇ ਪਿਛਲੇ ਇੱਕ ਸਾਲ ਤੋਂ ਰੁਕਿਆ ਹੋਇਆ ਕੰਮ ਸੜਕ ਦਾ ਬਿਨਾਂ ਕਿਸੇ ਦੇਰੀ ਤੋਂ ਚਾਲੂ ਕਰਵਾਇਆ। ਸਟੇਜ ਸੈਕਟਰੀ ਦੀ ਭੂਮਿਕਾ ਕਾਲ਼ਾ ਸਿੰਘ ਜੈਦ ਅਤੇ ਕਰਮਜੀਤ ਸਿੰਘ ਮਾਨ ਨੇ ਬਾਖੂਬੀ ਢੰਗ ਨਾਲ ਨਿਭਾਈ।

# ਅਧਿਆਪਕਾਂ ਦੀ ਸੇਵਾ ਸੁਰੱਖਿਆ ਦੀ ਬਜਾਏ ਪੁਲਸੀਆ ਤਸ਼ੱਦਦ ਵਿਰੁੱਧ ਪੰਜਾਬ ਸਰਕਾਰ ਦੀਆਂ ਅਰਥੀਆਂ ਫੂਕੀਆਂ



ਬਰਨਾਲਾ, 18 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਸੂਬਾ ਪੱਧਰੀ ਸੱਦੇ ਅਨੁਸਾਰ ਅੱਜ ਬਰਨਾਲਾ ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜੱਥੇਬੰਦੀਆਂ ਵੱਲੋਂ ਡੀ ਸੀ ਕੰਪਲੈਕਸ ਵਿੱਚ ਰੈਲੀ ਕਰਨ ਉਪਰੰਤ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਦੀ ਰਿਹਾਇਸ਼ ਅੱਗੇ ਪੰਜਾਬ ਦੇ ਅਧਿਆਪਕਾਂ ਉੱਪਰ ਅੱਥਰੂ ਗੈਸ ਦੇ ਗੋਲੇ ਅਤੇ ਪਾਣੀ ਦੀਆਂ ਬੁਛਾੜਾਂ ਮਾਰਨ ਦੇ ਵਿਰੋਧ ਵੱਜੋਂ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ। ਜੱਥੇਬੰਦੀਆਂ ਦੇ ਆਗੂਆਂ ਹਰਿੰਦਰ ਮੱਲੀਆਂ,ਨਰਿੰਦਰ ਸ਼ਹਿਣਾ,ਰਾਜੀਵ ਕੁਮਾਰ,ਜਸਵੀਰ ਬੀਹਲਾ,ਪਰਮਿੰਦਰ ਬਰਨਾਲਾ, ਅਮਰਜੀਤ ਖਾਲਸਾ ਦੀ ਅਗਵਾਈ ਵਿੱਚ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਸੁਪਰੀਮ ਕੋਰਟ ਰਾਹੀਂ ਟੈੱਟ ਦੀ ਬਿਲਕੁਲ ਬੇਲੋੜੀ, ਗੈਰਵਿਧਾਨਿਕ ਸ਼ਰਤ ਜਬਰੀ ਥੋਪਣ, ਪੰਜਾਬ ਸਰਕਾਰ ਵੱਲੋਂ ਬਜਟ ਸੈਸ਼ਨ ਦੌਰਾਨ ਅਧਿਆਪਕਾਂ ਦੀ ਸੇਵਾ ਸੁਰੱਖਿਆ ਲਈ ਬਿੱਲ ਨਾ ਲਿਆਉਣ, ਸੁਪਰੀਮ ਕੋਰਟ ਵਿੱਚ ਰੀਵਿਊ ਪਟੀਸ਼ਨ ਦਾਖਲ ਨਾ ਕਰਨ, ਸਿੱਖਿਆ ਵਿਭਾਗ ਵਲੋਂ ਕੁਝ ਵਰਗਾਂ ਨੂੰ ਟੈੱਟ ਤੋਂ ਛੋਟ ਦੇਣ ਦਾ ਪੱਤਰ ਰੱਦ ਕਰਨ, ਸੰਘਰਸ਼ ਦੌਰਾਨ ਜਲ ਤੋਪਾਂ, ਲਾਠੀਚਾਰਜ ਅਤੇ ਅਥਰੂ ਗੈਸ ਦੇ ਗੋਲਿਆਂ ਦੀ ਅੰਨ੍ਹੇਵਾਹ ਵਰਤੋਂ ਕਰਕੇ ਅਧਿਆਪਕਾਂ ਨੂੰ ਜਖਮੀ ਕਰਕੇ ਰਾਸ਼ਟਰ ਨਿਰਮਾਤਾ ਅਧਿਆਪਕਾਂ ਦੇ ਮਾਨ ਸਨਮਾਨ ਨੂੰ ਸੱਟ ਮਾਰਨ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ। ਆਗੂਆਂ ਨਿਰਮਲ ਚੁਹਣਕੇ , ਤੇਜਿੰਦਰ ਸਿੰਘ ਤੇਜੀ , ਲਖਵੀਰ ਭਦੌੜ, ਅਸਵਨੀ ਹਮੀਦੀ , ਦਲਜਿੰਦਰ ਸਿੰਘ ਪੰਡੋਰੀ, ਸਿਰੀ ਚੰਦ ਵਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਚਾਰ ਸਾਲ ਦੇ ਕਾਰਜਕਾਲ ਵਿੱਚ ਅਧਿਆਪਕਾਂ ਦੀ ਕਿਸੇ ਵੀ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਅਧਿਆਪਕਾਂ ਦੇ ਹਰ ਵਰਗ 'ਤੇ ਪੁਲਸੀਆ ਤਸ਼ੱਦਦ ਹੀ ਕੀਤਾ ਹੈ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਲੰਗੜਾ ਨੋਟੀਫਿਕੇਸ਼ਨ ਜਾਰੀ ਕਰਨ ਦੇ ਬਾਵਜੂਦ ਹੁਣ ਤੱਕ ਲਾਗੂ ਨਹੀਂ ਕੀਤੀ ਗਈ, ਤਨਖਾਹ ਦੁਹਰਾਈ ਦੇ ਬਕਾਏ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਜਾਰੀ ਕੀਤੀਆਂ ਕਿਸ਼ਤਾਂ ਦੇ ਬਕਾਏ ਮਿੱਟੀ ਘੱਟੇ ਰਲਾ ਦਿੱਤੇ ਗਏ ਹਨ, ਸੋਧਣ ਦੇ ਨਾਂ ਤੇ ਬੰਦ ਕੀਤੇ ਸਮੁੱਚੇ ਭੱਤੇ ਬਹਾਲ ਨਹੀਂ ਕੀਤੇ ਜਾ ਰਹੇ, ਤਨਖਾਹ ਕਮਿਸ਼ਨ ਦੀ ਪੂਰੀ ਰਿਪੋਰਟ ਵੀ ਜਾਰੀ ਨਹੀਂ ਕੀਤੀ ਗਈ, ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਤੇ ਸਕੂਲ ਮੁਖੀਆਂ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਹੋਣ ਦੇ ਬਾਵਜੂਦ ਬੇਰੁਜ਼ਗਾਰ ਅਧਿਆਪਕਾਂ ਨੂੰ ਰੁਜ਼ਗਾਰ ਨਹੀਂ ਦਿੱਤਾ ਜਾ ਰਿਹਾ। ਸਰਕਾਰ ਵਲੋਂ ਖਜਾਨਾ ਭਰੇ ਹੋਣ ਦੇ ਦਮਗਜੇ ਮਾਰੇ ਜਾ ਰਹੇ ਹਨ, ਪਰ ਅਧਿਆਪਕਾਂ ਦੇ ਵਿੱਤੀ ਮਸਲੇ ਹੱਲ ਨਹੀਂ ਕੀਤੇ ਜਾ ਰਹੇ, ਬਹੁਗਿਣਤੀ ਅਧਿਆਪਕ ਫਰਵਰੀ ਮਹੀਨੇ ਦੀ ਤਨਖਾਹ ਨੂੰ ਤਰਸ ਰਹੇ ਹਨ। ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ ਸੇਵਾ ਨਿਭਾ ਰਹੇ ਅਧਿਆਪਕਾਂ ਦੇ ਸਿਰ ਤੇ ਛਾਂਟੀ ਦੀ ਤਲਵਾਰ ਲਟਕਾ ਦਿੱਤੀ ਗਈ ਹੈ। ਇਸ ਰੋਸ ਪ੍ਰਦਰਸ਼ਨ ਵਿੱਚ ਹੋਰਨਾਂ ਤੋਂ ਇਲਾਵਾ ਸਤਪਾਲ ਤਪਾ, ਰਾਜਿੰਦਰ ਕੁਮਾਰ, ਸਤਨਾਮ ਭੋਤਨਾ , ਅਮਰੀਕ ਸਿੰਘ ਭੱਦਲਵੱਡ, ਕਪਿਲ ਤਪਾ, ਅੰਮ੍ਰਿਤ ਪਾਲ ਕੋਟਦੂੱਨਾ, ਮਾਲਵਿੰਦਰ ਸਿੰਘ ਬਰਨਾਲਾ , ਲਖਵੀਰ ਸਿੰਘ ਠੀਕਰੀਵਾਲਾ, ਕਰਮਜੀਤ ਸਿੰਘ ਭੋਤਨਾ, ਕੇਵਲ ਸਿੰਘ , ਜਗਤਾਰ ਸਿੰਘ ਪੱਤੀ, ਸੁਖਵੀਰ ਸਿੰਘ , ਭਰਤ ਕੁਮਾਰ , ਸੰਘੇੜਾ, ਕਮਲਜੀਤ ਕੌਰ ਭੁੱਲਰ, ਅਸ਼ੋਕ ਛੀਨੀਵਾਲ, ਮਨਜੀਤ ਸਿੰਘ ਬਖਤਗੜ ਆਦਿ ਹਾਜ਼ਰ ਸਨ।

# ਵਾਈ.ਐਸ. ਕਾਲਜ ਦੇ ਐਚ.ਓ.ਡੀਜ਼ ਵੱਲੋਂ ਪ੍ਰੇਰਨਾਦਾਇਕ ਟੀਚਰ ਕਨੈਕਟ ਪ੍ਰੋਗਰਾਮ ਦੀ ਅਗਵਾਈ



ਬਰਨਾਲਾ, 18 ਮਾਰਚ (ਬਘੇਲ ਸਿੰਘ ਧਾਲੀਵਾਲ) : ਵਾਈ.ਐਸ ਕਾਲਜ, ਜੋ ਕਿ ਸਾਲ ਦੇ ਸਭ ਤੋਂ ਉਭਰਦੇ ਸਰਵਉੱਚ ਸੰਸਥਾਨ ਵਜੋਂ ਮਾਨਤਾ ਪ੍ਰਾਪਤ ਹੈ, ਅਕਾਦਮਿਕ ਨਵੀਨਤਾ ਅਤੇ ਵਿਹਾਰਕ ਸਿੱਖਿਆ ਵੱਲ ਆਪਣੀ ਵਚਨਬੱਧਤਾ ਨੂੰ ਬਣਾਈ ਰੱਖਦਾ ਹੈ। 19 ਮਾਰਚ ਨੂੰ ਸੰਸਥਾਨ ਲਈ ਇੱਕ ਮਹੱਤਵਪੂਰਨ ਦਿਨ ਸੀ ਜਦੋਂ ਇਸ ਨੇ ਵਿਦਿਆਰਥੀਆਂ ਨਾਲ ਇਕੱਠੇ ਵਿਆਪਕ ਅਧਿਆਪਕ ਜੋੜ ਪ੍ਰੋਗਰਾਮ ਸੈਸ਼ਨ ਕੀਤਾ, ਜਿਸਦਾ ਉਦੇਸ਼ ਅਕਾਦਮਿਕ ਵਾਤਾਵਰਨ ਨੂੰ ਮਜ਼ਬੂਤ ਕਰਨਾ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਅਰਥਪੂਰਨ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਸੀ। ਸੈਸ਼ਨ ਨੂੰ ਸੋਚ-ਸਮਝ ਕੇ ਤਿਆਰ ਕੀਤਾ ਗਿਆ ਸੀ, ਤਾਂ ਜੋ ਹਿੱਸਾ ਲੈਣ ਵਾਲੇ ਨਵੇਂ ਵਿਚਾਰਾਂ ਦੀ ਖੋਜ ਕਰ ਸਕਣ, ਮਹੱਤਵਪੂਰਨ ਅੰਸ਼ੇ ਹਾਸਲ ਕਰਨ ਅਤੇ ਅਕਾਦਮਿਕ ਤੇ ਨਿੱਜੀ ਵਿਕਾਸ ਲਈ ਮੌਕੇ ਲੱਭ ਸਕਣ। ਇਹ ਪ੍ਰੋਗਰਾਮ ਰਾਜਸਥਾਨ ਕੇਂਦਰੀ ਯੂਨੀਵਰਸਿਟੀ ਵਿਖੇ ਮਾਲਵੀਯ ਮਿਸ਼ਨ ਅਧਿਆਪਕ ਤਾਲੀਮ ਪ੍ਰੋਗਰਾਮ (ਐੱਮ.ਐੱਮ.ਟੀ.ਟੀ.ਪੀ) ਅਧੀਨ ਕੀਤਾ ਗਿਆ। ਇਹ ਗੁਰਤਵਪੂਰਨ ਪਹਿਲਕਦਮੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ) ਅਤੇ ਰਾਸ਼ਟਰੀ ਸਿੱਖਿਆ ਨੀਤੀ (ਐੱਨ.ਈ.ਪੀ) 2020 ਦੇ ਦ੍ਰਿਸ਼ਟੀਕੋਣ ਨਾਲ ਘਰੀਲੀਆਂ ਹੈ, ਜੋ ਗੁਣਵੱਤਾ ਵਧਾਉਣ, ਸਿੱਖਿਆ-ਸਿੱਖਣ ਪ੍ਰਕਿਰਿਆਵਾਂ ਵਿੱਚ ਨਵੀਨਤਾ ਅਤੇ ਉੱਚ ਸਿੱਖਿਆ ਵਿੱਚ ਨੇਤ੍ਰਤਵ ਵਿਕਾਸ ਉੱਤੇ ਜ਼ੋਰ ਦਿੰਦੇ ਹਨ। ਸੈਸ਼ਨ ਨੇ ਅਧਿਆਪਕਾਂ ਲਈ ਲਗਾਤਾਰ ਪੇਸ਼ੇਵਰ ਵਿਕਾਸ ਦੇ ਮਹੱਤਵ ਅਤੇ ਵਿਦਿਆਰਥੀ ਸਫਲਤਾ ਉੱਤੇ ਇਸਦੇ ਸਿੱਧੇ ਪ੍ਰਭਾਵ ਨੂੰ ਉਜਾਗਰ ਕੀਤਾ। ਬੀ.ਏ.ਜੇ.ਐੱਮ.ਸੀ ਵਿਭਾਗ ਦੀ ਹੈਡ ਜਸਦੀਪ ਕੌਰ ਨੇ ਮਾਲਵੀਯ ਮਿਸ਼ਨ ਸਕੀਮ ਵਿੱਚ ਹਿੱਸਾ ਲੈਣ ਦੇ ਆਪਣੇ ਅਮੀਰ ਅਨੁਭਵ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਇਹ ਉਜਾਗਰ ਕੀਤਾ ਕਿ ਐੱਨ.ਈ.ਪੀ 2020 ਪ੍ਰੇਰਿਤ ਅਤੇ ਚੰਗੀ ਤਰ੍ਹਾਂ ਤਾਲੀਮ ਪ੍ਰਾਪਤ ਅਧਿਆਪਕਾਂ ਨੂੰ ਸਿੱਖਿਆਵਾਂ ਵਿੱਚ ਅਰਥਪੂਰਨ ਬਦਲਾਅ ਲਿਆਉਣ ਲਈ ਉਤਸ਼ਾਹਿਤ ਕਰਦੀ ਹੈ। ਬੀ.ਐੱਸ.ਸੀ (ਆਈ.ਟੀ) ਵਿਭਾਗ ਦੀ ਹੈਡ ਹਰਮਨਪ੍ਰੀਤ ਕੌਰ ਨੇ ਆਪਣੀ ਮਾਹਰਾਨਾ ਜਾਣਕਾਰੀ ਨਾਲ ਯੋਗਤਾ ਵਧਾਉਣ ਦੇ ਮਹੱਤਵ ਉੱਤੇ ਚਰਚਾ ਕੀਤੀ, ਖਾਸਕਰ ਮਾਨਸਿਕ ਸਿਹਤ ਅਤੇ ਲਚਕੀਲੇਪਣ ਉੱਤੇ ਧਿਆਨ ਕੇਂਦ੍ਰਿਤ ਕਰਦਿਆਂ। ਬੀ.ਸੀ.ਏ ਵਿਭਾਗ ਦੇ ਹੈਡ ਦੀਪੇਸ਼ ਕੁਮਾਰ ਨੇ ਸਿੱਖਿਆ ਵਿੱਚ ਇਰਾਦੇ ਅਤੇ ਯੋਗਤਾ ਦੇ ਮਹੱਤਵ ਉੱਤੇ ਆਪਣੇ ਅੰਸ਼ੇ ਸਾਂਝੇ ਕੀਤੇ। ਉਨ੍ਹਾਂ ਨੇ ਵਿਆਖਿਆ ਕੀਤੀ ਕਿ ਮਜ਼ਬੂਤ ਇਰਾਦਾ, ਲਗਾਤਾਰ ਸਿੱਖਣ ਅਤੇ ਹੁਨਰ ਵਿਕਾਸ ਦਾ ਸੁਮੇਲ ਅਧਿਆਪਕਾਂ ਲਈ ਵਿਦਿਆਰਥੀਆਂ ਨੂੰ ਗਤੀਸ਼ੀਲ ਅਤੇ ਮੁਕਾਬਲੇ ਵਾਲੀ ਦੁਨੀਆਂ ਵਿੱਚ ਰਾਹ ਦਿਖਾਉਣ ਲਈ ਜ਼ਰੂਰੀ ਹੈ। ਬੀ.ਕਾਮ (ਐੱਚ) ਵਿਭਾਗ ਦੀ ਹੈਡ ਅਮਰ ਜੋਤੀ ਨੇ ਵੀ ਸਾਕਾਰਾਤਮਕ ਤਰੀਕੇ ਨਾਲ ਹਿੱਸਾ ਲਿਆ ਅਤੇ ਚਰਚਾਵਾਂ ਵਿੱਚ ਯੋਗਦਾਨ ਪਾਇਆ, ਜੋ ਸੰਸਥਾਨ ਦੀ ਅਕਾਦਮਿਕ ਉੱਤਮਤਾ ਅਤੇ ਪੇਸ਼ੇਵਰ ਵਿਕਾਸ ਵੱਲ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਡਾਇਰੈਕਟਰ ਵਰੁਣ ਭਾਰਤੀ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਜ਼ੋਰ ਦਿੱਤਾ ਕਿ ਅਜਿਹੇ ਪ੍ਰੋਗਰਾਮ ਸਿੱਖਣ ਵਿਧੀਆਂ ਅਤੇ ਵਿਦਿਆਰਥੀ ਉਮੀਦਾਂ ਵਿਚਕਾਰ ਗੈਪ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਉਜਾਗਰ ਕੀਤਾ ਕਿ ਫੈਕਲਟੀ ਦਾ ਲਗਾਤਾਰ ਵਿਕਾਸ ਸੰਸਥਾਨੀਅਲ ਸਫਲਤਾ ਅਤੇ ਨਵੀਨਤਾ ਦਾ ਅਸਲੀ ਪੱਥਰਬਲਡ ਹੈ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਫੈਕਲਟੀ ਮੈਂਬਰਾਂ ਦੇ ਰਾਸ਼ਟਰੀ ਪੱਧਰੀ ਪ੍ਰੋਗਰਾਮਾਂ ਵਿੱਚ ਸਕਰਿਆ ਹਿੱਸੇ ਉੱਤੇ ਮਾਣ ਪ੍ਰਗਟ ਕੀਤਾ। ਉਨ੍ਹਾਂ ਨੇ ਕਿਹਾ ਕਿ ਐੱਮ ਐੱਮ ਟੀ ਪੀ ਵਰਗੀਆਂ ਪਹਿਲਕਦਮੀਆਂ ਵਿੱਚ ਹਿੱਸਾ ਨਾ ਸਿਰਫ਼ ਸਿੱਖਿਣ ਗੁਣਵੱਤਾ ਵਧਾਉਂਦਾ ਹੈ ਬਲਕਿ ਸੰਸਥਾਨ ਨੂੰ ਰਾਸ਼ਟਰੀ ਸਿੱਖਿਆ ਸੁਧਾਰਾਂ ਅਤੇ ਵਿਸ਼ਵ ਮਾਪਦੰਡਾਂ ਨਾਲ ਜੋੜਦਾ ਹੈ। ਵਾਈਸ ਪ੍ਰਿੰਸੀਪਲ ਵੀ.ਪੀ. ਸਿੰਗਲਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਸਹਿਯੋਗੀ ਸਿੱਖਣ ਵਾਤਾਵਰਨ ਅਤੇ ਅਧਿਆਪਕਾਂ ਦੇ ਲਗਾਤਾਰ ਅਪਸਕਿੱਲਿੰਗ ਦੇ ਮਹੱਤਵ ਉੱਤੇ ਜ਼ੋਰ ਦਿੰਦਿਆਂ। ਉਨ੍ਹਾਂ ਨੇ ਨੋਟ ਕੀਤਾ ਕਿ ਅਜਿਹੇ ਸੈਸ਼ਨ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਹਾਂ ਲਈ ਲਾਭਕਾਰੀ ਤਰੱਕੀਪੂਰਨ ਅਕਾਦਮਿਕ ਸੰਸਕ੍ਰਿਤੀ ਬਣਾਉਣ ਵਿੱਚ ਬਹੁਤ ਯੋਗਦਾਨ ਪਾਉਂਦੇ ਹਨ। ਅਧਿਆਪਕ ਜੋੜ ਪ੍ਰੋਗਰਾਮ ਸੈਸ਼ਨ ਬਹੁਤ ਅਮੀਰ ਅਨੁਭਵ ਸਾਬਤ ਹੋਇਆ, ਜੋ ਵਾਈ ਐਸ ਕਾਲਜ ਦੀ ਅਕਾਦਮਿਕ ਉੱਤਮਤਾ ਨੂੰ ਵਧਾਉਣ, ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਆਪਣੇ ਅਕਾਦਮਿਕ ਸਮੁਦਾਇ ਨੂੰ ਵਿਹਾਰਕ ਵਿਕਾਸ ਲਈ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ।

# ਜਨਮ ਸਮੇਂ ਬੱਚੇ ਅਤੇ ਮਾਂ ਦੀ ਮੌਤ ਦਰ ਨੂੰ ਸਿਫ਼ਰ 'ਤੇ ਲੈ ਕੇ ਆਉਣਾ ਮਮਤਾ ਦਿਵਸ ਮਨਾਉਣ ਦਾ ਮੁੱਖ ਉਦੇਸ਼ : ਡਾ. ਮਨਦੀਪ ਕੌਰ ਬੱਲ



ਧਨੌਲਾ, 18 ਮਾਰਚ (ਚਮਕੌਰ ਸਿੰਘ ਗੱਗੀ) : ਸਿਵਲ ਸਰਜਨ ਰੂਪਨਗਰ ਡਾ. ਹਰੀਪਾਲ ਸਿੰਘ ਸਿੱਧੂ ਦੇ ਹੁਕਮਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਵੰਤ ਸਿੰਘ ਔਜਲਾ ਦੀ ਅਗਵਾਈ ਹੇਠ ਹਰ ਬੁੱਧਵਾਰ ਦੀ ਤਰ੍ਹਾਂ ਇਸ ਬੁੱਧਵਾਰ ਵੀ ਸੀ.ਐੱਚ.ਸੀ ਧਨੌਲਾ ਅਤੇ ਇਸਦੇ ਅਧੀਨ ਵੱਖ ਵੱਖ ਆਯੂਸ਼ਮਾਨ ਅਰੋਗਿਆ ਕੇਂਦਰਾਂ 'ਤੇ ਮਮਤਾ ਦਿਵਸ ਮਨਾਇਆ ਗਿਆ। ਇਸ ਦੌਰਾਨ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਮੁਫ਼ਤ ਸਿਹਤ ਜਾਂਚ ਅਤੇ ਟੀਕਾਕਰਨ ਕੀਤਾ ਗਿਆ। ਸੀ.ਐੱਚ.ਸੀ ਧਨੌਲਾ ਵਿਖੇ ਜਨਾਨਾ ਰੋਗਾਂ ਦੇ ਮਾਹਿਰ ਡਾ. ਮਨਦੀਪ ਕੌਰ ਬੱਲ ਨੇ ਦੱਸਿਆ ਕਿ ਜਣੇਪੇ ਦੌਰਾਨ ਮਾਂ ਅਤੇ ਬੱਚੇ ਦੀ ਮੌਤ ਦਰ ਨੂੰ ਸਿਫ਼ਰ 'ਤੇ ਲੈ ਕੇ ਆਉਣ ਦੇ ਉਦੇਸ਼ ਨਾਲ ਅਤੇ ਉਹਨਾਂ ਦਾ ਮਾਰੂ ਰੋਗਾਂ ਤੋਂ ਬਚਾਅ ਲਈ ਸੌ ਫ਼ੀਸਦੀ ਟੀਕਾਕਰਨ ਯਕੀਨੀ ਬਣਾਉਣ ਵਾਸਤੇ ਹਰ ਬੁੱਧਵਾਰ ਮਮਤਾ ਦਿਵਸ ਮਨਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਇਸ ਦੌਰਾਨ ਲੱਗਣ ਵਾਲੇ ਟੀਕੇ ਬੱਚਿਆਂ ਨੂੰ ਪੋਲੀਓ, ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ , ਗਲਘੋਟੂ ਅਤੇ ਟੈਟਨਸ ਵਰਗੇ ਮਾਰੂ ਰੋਗਾਂ ਤੋਂ ਸੁਰੱਖਿਆ ਪ੍ਰਦਾਨ ਕਰਦੇ ਹਨ। ਡਾ. ਬੱਲ ਨੇ ਗਰਭਵਤੀ ਔਰਤਾਂ ਨੂੰ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਣ ਅਤੇ ਆਪਣੀ ਖ਼ੁਰਾਕ ਵਿੱਚ ਹਰੀਆਂ ਸਬਜ਼ੀਆਂ ਅਤੇ ਫਲ ਸ਼ਾਮਲ ਕਰਨ ਦੀ ਸਲਾਹ ਦਿੱਤੀ ਤਾਂ ਜੋ ਜੱਚਾ-ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਸਰੀਰ ਵਿੱਚ ਖ਼ੂਨ ਦੀ ਕਮੀ ਨਾ ਹੋਵੇ। ਉਹਨਾਂ ਲੋਕਾਂ ਨੂੰ ਸਰਕਾਰੀ ਸਿਹਤ ਕੇਂਦਰਾਂ 'ਤੇ ਹਰ ਹਫ਼ਤੇ ਲੱਗਣ ਵਾਲੇ ਇਨ੍ਹਾਂ ਸਿਹਤ ਜਾਂਚ ਅਤੇ ਟੀਕਾਕਰਨ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ ਤਾਂ ਜੋ ਗਰਭਵਤੀ ਔਰਤਾਂ ਤੇ ਬੱਚਿਆਂ ਦਾ ਸੌ ਫ਼ੀਸਦੀ ਟੀਕਾਕਰਨ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਬਲਾਕ ਐੱਲ.ਐੱਚ.ਵੀ ਇੰਦਰਜੀਤ ਕੌਰ, ਏ.ਐੱਨ.ਐੱਮ ਸਰਬਜੀਤ ਕੌਰ ਅਤੇ ਗੁੱਡੀ ਕੌਰ ਅਤੇ ਆਸ਼ਾ ਵਰਕਰ ਬਬੀਤਾ ਰਾਣੀ, ਨਿੱਕੀ, ਰਮਨਦੀਪ, ਸਰਬਜੀਤ ਅਤੇ ਮਨਪ੍ਰੀਤ ਕੌਰ ਤੋਂ ਇਲਾਵਾ ਪੂਨਮ ਦੇਵੀ ਹਾਜ਼ਰ ਸਨ।

# ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਤਿੰਨ ਦਿਨਾਂ ਕੈਂਪ



ਬਰਨਾਲਾ, 18 ਮਾਰਚ (ਬਘੇਲ ਸਿੰਘ ਧਾਲੀਵਾਲ): ਡਿਪਟੀ ਕਮਿਸ਼ਨਰ ਕਮ ਪ੍ਰਧਾਨ ਇੰਡੀਅਨ ਰੈਡ ਕਰਾਸ ਸੋਸਾਇਟੀ ਬਰਨਾਲਾ ਹਰਪ੍ਰੀਤ ਆਈ ਏ ਐਸ ਦੇ ਉੱਦਮ ਨਾਲ ਜ਼ਿਲ੍ਹਾ ਬਰਨਾਲਾ ਵਿੱਚ ਲੋੜਵੰਦਾਂ ਨੂੰ ਬਣਾਉਟੀ ਅੰਗ ਮੁਹੱਈਆ ਕਰਾਉਣ ਲਈ ਤਿੰਨ ਰੋਜ਼ਾ ਅਸੈਸਮੈਂਟ ਵੰਡ ਕੈਂਪ ਬੀਬੀ ਪ੍ਰਧਾਨ ਕੌਰ ਗੁਰਦੁਆਰਾ ਸਾਹਿਬ ਵਿਖੇ ਲਾਇਆ ਗਿਆ। ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਸਹਾਇਕ ਉਪਕਰਨ ਅਤੇ ਬਣਾਉਟੀ ਅੰਗਾਂ ਦੇ ਨਾਪ ਲੈ ਕੇ ਮੌਕੇ @ਤੇ ਹੀ ਦਿੱਤੇ ਗਏ ਤਾਂ ਜੋ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ ਅਤੇ ਉਹਨਾਂ ਨੂੰ ਵਾਰ-ਵਾਰ ਆਉਣ ਦੀ ਲੋੜ ਨਾ ਪਵੇ। ਉਹਨਾਂ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਅਤੇ ਨੇੜਲੇ ਜ਼ਿਲ੍ਹਿਆਂ ਤੋਂ ਵੀ ਵੀ ਲੋੜਵੰਦ ਇੱਥੇ ਪੁੱਜੇ ਅਤੇ ਕੈਂਪ ਦਾ ਲਾਭ ਲਿਆ। ਇਸ ਮੌਕੇ ਸਕੱਤਰ ਜ਼ਿਲ੍ਹਾ ਰੈਡ ਕਰੋਸ ਸੁਸਾਇਟੀ ਸਵਰਨ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਬਨਾਉਟੀ ਅੰਗ, ਸਹਾਇਕ ਉਪਕਰਨ ਵੀਲ ਚੇਅਰ, ਟ੍ਰਾਈ ਸਾਈਕਲ, ਸੁਣਨ ਵਾਲਿਆਂ ਮਸ਼ੀਨਾਂ ਤੇ ਹੋਰ ਸਮਾਨ ਬਿਲਕੁਲ ਮੁਫ਼ਤ ਦਿੱਤਾ ਗਿਆ।

# ਜ਼ਿਲ੍ਹਾ ਬਰਨਾਲਾ ਦੇ ਕਿਸਾਨਾਂ ਲਈ 'ਫਾਰਮਰ ਰਜਿਸਟਰੀ' ਕਰਵਾਉਣਾ ਲਾਜ਼ਮੀ : ਮੁੱਖ ਖੇਤੀਬਾੜੀ ਅਫ਼ਸਰ



ਬਰਨਾਲਾ, 18 ਮਾਰਚ (ਬਘੇਲ ਸਿੰਘ ਧਾਲੀਵਾਲ) : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਰਨਾਲਾ ਵੱਲੋਂ ਪੀ.ਐੱਮ. ਕਿਸਾਨ ਸਨਮਾਨ ਨਿਧੀ ਅਤੇ ਹੋਰ ਵਿਭਾਗੀ ਸਕੀਮਾਂ ਦਾ ਲਾਭ ਲੈਣ ਲਈ ਕਿਸਾਨਾਂ ਨੂੰ 'ਫਾਰਮਰ ਰਜਿਸਟਰੀ' ਕਰਵਾਉਣ ਦੀ ਅਪੀਲ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ, ਬਰਨਾਲਾ ਡਾ. ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੁਣ ਹਰ ਕਿਸਾਨ ਲਈ 'ਐਗਰੀਸਟੈਕ ਪੋਰਟਲ' 'ਤੇ ਰਜਿਸਟਰ ਹੋਣਾ ਅਤੇ ਆਪਣੀ ਵਿਲੱਖਣ ਫਾਰਮਰ ਆਈ ਡੀ ਬਣਾਉਣਾ ਲਾਜ਼ਮੀ ਹੋਵੇਗਾ।

ਡਾ. ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਫਾਰਮਰ ਰਜਿਸਟਰੀ ਦਾ ਮੁੱਖ ਮਕਸਦ ਕਿਸਾਨਾਂ ਦਾ ਇੱਕ ਕੇਂਦਰਿਤ ਡਾਟਾਬੇਸ ਤਿਆਰ ਕਰਨਾ ਹੈ ਤਾਂ ਜੋ ਸਰਕਾਰੀ ਸਬਸਿਡੀਆਂ ਅਤੇ ਸਕੀਮਾਂ ਦਾ ਲਾਭ ਸਿੱਧਾ ਅਸਲੀ ਕਿਸਾਨ ਤੱਕ ਪਹੁੰਚ ਸਕੇ। ਭਵਿੱਖ ਵਿੱਚ ਪੀ.ਐੱਮ. ਕਿਸਾਨ ਸਨਮਾਨ ਨਿਧੀ ਦੀਆਂ ਅਗਲੀਆਂ ਕਿਸ਼ਤਾਂ ਕੇਵਲ ਉਨ੍ਹਾਂ ਕਿਸਾਨਾਂ ਨੂੰ ਹੀ ਮਿਲਣਗੀਆਂ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਮੁਕੰਮਲ ਹੋਵੇਗੀ। ਰਜਿਸਟ੍ਰੇਸ਼ਨ ਨਾ ਹੋਣ ਦੀ ਸੂਰਤ ਵਿੱਚ ਕਿਸ਼ਤਾਂ 'ਤੇ ਰੋਕ ਲੱਗ ਸਕਦੀ ਹੈ। ਹਰੇਕ ਕਿਸਾਨ ਨੂੰ ਇੱਕ ਵਿਲੱਖਣ ਪਛਾਣ ਨੰਬਰ ਮਿਲੇਗਾ, ਜੋ ਖੇਤੀਬਾੜੀ ਵਿਭਾਗ ਦੀਆਂ ਸਾਰੀਆਂ ਸਹੂਲਤਾਂ ਲਈ ਇੱਕੋ-ਇੱਕ ਆਧਾਰ ਹੋਵੇਗਾ। ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਬਿਨਾਂ ਕਿਸੇ ਦੇਰੀ ਦੇ ਆਪਣੇ ਨਜ਼ਦੀਕੀ ਕਾਮਨ ਸਰਵਿਸ ਸੈਂਟਰ (CSC) ਵਿਖੇ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾਉਣ। ਰਜਿਸਟ੍ਰੇਸ਼ਨ ਲਈ ਆਧਾਰ ਕਾਰਡ, ਖੇਤ ਦੀ ਜਮ੍ਹਾਬੰਦੀ, ਆਧਾਰ ਨਾਲ ਲਿੰਕ ਮੋਬਾਈਲ ਫੋਨ ਦਸਤਾਵੇਜ਼ ਜ਼ਰੂਰੀ ਹਨ: ਜ਼ਿਲ੍ਹੇ ਦੇ ਕਿਸਾਨ ਕਿਸੇ ਵੀ ਤਕਨੀਕੀ ਮੁਸ਼ਕਿਲ ਜਾਂ ਜਾਣਕਾਰੀ ਲਈ ਆਪਣੇ ਬਲਾਕ ਦੇ ਖੇਤੀਬਾੜੀ ਵਿਕਾਸ ਅਫ਼ਸਰਾਂ (ਏ ਡੀ ਓ) ਨਾਲ ਸੰਪਰਕ ਕਰ ਸਕਦੇ ਹਨ। ਬਲਾਕ ਬਰਨਾਲਾ ਵਿੱਚ ਜਸਵਿੰਦਰ ਸਿੰਘ (ਏ.ਡੀ.ਓ) - 81467-18818, ਬਲਾਕ ਸ਼ਹਿਣਾ ਵਿੱਚ ਦਿਲਪ੍ਰੀਤ ਸਿੰਘ (ਏ.ਡੀ.ਓ) - 83607-44705, ਬਲਾਕ ਮਹਿਲ ਕਲਾਂ ਵਿੱਚ ਮਨਪ੍ਰੀਤ ਸਿੰਘ (ਏ.ਡੀ.ਓ) - 84379-07084 ਨਾਲ ਸੰਪਰਕ ਕੀਤਾ ਜਾਵੇ। ਮੁੱਖ ਖੇਤੀਬਾੜੀ ਅਫ਼ਸਰ ਨੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਡਿਜੀਟਲ ਮੁਹਿੰਮ ਦਾ ਹਿੱਸਾ ਬਣ ਕੇ ਸਰਕਾਰੀ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਮੀਰੀ ਪੀਰੀ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਲਗਾਇਆ ਹਾਈਕਿੰਗ ਐਂਡ ਟਰੈਕਿੰਗ ਕੈਂਪ



ਭਦੌੜ, 18 ਮਾਰਚ (ਸੁਖਵਿੰਦਰ ਪਲਾਹਾ) : ਯੁਵਕ ਸੇਵਾਵਾਂ ਵਿਭਾਗ, ਚੰਡੀਗੜ੍ਹ, ਪੰਜਾਬ ਵੱਲੋਂ ਲੜਕੇ ਅਤੇ ਲੜਕੀਆਂ ਦੇ ਹਾਈਕਿੰਗ ਐਂਡ ਟਰੈਕਿੰਗ ਕੈਂਪ ਲਗਾਏ ਗਏ। ਲੜਕਿਆਂ ਦਾ ਕੈਂਪ ਮਿਤੀ 5 ਤੋਂ 9 ਮਾਰਚ 2026 ਤੱਕ ਪੱਲਨਪੁਰ, ਮੋਹਾਲੀ ਵਿਖੇ ਅਤੇ ਲੜਕੀਆਂ ਦਾ ਕੈਂਪ ਹਰੀਕੇ ਪੱਤਣ ਵਿਖੇ ਮਿਤੀ 8 ਤੋਂ 12 ਮਾਰਚ 2026 ਤੱਕ ਲਗਾਇਆ ਗਿਆ। ਇਹਨਾਂ ਕੈਂਪਾਂ ਵਿੱਚ 12 ਲੜਕਿਆਂ ਅਤੇ 10 ਲੜਕੀਆਂ ਨੇ ਹਿੱਸਾ ਲਿਆ। ਪ੍ਰਿੰਸੀਪਲ ਸ. ਮਲਵਿੰਦਰ ਸਿੰਘ ਅਤੇ ਯੁਵਕ ਸੇਵਾਵਾਂ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਸ਼੍ਰੀ ਅਰੁਣ ਕੁਮਾਰ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਨੂੰ ਕੈਂਪ 'ਤੇ ਭੇਜਿਆ ਜਿੱਥੇ ਕਿ ਇਹਨਾਂ ਨੇ ਟਰੈਕਿੰਗ ਅਤੇ ਹੋਰ ਗਤੀਵਿਧੀਆਂ ਵਿੱਚ ਭਾਗ ਲਿਆ। ਕੈਂਪ ਵਿੱਚ ਜਿਥੇ ਲੜਕਿਆਂ ਨੂੰ ਸਿਸਵਾਂ ਡੈਮ, ਮਿਰਜ਼ਾਪੁਰ ਅਤੇ ਬੈਂਬੂ ਟਰੇਲ ਦੀ ਟਰੈਕਿੰਗ ਕਰਵਾਈ ਗਈ ਅਤੇ ਹੋਰ ਖੇਡਾਂ ਵੀ ਕਰਵਾਈਆਂ ਗਈਆਂ ਜਿਨਾਂ ਵਿੱਚ ਵੈਲੀ ਕਰੋਸਿੰਗ, ਵਾੱਲ ਕਲਾਇਬਿੰਗ ਅਤੇ ਹੋਰ ਜੋਖਮ ਭਰੀਆਂ ਗਤੀਵਿਧੀਆਂ ਸ਼ਾਮਿਲ ਓਥੇ ਹੀ ਲੜਕੀਆਂ ਨੂੰ ਵਿਆਖਿਆ ਕੇਂਦਰ, ਸਤਲੁਜ ਬਿਆਸ ਦਾ ਮਿਲਨ, ਅਤੇ ਬਰਡ ਸੈਂਕਚੁਰੀ ਦਾ ਦੌਰਾ ਕਰਵਾਇਆ ਗਿਆ। ਇਹਨਾਂ ਦੀ ਵਾਪਸੀ ਤੇ ਰੈਡ ਰਿਬਨ ਕਲੱਬ ਦੇ ਪ੍ਰੋਗਰਾਮ ਅਫਸਰ ਡਾ. ਵੰਦਨਾ ਸੁਖੀਜਾ ਅਤੇ ਮੈਡਮ ਭਿੰਦਰਜੀਤ ਕੌਰ ਨੇ ਇਹਨਾਂ ਦਾ ਸਵਾਗਤ ਕੀਤਾ ਅਤੇ ਸਫਲਤਾ ਪੂਰਵਕ ਕੈਂਪ ਲਗਾਉਣ ਲਈ ਵਧਾਈ ਦਿੱਤੀ। ਇਸ ਮੌਕੇ ਪ੍ਰਿੰਸੀਪਲ ਮਲਵਿੰਦਰ ਸਿੰਘ ਨੇ ਦੱਸਿਆ ਕਿ ਇਹੋ ਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਤੀ ਜਰੂਰੀ ਹਨ। ਡਾ. ਵੰਦਨਾ ਸੁਖੀਜਾ ਨੇ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਇੰਨ੍ਹਾਂ ਕੈਂਪਾਂ ਤੇ ਬੇਝਿਜਕ ਹੋ ਕੇ ਭੇਜਣਾ ਚਾਹੀਦਾ ਹੈ ਤਾਂ ਕਿ ਇਹ ਵਿਦਿਆਰਥੀ ਆਉਣ ਵਾਲੇ ਸਮੇਂ ਦੇ ਹਾਣੀ ਬਣ ਸਕਣ। ਇਹੋ ਜਿਹੇ ਕੈਂਪਾਂ 'ਚ ਹੀ ਵਿਦਿਆਰਥੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਸਿੱਖਦੇ ਹਨ ਅਤੇ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੇ ਮਸਲਿਆਂ ਨੂੰ ਆਸਾਨੀ ਨਾਲ ਹੱਲ ਕਰ ਸਕਦੇ ਹਨ।

# ਰਾਤ ਦੇ ਹਨੇਰੇ ਵਿੱਚ ਪੁੱਟੀ ਸੜਕ ਦੇ ਰਹੀ ਹੈ ਹਾਦਸਿਆਂ ਨੂੰ ਸੱਦਾ



ਭਦੌੜ, 18 ਮਾਰਚ( ਸੁਖਵਿੰਦਰ ਪਲਾਹਾ) : ਕਸਬਾ ਭਦੌੜ ਦੇ ਤਿੰਨ ਕੋਣੀ ਭਦੌੜ ਤੋਂ ਲੈ ਕੇ ਤਹਿਸੀਲ ਚੌਕ ਤੱਕ ਬਣੀ ਹੋਈ ਸੜਕ ਨੂੰ ਵਾਰ-ਵਾਰ ਆਪਣੇ ਨਿੱਜੀ ਮੁਫਾਦਾਂ ਲਈ ਲੋਕ ਬਿਨਾਂ ਮਨਜ਼ੂਰੀ ਤੋਂ ਲਗਾਤਾਰ ਪੁੱਟ ਰਹੇ ਹਨ, ਜਿਸ ਕਾਰਨ ਸੜਕ ਦੇ ਉੱਪਰ ਵੱਡੇ ਵੱਡੇ ਖੱਡੇ ਬਣ ਚੁੱਕੇ ਹਨ ,ਇਹ ਖੱਡੇ ਆਮ ਤੌਰ ਤੇ ਹਾਦਸਿਆਂ ਦਾ ਕਾਰਨ ਬਣਦੇ ਹਨ, ਪਰ ਪ੍ਰਸ਼ਾਸਨ ਵੱਲੋਂ ਸਭ ਕੁਝ ਅੱਖਾਂ ਮੀਚ ਕੇ ਤਮਾਸ਼ਾ ਵੇਖਣ ਵਾਲਾ ਕੰਮ ਕੀਤਾ ਜਾ ਰਿਹਾ ਹੈ । ਇੱਥੇ ਇਹ ਵੀ ਦੱਸਣਯੋਗ ਬਣਦਾ ਹੈ ਕਿ ਇਹ ਜੋ ਸੜਕਾਂ ਪੁੱਟੀਆਂ ਜਾਂਦੀਆਂ ਹਨ ਇਹ ਸਭ ਨਗਰ ਕੌਂਸਲ ਭਦੌੜ ਦੀ ਮਿਲੀ ਭੁਗਤ ਨਾਲ ਹੋ ਰਿਹਾ ਹੈ, ਕਿਉਂਕਿ ਸੜਕ ਪੁੱਟਣ ਦੇ ਤਰੀਕੇ ਵੀ ਨਗਰ ਕੌਂਸਲ ਵੱਲੋਂ ਦੱਸੇ ਜਾਂਦੇ ਹਨ, ਜਿਸ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ ਜਿੰਨੇ ਵਾਰ ਵੀ ਲੋਕਾਂ ਵੱਲੋਂ ਸੜਕ ਪੁੱਟੀ ਜਾਂਦੀ ਹੈ ਉਸ ਦਿਨ ਐਤਵਾਰ ਨੂੰ ਹੀ ਪੁੱਟੀ ਜਾਂਦੀ ਹੈ, ਕਿਉਂਕਿ ਐਤਵਾਰ ਨੂੰ ਸਾਰੇ ਸਰਕਾਰੀ ਦਫਤਰ ਬੰਦ ਹੁੰਦੇ ਹਨ ਅਤੇ ਸਰਕਾਰੀ ਅਧਿਕਾਰੀ ਵੀ ਛੁੱਟੀ 'ਤੇ ਚਲੇ ਜਾਂਦੇ ਹਨ ਤਾਂ ਕਿ ਕੋਈ ਵੀ ਭਦੌੜ ਨਿਵਾਸੀ ਸ਼ਿਕਾਇਤ ਜਾਂ ਚਲਦੇ ਕੰਮ ਵਿੱਚ ਵਿਘਨ ਨਾ ਪਾ ਸਕੇ। ਬੀਤੇ ਦਿਨੇ ਥਾਣਾ ਭਦੌੜ ਦੇ ਬਿਲਕੁਲ ਨਜ਼ਦੀਕ ਐਤਵਾਰ ਵਾਲੀ ਰਾਤ ਨੂੰ ਪਾਈਪ ਪਾਉਣ ਵਾਸਤੇ ਇੱਕ ਨਿੱਜੀ ਮਾਲਕ ਵੱਲੋਂ ਜੇ ਸੀ ਬੀ ਮਸ਼ੀਨ ਦੀ ਮੱਦਦ ਨਾਲ ਸੜਕ ਨੂੰ ਪੁੱਟਿਆ ਗਿਆ ਅਤੇ ਟਰੈਫਿਕ ਵਿੱਚ ਲਗਾਤਾਰ ਚਾਰ ਦਿਨ ਵਿਘਨ ਪਾਇਆ ਗਿਆ, ਪਰ ਹਰ ਕੋਈ ਲੰਘਣ ਵਾਲਾ ਵਿਅਕਤੀ ਉਸ ਜਗ੍ਹਾ ਤੋਂ ਤੰਗ ਪਰੇਸ਼ਾਨ ਤਾਂ ਜ਼ਰੂਰ ਹੁੰਦਾ ਰਿਹਾ ਪਰ ਕਿਸੇ ਨੇ ਪੁੱਟੀ ਜਾ ਰਹੀ ਨਜਾਇਜ਼ ਸੜਕ ਵਿਰੁੱਧ ਆਪਣੀ ਆਵਾਜ਼ ਚੁੱਕਣੀ ਮੁਨਾਸਿਬ ਨਹੀਂ ਸਮਝੀ ,ਕਿਉਂਕਿ ਜਿਸ ਆਦਮੀ ਵੱਲੋਂ ਸੜਕ ਪੁੱਟਣ ਦਾ ਕੰਮ ਕਰਵਾਇਆ ਜਾ ਰਿਹਾ ਸੀ ਉਹ ਇੱਕ ਧਨਾਢ ਅਤੇ ਪੈਸੇ ਵਾਲਾ ਵਿਅਕਤੀ ਹੋਣ ਕਾਰਨ ਕੋਈ ਵੀ ਖੁੱਲ ਕੇ ਨਹੀਂ ਬੋਲਿਆ। ਪ੍ਰਧਾਨ ਦਾ ਕੀ ਕਹਿਣਾ: ਜਦ ਇਸ ਇਹ ਮਸਲਾ ਨਗਰ ਕੌਂਸਲ ਦੇ ਪ੍ਰਧਾਨ ਮਨੀਸ਼ ਕੁਮਾਰ ਗਰਗ ਦੇ ਧਿਆਨ ਵਿੱਚ ਲਿਆਂਦਾ ਤਾਂ ਉਹਨਾਂ ਨੇ ਕਿਹਾ ਕਿ ਮੈਨੂੰ ਸੜਕ ਪੁੱਟਣ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਸਾਡੇ ਵੱਲੋਂ ਕੋਈ ਮਨਜ਼ੂਰੀ ਦਿੱਤੀ ਗਈ ਹੈ । ਕੀ ਉੱਤਰ ਸੀ ਈ ਓ ਸਾਹਿਬ ਦਾ : ਇਸ ਸਬੰਧੀ ਨਗਰ ਕੌਂਸਲ ਭਦੌੜ ਦੇ ਕਾਰਜ ਸਾਧਕ ਅਫਸਰ ਹਰਪ੍ਰੀਤ ਸਿੰਘ ਨਾਲ ਫੋਨ ਤੇ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਮੈਂ ਇਸ ਸਬੰਧੀ ਪੂਰੀ ਜਾਣਕਾਰੀ ਲਈ ਹੈ ਅਤੇ ਨਗਰ ਕੌਂਸਲ ਦੇ ਪ੍ਰਧਾਨ ਮਨੀਸ਼ ਕੁਮਾਰ ਗਰਗ ਨੇ ਕਿਹਾ ਹੈ ਕਿ ਸੜਕ ਪੁੱਟ ਕੇ ਪਾਇਪ ਪਾਉਣ ਨਾਲ ਆਮ ਲੋਕਾਂ ਨੂੰ ਫਾਇਦਾ ਹੋਵੇਗਾ ,ਪਰ ਜਦੋਂ ਈ ਓ ਸਾਹਿਬ ਨੂੰ ਇਹ ਗੱਲ ਪੁੱਛੀ ਕਿ ਜੇ ਕਰ ਲੋਕਾਂ ਨੂੰ ਇਹ ਪਾਇਪ ਪਾਉਣ ਨਾਲ ਫਾਇਦਾ ਹੁੰਦਾ ਹੈ ਤਾਂ ਫਿਰ ਨਗਰ ਕੌਂਸਲ ਭਦੌੜ ਵੱਲੋਂ ਇਹ ਪਾਇਪ ਕਿਉਂ ਨਹੀਂ ਪਾਈ ਗਈ ਇਹ ਇੱਕ ਨਿੱਜੀ ਮਾਲਕ ਵੱਲੋਂ ਪਾਈਪ ਕਿਉਂ ਪਾਈ ਗਈ ਹੈ ਤਾਂ ਇਸ ਸਬੰਧੀ ਨਗਰ ਕੌਂਸਲ ਦੇ ਈ ਓ ਹਰਪ੍ਰੀਤ ਸਿੰਘ ਕੋਈ ਤਸੱਲੀ ਬਖਸ਼ ਜਵਾਬ ਨਹੀਂ ਦੇ ਸਕੇ। ਇੱਥੇ ਇਹ ਵੀ ਦੱਸਣ ਯੋਗ ਬਣਦਾ ਹੈ ਕਿ ਪਹਿਲਾਂ ਵੀ ਇਹ ਸੜਕ ਨਿੱਜੀ ਮਾਲਕਾਂ ਵੱਲੋਂ ਪੁੱਟੀ ਗਈ ਹੈ ਅਤੇ ਉਹਨਾਂ ਵੱਲੋਂ ਕੋਈ ਵੀ ਮਨਜ਼ੂਰੀ ਨਹੀਂ ਲਈ ਗਈ ਅਤੇ ਨਾ ਹੀ ਨਗਰ ਕੌਂਸਲ ਭਦੌੜ ਵੱਲੋਂ ਉਹਨਾਂ ਖਿਲਾਫ ਅੱਜ ਤੱਕ ਕਿਸੇ ਵੀ ਮਾਲਕ ਖਿਲਾਫ ਕੋਈ ਕਾਨੂੰਨੀ ਜਾਂ ਬਣਦੀ ਕਾਰਵਾਈ ਕੀਤੀ ਗਈ ਹੈ, ਜਿਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਨਗਰ ਕੌਂਸਲ ਭਦੌੜ ਦੀ ਮਿਲੀ ਭੁਗਤ ਤੋਂ ਬਿਨਾਂ ਇਹ ਸੜਕ ਕਦੇ ਵੀ ਨਹੀਂ ਪੁੱਟੀ ਜਾਂਦੀ ,ਕਿਉਂਕਿ ਸੜਕ ਪੁੱਟਣ ਵਾਲੇ ਮਾਲਕ ਲੈਣ ਦੇਣ ਕਰਕੇ ਸੜਕਾਂ ਨੂੰ ਬੇਖੌਫ ਪਟਵਾ ਰਹੇ ਹਨ ਅਤੇ ਭਦੌੜ ਦੇ ਲੋਕ ਇਹ ਤਮਾਸ਼ਾ ਵੇਖ ਕੇ ਅੱਗੇ ਚਲਦੇ ਬਣਦੇ ਹਨ। ਇਸ ਤੋਂ ਪਹਿਲਾਂ ਵੀ ਨਗਰ ਕੌਂਸਲ ਭਦੌੜ ਵਿੱਚ ਇਹ ਬੇਖੌਫ ਪੁੱਟੀਆਂ ਗਈਆਂ ਸੜਕਾਂ ਅਤੇ ਸਰਕਾਰੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਸੰਬੰਧੀ ਕਈ ਵਾਰ ਸ਼ਿਕਾਇਤਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਅੱਜ ਤੱਕ ਕਿਸੇ ਵੀ ਸਰਕਾਰੀ ਪ੍ਰਾਪਰਟੀ ਦਾ ਨੁਕਸਾਨ ਕਰਨ ਵਾਲੇ ਨੂੰ ਕੋਈ ਵੀ ਹਰਜਾਨਾ ਜਾਂ ਉਸ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ।

